# ਬਾਰਹਮਾਹਾ
# ਮੰਘਿਰਿ

ਡਾ. ਜਗਜੀਤ ਸਿੰਘ

ਗੁਰੂ ਅਰਜਨ ਦੇਵ ਜੀ ਦੇ ਰਾਗ ਮਾਝ ਵਿਚ ਉਚਾਰਨ ਕੀਤੇ ਬਾਰਹਮਾਹਾ ਅਤੇ ਗੁਰੂ ਨਾਨਕ ਦੇਵ ਜੀ ਦੇ ਰਾਗ ਤੁਖਾਰੀ ਵਿਚ ਉਚਾਰਨ ਕੀਤੇ ਬਾਰਹਮਾਹਾ ਵਿਚੋਂ ਮੰਘਰਿ ਮਹੀਨੇ ਦਾ ਪਾਠ ਅਤੇ ਸਰਲ ਅਰਥ।

***ਬਾਰਹਮਾਹਾ ਮਾਂਝ ਮਹਲਾ ੫ ਘਰੁ ੪***
***(ਪੰਨਾ-135)***

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥***
***ਤਿਨ੍ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥***

ਮੱਘਰ ਦੇ ਠੰਡੇ ਮਿੱਠੇ ਮਹੀਨੇ ਵਿਚ ਉਹ ਜੀਵ ਰੂਪ ਇਸਤ੍ਰੀਆਂ ਸੋਹਣੀਆਂ ਲਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ, ਉਸ ਦੀ ਸੰਗਤ ਮਾਣਦੀਆਂ ਹਨ। ਪਰ ਇਹ ਮਿਲਾਪ ਉਸ ਪ੍ਰਮਾਤਮਾ ਦੀ ਬਖਸ਼ਿਸ਼ ਹੈ। ਜਿਨ੍ਹਾਂ ਨੂੰ ਮਾਲਕ-ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੈ, ਉਨ੍ਹਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ। ਪਤੀ-ਪ੍ਰਮੇਸ਼ੂਰ ਦਾ ਮਿਲਾਪ ਹੀ ਜਗਿਆਸੂ ਦੀ ਲੋਚਾ ਅਤੇ ਜੀਵਨ-ਆਦਰਸ਼ ਹੈ।

***ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥***
***ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥***

ਜਿਨ੍ਹਾਂ ਭਾਗਵਾਨ ਜੀਵ-ਇਸਤ੍ਰੀਆਂ ਨੂੰ ਸਤਿਸੰਗੀ ਸਹੇਲੀਆਂ ਦੀ ਸੰਗਤ ਵਿਚ ਰਹਿੰਦਿਆਂ ਪ੍ਰਭੂ ਮਿਲਾਪ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦਾ ਤਨ ਮਨ ਸਦਾ ਖਿੜਿਆ ਰਹਿੰਦਾ ਹੈ। ਉਹ ਵਿਸਮਾਦ ਅਤੇ ਅਨੰਦ ਵਿਚ ਵਿਚਰਦੀਆਂ ਹਨ ਪਰ ਜਿਹੜੀਆਂ ਜੀਵ ਇਸਤ੍ਰੀਆਂ ਪ੍ਰਭੂ ਪਿਆਰ ਵਾਲੇ ਸਤਿਸੰਗ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਉਹ ਤਾਂ ਇਕੱਲੀ (ਛੁਟੜ) ਇਸਤ੍ਰੀ ਵਾਂਗ ਦੁਖੀ ਜੀਵਨ ਬਤੀਤ ਕਰਦੀਆਂ ਹਨ।

***ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥***

ਉਨ੍ਹਾਂ ਦੀ ਦੁਖ-ਭਰੀ ਕਹਾਣੀ ਬਹੁਤ ਲੰਮੀ ਹੁੰਦੀ ਹੈ, ਉਨ੍ਹਾਂ ਦੇ ਦੁਖਾਂ ਦਾ ਕਦੇ ਅੰਤ ਨਹੀਂ ਹੁੰਦਾ, ਉਨ੍ਹਾਂ ਦਾ ਕੁਲ ਜੀਵਨ ਵਿਕਾਰਾਂ ਦੇ ਦੁਖ ਭੋਗਦਾ ਹੈ ਅੰਤ ਜਮਾਂ ਦੇ ਵਸ ਪੈਂਦਾ ਹੈ।

***ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।।***
***ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥***

ਪਰ ਜਿਨ੍ਹਾਂ ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪ੍ਰਭੂ-ਪਤੀ ਦਾ ਸਾਥ ਮਾਣਿਆ ਹੈ, ਉਹ ਵਿਕਾਰਾਂ ਤੋਂ ਸਦਾ ਸੁਚੇਤ ਰਹਿੰਦੀਆਂ ਹਨ ਅਤੇ ਸਦਾ ਪ੍ਰਭੂ ਦੇ ਸਨਮੁਖ ਵਿਸਮਾਦ ਅਵਸਥਾ ਵਿਚ ਵਿਚਰਦੀਆਂ ਦ੍ਰਿਸ਼ਟਮਾਨ ਹੁੰਦੀਆਂ ਹਨ। ਉਹ ਪ੍ਰਮਾਤਮਾ ਦੀ ਸਿਫਤਿ-ਸਾਲਾਹ ਵਿਚ ਸਦਾ ਰੰਗੀਆਂ ਰਹਿੰਦੀਆਂ ਹਨ, ਮਾਨੋ ਉਨ੍ਹਾਂ ਨੇ ਪ੍ਰਮਾਤਮਾ ਦੇ ਗੁਣਨਵਾਦ ਦੇ ਹੀਰੇ, ਮੋਤੀਆਂ, ਜਵਾਹਰ, ਲਾਲਾਂ ਦੇ ਹਾਰ ਗਲ ਵਿਚ ਪਾਏ ਹੋਏ ਹਨ ਤੇ ਸ਼ੋਭਨੀਕ ਹੋ ਕੇ ਸੰਸਾਰ ਵਿਚ ਵਿਚਰਦੀਆਂ ਹਨ।

***ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥***
***ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥***

ਗੁਰੂ ਮਹਾਰਾਜ ਐਸੀਆਂ ਪ੍ਰਭ ਦਰ ਤੇ ਪ੍ਰਭ-ਰੰਗ-ਰਤੀਆਂ, ਪ੍ਰਭ ਮਿਲਾਪ ਵਿਚ ਵਿਸਮਾਦ ਮਾਣਦੀਆਂ ਜੀਵ ਇਸਤ੍ਰੀਆਂ ਦੇ ਚਰਨਾਂ ਦੀ ਧੂੜੀ ਮੰਗਦੇ ਹਨ। ਮੱਘਰ ਮਹੀਨੇ ਵਿਚ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਜੋ ਜੀਵ ਪ੍ਰਭੂ ਦੀ ਸ਼ਰਨ ਵਿਚ ਰਹਿੰਦੇ ਹਨ, ਉਸ ਦਾ ਸਿਮਰਨ ਕਰਦੇ ਹਨ, ਉਹ ਮੁੜ ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦੇ।

**ਤੁਖਾਰੀ ਛੰਤ ਮਹਲਾ ੧ (ਪੰਨਾ 1109)**

***ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥***
***ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥***

ਮੱਘਰ ਦਾ ਮਹੀਨਾ ਉਨ੍ਹਾਂ ਜੀਵ ਇਸਤ੍ਰੀਆਂ ਲਈ ਕਿੰਨਾ, ਭਲਾ, ਚੰਗਾ ਸੁਹਾਵਣਾ ਤੇ ਸੁਭਾਇਮਾਨ ਹੈ ਜੋ ਹਰਿ-ਗੁਣ ਗਾਇਨ ਕਰਕੇ, ਪ੍ਰਭੂ-ਸਿਮਰਨ ਕਰਕੇ ਪ੍ਰਭੂ ਨੂੰ ਹਿਰਦੇ ਵਿਚ ਵਸਾ ਲੈਂਦੀਆਂ ਹਨ। ਗੁਣਵਾਨ ਜੀਵ-ਇਸਤ੍ਰੀ ਨੂੰ ਸਦਾ ਥਿਰ ਰਹਿਣ ਵਾਲਾ ਪ੍ਰਭੂ-ਪਤੀ ਪਿਆਰਾ ਲਗਦਾ, ਉਹ ਸਦਾ ਪ੍ਰਭੂ ਦੇ ਗੁਣ ਗਾਇਨ ਵਿਚ ਮਸਤ ਰਹਿੰਦੀ ਹੈ।

***ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥***
***ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ॥***

ਹੋਰ ਸਾਰਾ ਜਗਤ ਨਾਸ਼ਵੰਤ ਹੈ, ਮਰਣਸ਼ੀਲ ਹੈ, ਕੇਵਲ ਇਕ ਪ੍ਰਭੂ-ਪ੍ਰਮੇਸ਼ਰ ਹੀ ਨਿਹਚਲ ਹੈ, ਸਥਿਰ ਹੈ, ਚਤੁਰ ਹੈ, ਸਿਆਣਾ ਹੈ, ਸਿਰਜਣਹਾਰ (ਬਿਧਾਤਾ) ਹੈ। ਪ੍ਰਭੂ-ਪਿਆਰ ਵਾਲੀ ਇਸਤ੍ਰੀ ਨੂੰ ਪ੍ਰਭੂ ਦਾ ਸਹੀ ਗਿਆਨ, ਪੂਰੀ ਪਛਾਣ ਪ੍ਰਾਪਤ ਹੁੰਦੀ ਹੈ ਅਤੇ ਉਸ ਦੇ ਚਰਨਾਂ ਵਿਚ ਸੁਰਤਿ ਦਾ ਪੂਰਨ ਟਿਕਾਉ ਨਸੀਬ ਹੁੰਦਾ ਹੈ ਅਤੇ ਪ੍ਰਭੂ ਦੀ ਸਿਫਤਿ-ਸਾਲਾਹ ਦਾ ਗੁਣ ਗਾਇਨ ਉਸ ਦੇ ਹਿਰਦੇ ਵਿਚ ਆ ਵਸਦਾ ਹੈ ਅਤੇ ਪ੍ਰਭੂ ਦੀ ਰਜ਼ਾ ਅਨੁਸਾਰ ਇਹ ਸਭ ਕੁਝ ਉਸ ਜੀਵ ਇਸਤ੍ਰੀ ਨੂੰ ਚੰਗਾ ਲਗਣ ਲਗ ਪੈਂਦਾ ਹੈ।

***ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥***
***ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥***

ਪ੍ਰਭੂ ਦੀ ਸਿਫਤਿ-ਸਾਲਾਹ ਦੇ ਗੀਤ, ਬਾਣੀ, ਕਾਵਿ ਆਦਿ ਸੁਣ ਸੁਣਾ ਕੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਉਸ ਦਾ ਸਾਰਾ ਦੁਖ ਦਰਦ ਦੂਰ ਹੋ ਜਾਂਦਾ ਹੈ।

ਗੁਰੂ ਜੀ ਫੁਰਮਾਂਦੇ ਹਨ ਕਿ ਐਸੀ ਜੀਵ ਇਸਤ੍ਰੀ ਪ੍ਰਭੂ-ਪਤੀ ਨੂੰ ਪਿਆਰੀ ਲਗਣ ਲਗ ਪੈਂਦੀ ਹੈ ਅਤੇ ਉਹ ਆਪਣਾ ਦਿਲੀ ਪਿਆਰ ਪ੍ਰਭੂ ਦੇ ਅੱਗੇ ਭੇਟ ਕਰ ਦਿੰਦੀ ਹੈ। ਪੂਰਨ ਸਮਰਪਨ ਹੀ ਪ੍ਰਭੂ ਪਿਆਰ ਅਤੇ ਪ੍ਰਭੂ ਮਿਲਾਪ ਵਿਚ ਸਹਾਈ ਸਿੱਧ ਹੁੰਦਾ ਹੈ।

# ਸੰਪਾਦਕੀ

***ਡਾ. ਜਗਜੀਤ ਸਿੰਘ***

'ਆਤਮ ਮਾਰਗ' ਦੇ ਪਾਂਧੀ ਅਤੇ ਦੇਸ ਪ੍ਰਦੇਸ਼ ਦੇ ਹਜ਼ਾਰਾਂ ਪ੍ਰੇਮੀ ਇਸ ਸਮੇਂ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੇ ਪਿਆਰ ਤੇ ਸਤਿਕਾਰ ਵਿਚ ਉਨ੍ਹਾਂ ਦੀ ਪਵਿੱਤਰ ਯਾਦ ਮਨਾ ਰਹੇ ਹਨ। ਪਰਉਪਕਾਰੀ ਮਹਾਂਪੁਰਸ਼ ਜਨਮ ਮਰਣ ਤੋਂ ਰਹਿਤ ਹੁੰਦੇ ਹਨ, ਉਹ ਆਪ ਪ੍ਰਭੂ ਸਿਮਰਨ ਵਿਚ ਵਿਸਮਾਦੀ ਰੰਗ ਮਾਣਦੇ ਹਨ ਅਤੇ ਦੂਜਿਆਂ ਨੂੰ ਪ੍ਰਭੂ ਚਰਨਾਂ ਨਾਲ ਜੋੜਨਾ ਉਨ੍ਹਾਂ ਦਾ ਜੀਵਨ ਕਰਤਵ ਹੁੰਦਾ ਹੈ –

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*
*ਪੰਨਾ – 749*

ਐਸੇ ਮਹਾਂਪੁਰਸ਼ ਤਾਂ ਜੀਵਨ-ਮੁਕਤਿ ਹੁੰਦੇ ਹਨ ਕਿਉਂਕਿ ਉਹ 'ਹਉਂ' ਵਿਚ ਨਹੀਂ ਵਿਚਰਦੇ, ਸਗੋਂ ਸਦਾ ਪ੍ਰਭੂ ਦੀ ਰਜ਼ਾ ਵਿਚ ਵਿਲੀਨ ਰਹਿੰਦੇ ਹਨ। ਉਨ੍ਹਾਂ ਨੂੰ ਖੁਸ਼ੀ ਅਤੇ ਗਮੀ ਇਕ ਸਮਾਨ ਲਗਦੀ ਹੈ, ਉਹ ਸਦਾ ਅਨੰਦ ਵਿਚ ਵਿਚਰਦੇ ਹਨ, ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਸਦਾ ਪ੍ਰਭੂ-ਚਰਨ ਵਸਦੇ ਹਨ ਜਿਸ ਤੋਂ ਵਿਛੋੜਾ ਨਹੀਂ ਹੁੰਦਾ। ਉਨ੍ਹਾਂ ਲਈ ਸੋਨਾ ਤੇ ਮਿਟੀ ਬਰਾਬਰ ਹੁੰਦਾ ਹੈ, ਅੰਮ੍ਰਿਤ ਅਤੇ ਕਉੜੀ ਵਿਹੁ ਭੀ ਉਨ੍ਹਾਂ ਲਈ ਇਕ ਜੈਸੀ ਹੁੰਦੀ ਹੈ। ਕਿਸੇ ਵਲੋਂ ਆਦਰ ਦਾ ਵਰਤਾਉ ਹੋਵੇ ਜਾਂ ਅਹੰਕਾਰ ਦਾ, ਉਨ੍ਹਾਂ ਲਈ ਇਕ ਸਮਾਨ ਹੁੰਦਾ ਹੈ, ਕੰਗਾਲ ਅਤੇ ਪਾਤਸ਼ਾਹ ਉਨ੍ਹਾਂ ਦੀ ਨਜ਼ਰ ਵਿਚ ਬਰਾਬਰ ਹੁੰਦੇ ਹਨ, ਐਸੀ ਸਮਦ੍ਰਿਸ਼ਟੀ ਮਹਾਂਪੁਰਸ਼ਾਂ ਨੂੰ ਪ੍ਰਾਪਤ ਹੁੰਦੀ ਹੈ। ਗੁਰ ਫੁਰਮਾਨ ਹੈ –

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥ ਪੰਨਾ – 275*

ਗੁਰੂ ਮਹਾਰਾਜ ਗੁਰੂ ਅਰਜਨ ਦੇਵ ਜੀ ਗੁਰ-ਸਿਖਾਂ ਗੁਰਮੁਖਾਂ ਸੰਤ-ਜਨਾਂ ਨੂੰ ਸੰਬੋਧਨ ਕਰਕੇ ਉਪਦੇਸ਼ ਕਰਦੇ ਹਨ ਕਿ –

ਹੇ ਸੰਤ ਮਿਤ੍ਰ! ਧਿਆਨ ਨਾਲ ਚਿਤ ਨੂੰ ਨਿਸ਼ਾਨੇ ਤੇ ਟਿਕਾ ਕੇ ਅਕਾਲਪੁਰਖ ਦੀ ਸਿਫਤਿ ਸਾਲਾਹ ਕਰੋ ਜਿਸ ਨਾਲ ਮਨ ਦੀ ਅਡੋਲ ਅਵਸਥਾ ਪ੍ਰਾਪਤ ਹੁੰਦੀ ਹੈ। ਨਾਮ ਸੁਖਾਂ ਦੀ ਮਣੀ ਹੈ, ਗੁਣਾਂ ਦਾ ਖਜ਼ਾਨਾ ਹੈ ਜਿਸ ਨਾਲ ਸਭ ਇਛਾਵਾਂ ਪੂਰਨ ਹੋ ਜਾਂਦੀਆਂ ਹਨ, ਜਗਤ ਵਿਚ ਪ੍ਰਸਿਧੀ ਪ੍ਰਾਪਤ ਹੁੰਦੀ ਹੈ, ਉਚੇ ਤੋਂ ਉਚਾ ਟਿਕਾਣਾ ਮਿਲ ਜਾਂਦਾ ਹੈ ਅਤੇ ਜਨਮ ਮਰਨ ਦਾ ਗੇੜ ਖਤਮ ਹੋ ਜਾਂਦਾ ਹੈ। ਜਿਸ ਮਨੁੱਖ ਨੂੰ ਧੁਰੋਂ ਇਹ ਦਾਤ ਮਿਲਦੀ ਹੈ, ਉਹ ਮਨੁਖ ਪ੍ਰਭੂ ਦਾ ਨਾਮ ਰੂਪ ਧਨ ਖੱਟ ਕੇ ਇਸ ਜਗਤ ਤੋਂ ਜਾਂਦਾ ਹੈ। ਗੁਰ ਫੁਰਮਾਨ ਹੈ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥*
*ਸੁਖਮਨੀ ਸਹਜ ਗੋਬਿੰਦ ਗੁਨ ਨਾਮ॥*
*ਜਿਸੁ ਮਨਿ ਬਸੈ ਸੁ ਹੋਤ ਨਿਧਾਨ॥*
*ਸਰਬ ਇਛਾ ਤਾ ਕੀ ਪੂਰਨ ਹੋਇ॥*
*ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ॥*
*ਸਭ ਤੇ ਊਚ ਪਾਏ ਅਸਥਾਨੁ॥*
*ਬਹੁਰਿ ਨ ਹੋਵੈ ਆਵਨ ਜਾਨੁ॥*
*ਹਰਿ ਧਨੁ ਖਾਟਿ ਚਲੈ ਜਨੁ ਸੋਇ॥*
*ਨਾਨਕ ਜਿਸਹਿ ਪਰਾਪਤਿ ਹੋਇ॥ ਪੰਨਾ – 295*

ਮਹਾਂਪੁਰਸ਼ਾਂ ਨੂੰ ਐਸੀ ਅਵਸਥਾ ਹੀ ਪ੍ਰਾਪਤ ਸੀ। ਅਸੀਂ ਜਿਨ੍ਹਾਂ ਨੇ ਉਨ੍ਹਾਂ ਦੀ ਸੰਗਤ ਮਾਣੀ ਹੈ, ਜੋ ਉਨ੍ਹਾਂ ਦੇ ਹਿਰਦੇ ਦੇ ਨਿਕਟ ਰਹੇ ਹਨ, ਸਾਡੇ ਲਈ ਸ੍ਵੈ-ਪੜਚੋਲ ਦਾ ਸਮਾਂ ਹੈ ਕਿ ਅਸੀਂ ਉਨ੍ਹਾਂ ਨੂੰ ਕਿੰਨਾ ਜਾਣਿਆ ਤੇ ਪਛਾਣਿਆ ਹੈ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਕਿੰਨਾ ਕਮਾਇਆ ਹੈ? 'ਮਹਾਂਪੁਰਸ਼ਾਂ ਦਾ ਸੰਗ' ਕੌਣ ਕਰਦਾ ਹੈ? ਇਸ ਬਾਰੇ ਸ. ਰਘਬੀਰ ਸਿੰਘ ਜੀ ਬੀਰ ਆਪਣੀ ਪੁਸਤਕ 'ਚੜ੍ਹਦੀ ਕਲਾ', ਵਿਚ ਲਿਖਦੇ ਹਨ – ਮਹਾਂਪੁਰਖਾਂ ਦਾ ਦਰਸ਼ਨ ਕਰਨਾ ਵੀ ਲਾਭ ਤੋਂ ਖਾਲੀ ਨਹੀਂ ਹੁੰਦਾ। ਉਨ੍ਹਾਂ ਦੇ ਪਾਸ ਰਹਿਣਾ ਤੇ ਸੇਵਾ ਕਰਨੀ ਇਸ ਤੋਂ ਵੀ ਚੰਗੀ ਤੇ ਲਾਭਦਾਇਕ ਗੱਲ ਹੈ। ਪਰ ਸਭ ਤੋਂ ਚੰਗੀ ਤੇ ਲਾਭਦਾਇਕ ਗੱਲ ਮਹਾਂਪੁਰਖਾਂ ਦੇ ਅਸਲ ਅਰਥਾਂ ਵਿਚ ਨਜ਼ਦੀਕ ਹੋਣਾ ਹੈ।

ਮਹਾਂਪੁਰਖਾਂ ਦੇ ਨਜ਼ਦੀਕ ਹੋਣ ਦਾ ਮਾਣ ਕਿਸੇ ਸੁਭਾਗੀ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ। ਮਹਾਂਪੁਰਖ ਦੇ ਆਲੇ-ਦੁਆਲੇ ਹਜ਼ਾਰਾਂ ਲੋਕ ਰਹਿੰਦੇ ਹੋਏ ਵੀ ਉਸ ਤੋਂ ਅਸਲ ਅਰਥਾਂ ਵਿਚ ਬਹੁਤ ਦੂਰ ਰਹਿ ਜਾਂਦੇ ਹਨ। ਮਹਾਂਪੁਰਖ ਦੀ ਦਿਨ ਰਾਤ ਦੀ ਸੇਵਾ ਕਰਨ ਵਿਚ ਜੀਵਨ ਬਤੀਤ ਕਰਨ ਵਾਲੇ ਵੀ ਜ਼ਰੂਰੀ ਨਹੀਂ ਕਿ ਮਹਾਂਪੁਰਖ ਦੇ ਨਿਕਟਵਰਤੀ ਕਹਾ ਸਕਣ।

ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਲੱਖਾਂ ਪੁਰਸ਼ਾਂ ਨੇ ਕੀਤੇ ਹੋਣਗੇ, ਆਪ ਦੀ ਸੇਵਾ ਵਿਚ ਵੀ ਹਜ਼ਾਰਾਂ ਆਦਮੀ ਰਹੇ ਹੋਣਗੇ, ਪਰ ਆਪ ਦਾ ਹਮ-ਰਾਜ਼ ਅਸਲ ਅਰਥਾਂ ਵਿਚ ਭਾਈ ਲਹਿਣਾ ਹੀ ਬਣ ਸਕਿਆ। ਇਸ ਦਾ ਕੀ ਸਬੱਬ ਸੀ? ਇਸ ਵਿਚ ਕੀ ਭੇਦ ਸੀ? ਕੀ ਮਹਾਂਪੁਰਖ ਕਿਸੇ

ਆਦਮੀ ਦਾ ਖਾਸ ਲਿਹਾਜ਼ ਕਰਦੇ ਹਨ? ਐਸਾ ਕਰਨ ਤਾਂ ਉਹ ਮਹਾਂਪੁਰਖ ਕਾਹਦੇ? ਉਨ੍ਹਾਂ ਦੀ ਨਜ਼ਰ ਵਿਚੋਂ ਤਾਂ ਦ੍ਵੈਤ ਉਕਾ ਹੀ ਦੂਰ ਹੋ ਚੁਕੀ ਹੁੰਦੀ ਹੈ।

ਮਹਾਂਪੁਰਖ ਕਿਸੇ ਕੋਲੋਂ ਕੁਝ ਵੀ ਲੁਕਾ ਕੇ ਨਹੀਂ ਰਖਦੇ, ਆਪਣਾ ਸਭ ਕੁਝ ਸੰਸਾਰ ਨੂੰ ਦੇਣ ਵਾਸਤੇ ਤਿਆਰ ਹੁੰਦੇ ਹਨ, ਪਰ ਜੋ ਅਜਰ ਦਾਤ (Divine Knowledge) ਉਹ ਇਨਸਾਨ ਨੂੰ ਦੇਣਾ ਚਾਹੁੰਦੇ ਹਨ, ਉਸ ਨੂੰ ਕਬੂਲਣ ਤੇ ਸੰਭਾਲਣ ਲਈ, ਉਸ ਨੂੰ ਸਾਂਭ ਕੇ ਵਰਤਣ ਲਈ ਇਨਸਾਨ ਨੂੰ ਖਾਸ ਤਿਆਰੀ ਕਰਨੀ ਪੈਂਦੀ ਹੈ, ਆਪਣੇ ਆਪ ਵਿਚ ਖਾਸ ਸਿਫ਼ਤਾਂ ਪੈਦਾ ਕਰਨੀਆਂ ਪੈਂਦੀਆਂ ਹਨ। ਆਪਣੇ ਦਿਲ ਦਿਮਾਗ ਨੂੰ, ਆਪਣੇ ਜੀਵਨ ਨੂੰ ਇਕ ਖਾਸ ਸੰਚੇ ਵਿਚ ਢਾਲਣਾ ਪੈਂਦਾ ਹੈ।

ਜਿਵੇਂ ਸ਼ਸਤਰ ਵਿਦਿਆ ਸਿਖਾਣ ਤੋਂ ਪਹਿਲੇ ਡਾਕਟਰ, ਸਿਪਾਹੀ ਦੀ ਜਿਸਮਾਨੀ ਹਾਲਤ ਪਾਸ ਕਰਦੇ ਹਨ, ਜਿਵੇਂ ਸਿਤਾਰਿਆਂ ਦਾ ਇਲਮ ਸਿਖਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਮੈਥੇਮੈਟਿਕਸ (ਇਲਮ ਹਿਸਾਬ) ਦਾ ਆਉਣਾ ਜ਼ਰੂਰੀ ਹੈ, ਏਸੇ ਤਰ੍ਹਾਂ ਆਤਮ ਗਿਆਨ ਸਿਖਾਣ ਤੋਂ ਪਹਿਲੇ ਸਿੱਖ ਨੂੰ ਆਪਣਾ ਜੀਵਨ ਇਕ ਖਾਸ ਤਰ੍ਹਾਂ ਦਾ ਬਨਾਣਾ ਜ਼ਰੂਰੀ ਹੈ।

ਆਤਮਕ ਗਿਆਨ ਕੁਲ ਇਲਮਾਂ ਤੋਂ ਉਚਾ ਤੇ ਮੁਸ਼ਕਿਲ ਹੈ। ਹਰ ਇਕ ਇਲਮ ਹਾਸਲ ਕਰਨ ਨਾਲ ਇਨਸਾਨ ਦੀ ਇੱਜ਼ਤ ਤੇ ਤਾਕਤ ਵੱਧ ਜਾਂਦੀ ਹੈ, ਪਰ ਆਤਮ ਗਿਆਨ ਦੇ ਹਾਸਲ ਹੋਣ ਨਾਲ ਤਾਂ ਇਨਸਾਨ ਦੀ ਇੱਜ਼ਤ ਤੇ ਤਾਕਤ ਦਾ ਕੁਝ ਠਿਕਾਣਾ ਨਹੀਂ ਰਹਿੰਦਾ। ਇਸ ਇੱਜ਼ਤ ਤੇ ਤਾਕਤ ਨੂੰ ਪਛਾਨਣ, ਸੰਭਾਲਣ, ਠੀਕ ਵਰਤੋਂ ਵਿਚ ਲਿਆਉਣ ਵਾਸਤੇ ਜ਼ਰੂਰੀ ਹੈ ਕਿ ਇਨਸਾਨ ਦੀ ਤਬੀਅਤ, ਇੱਜ਼ਤ ਤੇ ਤਾਕਤ ਤੋਂ ਬੇਪ੍ਰਵਾਹ ਹੋਵੇ।

ਮਠਿਆਈ ਉਹ ਆਦਮੀ ਠੀਕ ਤੌਰ ਤੇ ਵੰਡ ਸਕਦਾ ਹੈ ਜਿਸ ਦੀ ਆਪਣੀ ਤਬੀਅਤ ਮਠਿਆਈ ਤੋਂ ਰੱਜੀ ਹੋਈ ਹੋਵੇ, ਦੌਲਤ ਉਹ ਆਦਮੀ ਚੰਗੀ ਤਰ੍ਹਾਂ ਵੰਡ ਸਕਦਾ ਹੈ ਜਿਹੜਾ ਖੁਦ ਦੌਲਤ ਵਿਚੋਂ ਰੱਜਿਆ ਤੇ ਬੇ-ਪ੍ਰਵਾਹ ਹੋਵੇ, ਏਸੇ ਤਰ੍ਹਾਂ ਇੱਜ਼ਤ ਦਾ ਭੁੱਖਾ ਦੁਨੀਆਂ ਨੂੰ ਇੱਜ਼ਤ, ਮਰਤਬੇ, ਉਚੀਆਂ ਪਦਵੀਆਂ ਨਹੀਂ ਵੰਡ ਸਕਦਾ ਅਤੇ ਜੀਵਨ ਦਾ ਭੁੱਖਾ ਲੋਕਾਂ ਨੂੰ ਜੀਵਨ ਦਾਨ ਨਹੀਂ ਕਰ ਸਕਦਾ।

ਆਤਮ ਗਿਆਨੀ ਸੰਸਾਰ ਦੀ ਜੀਵਨ ਕਲਾ ਦੇ ਭੇਤ ਤੋਂ ਵਾਕਫ ਹੋ ਚੁਕਾ ਹੈ, ਜੀਵਨ ਦੀ ਘਟਨਾ ਦੇ ਸਭ ਰਾਜ਼ ਉਸ ਅੱਗੇ ਖੁਲ੍ਹ ਜਾਂਦੇ ਹਨ। ਅਨੰਤ ਜੀਵਨ (infinite life) ਦਾ ਗਿਆਨ ਹਾਸਲ ਕਰਕੇ ਉਹ ਇਸ ਜੀਵੀ ਜੀਵਨ (moral life) ਤੋਂ ਰੱਜ ਜਾਂਦਾ ਹੈ, ਏਥੋਂ ਤੱਕ ਕਿ ਇਸ ਤੋਂ ਬੇ-ਪ੍ਰਵਾਹ ਹੋ ਕੇ ਆਖਦਾ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਪੰਨਾ –1366***

ਏਹੀ ਕਾਰਨ ਹੈ ਕਿ ਪੂਰਨ ਸਤਿਗੁਰੂ ਆਪਣੇ ਸਿੱਖਾਂ ਨੂੰ, ਸੱਚ ਦੇ ਖੋਜੀਆਂ ਨੂੰ, ਹੱਕ ਦੇ ਤਾਲਬਾਂ ਨੂੰ ਆਖਰੀ ਮੰਜ਼ਲ – ਨਿਰਭੈ-ਪਦ ਤੇ ਪਹੁੰਚਣ ਦੀ ਔਖੀ ਪਰ ਜ਼ਰੂਰੀ ਸ਼ਰਤ ਦੱਸਦਿਆਂ ਬੜੀ ਸਾਫ ਗੋਈ ਤੋਂ ਕੰਮ ਲੈਂਦੇ ਹਨ, ਕੋਈ ਸਬਜ਼-ਬਾਗ ਨਹੀਂ ਦਿਖਾਂਦੇ, ਕਿਸੇ ਸਵਰਗ ਦਾ ਲਾਲਚ ਨਹੀਂ ਦੇਂਦੇ। ਆਤਮਕ ਜੀਵਨ ਦੀ ਟੀਸੀ ਤੇ ਚੜ੍ਹਨ ਦੇ ਅਭਿਲਾਖੀਆਂ ਨੂੰ ਆਪ ਫ਼ਰਮਾਂਦੇ ਹਨ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

***ਪੰਨਾ – 1102***

ਮਹਾਂਪੁਰਖ ਪਾਸ ਉਸ ਦਾ ਸਭ ਕੁਝ ਸਾਂਭਣ ਵਾਸਤੇ, ਉਸ ਨਾਲ ਅਭੇਦ ਹੋਣ ਵਾਸਤੇ, ਉਸ ਦਾ ਹਮ-ਰਾਜ਼ ਬਣਨ ਵਾਸਤੇ, ਉਹੋ ਸ਼ਖਸ ਆ ਸਕਦਾ ਹੈ ਜੋ ਸੱਚ ਦੀ ਖੋਜ ਵਿਚ ਸਭ ਕੁਝ ਕੁਰਬਾਨ ਕਰਨ ਵਾਸਤੇ ਤਿਆਰ ਹੋਵੇ।

ਸਭ ਕੁਰਬਾਨੀਆਂ ਨਾਲੋਂ ਵੱਡੀ ਕੁਰਬਾਨੀ 'ਹਉਮੈ' ਦੀ ਕੁਰਬਾਨੀ ਹੈ। ਅਕਾਲ ਪੁਰਖ ਹਉਮੈ ਤੋਂ ਰਹਿਤ ਹਸਤੀ ਹੈ, ਮਹਾਂਪੁਰਖ ਹਉਮੈ ਤੋਂ ਰਹਿਤ ਹੋ ਜਾਂਦੇ ਹਨ। ਜਿਨ੍ਹਾਂ ਨੂੰ ਮਹਾਂਪੁਰਖਾਂ ਦੀ ਨਜ਼ਰ ਵਿਚ ਕਬੂਲੇ ਜਾਣ ਦਾ ਸ਼ੌਕ ਹੋਵੇ, ਉਨ੍ਹਾਂ ਨੂੰ ਆਪਣੀ ਹਉਮੈ ਤਿਆਗਣ ਵਾਸਤੇ ਖਿੜੇ ਮੱਥੇ ਤਿਆਰ ਹੋਣਾ ਚਾਹੀਦਾ ਹੈ ਅਤੇ ਹਉਮੈ ਦੇ ਤਿਆਗਣ ਦਾ ਮਤਲਬ ਹਉਮੈ ਨਾਲ ਸਬੰਧ ਰੱਖਣ ਵਾਲਾ ਸਭ ਕੁਝ ਤਿਆਗਣਾ ਹੈ।

ਹੇਠ ਲਿਖੀਆਂ ਅੰਗਰੇਜ਼ੀ ਵਿਚ ਕਿਸੇ ਮਹਾਂਪੁਰਖ ਦੀਆਂ ਸਤਰਾਂ ਸਾਬਤ ਕਰਦੀਆਂ ਹਨ ਕਿ ਸਭ ਮੁਲਕਾਂ ਦੇ ਮਹਾਂਪੁਰਖ ਆਤਮ ਮਾਰਗ ਉਤੇ ਚਲਣ ਵਾਲਿਆਂ ਤੋਂ ਪਹਿਲੀ ਮੰਗ ਵਿਚ ਹੀ ਸਭ ਕੁਝ ਲੈ ਲੈਂਦੇ ਹਨ।

'Before the eyes can see, they must be incapable of tears. Before the ear can hear, it must have lost its sensitiveness. Before the voice can speak in the presence of the Master, it must have lost the power to wound. Before the soul can stand in the presence of the Master its feet must be washed in the blood of the heart.'

ਜੋ ਕੋਈ ਇਹ ਕੁਝ ਕਰ ਸਕਣ ਦਾ ਹੌਂਸਲਾ ਰੱਖੇ,

(ਬਾਕੀ ਪੰਨਾ 20 ਤੇ)

# ਪੀਰ ਮੁਰੀਦਾ ਪਿਰਹੜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-25)*

ਸੋ ਮੁਰੀਦ ਬਣਨ ਵਾਸਤੇ, ਸਿੱਖ ਬਣਨ ਵਾਸਤੇ ਜਰੂਰੀ ਹੈ ਕਿ ਅਹੰ ਬਿਰਤੀ ਦਾ ਤਿਆਗ ਕਰੇ। ਜਦ ਤੱਕ ਅਹੰ ਬਿਰਤੀ ਦਾ ਤਿਆਗ ਨਹੀਂ ਕਰਦਾ, ਓਨੀ ਦੇਰ ਤੱਕ, ਗੁਰੂ ਦਾ ਹੁਕਮ ਨਹੀਂ ਮੰਨ ਹੁੰਦਾ।

ਦੁਖ, ਸੁਖ, ਮਾਣ, ਅਭਿਮਾਨ, ਹਾਣ, ਲਾਭ ਨੂੰ ਇਕ ਦ੍ਰਿਸ਼ਟੀ ਕਰਕੇ ਨਹੀਂ ਦੇਖ ਸਕਦਾ, ਜਿੰਨਾ ਚਿਰ ਇਹ ਦ੍ਰਿਸ਼ਟੀ ਨਹੀਂ ਆਉਂਦੀ, ਓਨੀ ਦੇਰ ਤੱਕ ਗੁਰੂ ਨੂੰ ਪ੍ਰਵਾਨ ਗੁਰਸਿਖ ਨਹੀਂ ਹੋ ਸਕਦਾ, ਕਿਉਂਕਿ ਜੇ ਤਪੜ ਵੀ ਝਾੜਦਾ ਹੈ, ਪਾਣੀ ਵੀ ਲਿਆਂਦਾ ਹੈ, ਹੋਰ ਸੇਵਾ ਬੇਅੰਤ ਕਰਦਾ ਹੈ, ਲੰਗਰ ਤਿਆਰ ਕਰਦਾ ਹੈ, ਭਾਂਡੇ ਮਾਂਜਦਾ ਹੈ। ਜੇ 'ਮੈਂ' ਨੂੰ ਨਹੀਂ ਮਾਰ ਸਕਿਆ, ਮਹਾਰਾਜ ਕਹਿੰਦੇ -

***ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਪੰਨਾ - 1071***

ਦੇਖੋ ਕਿੰਨਾ ਕੈੜਾ ਹੁਕਮ ਹੈ। ਜਿਹੜਾ ਕਹਿੰਦਾ ਹੈ, ਮੈਂ ਸੇਵਾ ਕਰਦਾ ਹਾਂ, ਮੈਂ ਦੀ ਭਾਵਨਾ ਇਹਦੇ ਵਿਚ ਆਉਂਦੀ ਹੈ। ਦੋ ਭਾਵਨਾਵਾਂ ਹਨ, ਦੋ ਸੇਵਾ ਕਰਦੇ ਹਨ, ਇਕ ਦੀ ਦ੍ਰਿਸ਼ਟੀ ਇਹ ਹੈ ਕਿ ਹੇ ਵਾਹਿਗੁਰੂ ਮੇਰੇ ਵਰਗੇ ਬੰਦੇ ਨੂੰ ਵੀ ਤੂੰ ਸੇਵਾ ਬਖਸ਼ ਦਿੱਤੀ, ਕਿਉਂਕਿ ਤੇਰਾ ਹੁਕਮ ਹੈ -

***ਸੋ ਸੇਵਕੁ ਜੋ ਲਾਇਆ ਸੇਵ॥***
***ਤਿਨ ਹੀ ਪਾਏ ਨਿਰੰਜਨ ਦੇਵ॥ ਪੰਨਾ - 1159***

ਮੇਰੇ ਵਿਚ ਇਹ ਤਾਕਤ ਨਹੀਂ ਸੀ, ਤੂੰ ਰਹਿਮਤ ਕਰੀ, ਤੂੰ ਮੈਨੂੰ ਪਰਮੇਸ਼ਰ ਦਾ ਮਿਲਾਪ ਕਰਵਾਉਣ ਵਾਸਤੇ ਮੈਨੂੰ ਵੀ ਸੇਵਾ ਬਖਸ਼ ਦਿੱਤੀ। ਮੈਂ ਤਾਂ ਇਸ ਕਾਬਲ ਨਹੀਂ ਸੀ। ਮੈਂ ਤਾਂ ਜਦ ਅੰਦਰ ਝਾਕਦਾ ਹਾਂ ਤਾਂ ਮੇਰੇ ਅੰਦਰੋਂ ਤਾਂ ਹੋਰ ਆਵਾਜ਼ ਆਉਂਦੀ ਹੈ -

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ॥***
***ਭਾਈ ਗੁਰਦਾਸ ਜੀ ਦੀ ਵਾਰ36/21***

ਪਾਤਸ਼ਾਹ, ਮੇਰੇ ਵਰਗੇ ਬੰਦੇ ਨੂੰ ਤੂੰ ਸੇਵਾ ਦਾ ਅਵਸਰ ਬਖਸ਼ ਦਿੱਤਾ। ਮੇਰੇ ਵਿਚ ਤਾਂ ਕੋਈ ਗੁਣ ਨਹੀਂ ਹੈ, ਤੂੰ ਸੇਵਾ ਵਿਚ ਲਾਇਆ ਤਾਂ ਮੈਂ ਸੇਵਾ ਕਰ ਰਿਹਾ ਹਾਂ। ਕਿਰਪਾ ਕਰੀਂ, ਮੈਨੂੰ ਸ਼ਕਤੀ ਬਖਸ਼ੀ ਕਿ ਮੈਂ ਤੇਰੀ ਸੇਵਾ ਕਰਾਂ।

ਇਕ ਉਹ ਹੈ, ਜਿਹੜਾ ਕਹਿੰਦਾ ਹੈ, ਮੈਂ ਸੇਵਾ ਕਰਦਾ ਹਾਂ। ਮੈਂ ਕਾਬਲ ਹਾਂ, ਮੈਂ ਕਰ ਸਕਦਾ ਹਾਂ, ਹੋਰ ਕੋਈ ਨਹੀਂ ਕਰ ਸਕਦਾ। ਮੈਂ, ਮੈਂ ਹੀ ਹਾਂ। ਕਹਿੰਦੇ, ਉਹ ਜਿਹੜੀ ਸੇਵਾ ਹੈ, ਉਹ ਥਾਂ ਨਹੀਂ ਪਿਆ ਕਰਦੀ।

***ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਪੰਨਾ - 1071***

ਜਦ ਥਾਂ ਨਹੀਂ ਪੈਂਦੀ, ਫੇਰ ਕੀ ਹੈ? ਪੁੰਨ ਨਹੀਂ ਬਣਿਆ ਉਸ ਸੇਵਾ ਦਾ। ਅਗਿਆਨ ਦਾ ਹਨ੍ਹੇਰਾ ਦੂਰ ਨਾ ਹੋਇਆ। ਜੇ ਅਗਿਆਨ ਦਾ ਹਨ੍ਹੇਰਾ ਨਾ ਦੂਰ ਹੋਇਆ ਤਾਂ ਹਉਮੈ ਵਿਚ ਸੇਵਾ ਕਰਦੇ ਦੀ ਉਹਦੀ ਜਿੰਦਗੀ ਲੰਘ ਗਈ। ਹਉਮੈ ਜਿਹੜੀ ਹੈ, ਉਹਦੇ ਵਿਚ ਇਕ ਬੜਾ ਜਬਰਦਸਤ ਦੋਸ਼ ਹੈ, ਉਹ ਦੂਰ ਨਹੀਂ ਕੀਤਾ ਜਾ ਸਕਦਾ। ਐਸਾ ਫੁਰਮਾਨ ਹੈ -

***ਧਾਰਨਾ - ਜੰਮਦਾ ਤੇ ਮਰਦਾ ਹੈ ਹਉਮੈ ਦਾ ਬੰਨ੍ਹਿਆ ਹੋਇਆ -2.***
***ਹਉਮੈ ਦਾ ਬੰਨ੍ਹਿਆ ਹੋਇਆ -2, 2.***
***ਜੰਮਦਾ ਤੇ ਮਰਦਾ ਹੈ,................ -2.***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ - 466***

ਪੁੰਨ ਤਾਂ ਬਣ ਜਾਇਆ ਕਰਦਾ ਹੈ। ਪੁੰਨ ਦਾ ਫਲ ਭੋਗਣ ਵਾਸਤੇ ਸਵਰਗ ਲੋਕਾਂ ਵਿਚ ਚਲਾ ਜਾਂਦਾ ਹੈ ਕਿਉਂਕਿ ਪੁੰਨ ਤੇ ਪਾਪ ਬਣਦੇ ਹੀ ਹਉਮੈ ਵਿਚ ਹਨ। ਜੇ ਹਉਮੈ ਨਾ ਹੋਵੇ, ਨਾ ਪੁੰਨ ਬਣਦਾ ਹੈ, ਨਾ ਪਾਪ ਬਣਦਾ ਹੈ। ਦੋਨੋਂ ਨਹੀਂ ਨੇੜੇ ਆਉਂਦੇ। ਪੁੰਨ, ਪਾਪ ਕਰਮ ਜਿਹੜੇ ਨੇ ਕੇਵਲ ਹੋਂਦ ਨੂੰ ਫੜਦੇ ਹਨ। ਜਦ ਅਣਹੋਂਦ ਹੋ ਜਾਣ, ਕਿਸਨੂੰ ਫੜਨਗੇ। ਜਦ ਹਉਮੈਂ ਹੀ ਨਾ ਰਹੀ, ਜਦ ਆਪਣਾ ਵਖਰਾਪਣ ਹੀ ਨਾ ਰਿਹਾ ਤਾਂ ਕਿਸ ਨੂੰ ਪਾਪ, ਪੁੰਨ ਲੱਗਣਗੇ। ਕੋਈ ਹੈ ਥਾਂ, ਕੋਈ ਹਸਤੀ ਹੀ ਨਹੀਂ ਸਾਮ੍ਹਣੇ ਪਾਪ ਪੁੰਨ ਕਿਸ ਨੂੰ ਲੱਗਣਗੇ। ਜਦੋਂ ਇਹ ਮੈਂ ਬਣਦਾ ਹੈ, ਉਸ ਵੇਲੇ ਲਗਦੇ ਹਨ। ਸੋ ਇਸ ਤਰ੍ਹਾਂ ਨਾਲ ਮੇਰੀ ਤੇ ਮੈਂ ਦੋ ਚੀਜ਼ਾਂ ਆਦਮੀ ਦਾ ਖਹਿੜਾ ਨਹੀਂ ਛਡਦੀਆਂ, ਬਣੀਆਂ ਹੀ ਰਹਿੰਦੀਆ ਹਨ। ਮੁਰਦਾ ਬਣਨਾ ਤਾਂ ਔਖਾ ਹੈ। ਸੋ ਮਹਾਰਾਜ ਕਹਿੰਦੇ, ਸੇਵਾ ਥਾਂ ਨਹੀਂ ਪੈਂਦੀ।

***ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਪੰਨਾ - 1071***

ਇਹਦਾ ਮਤਲਬ ਇਹ ਨਹੀਂ ਹੈ ਕਿ ਜਿਹੜੇ ਹਉਮੈ ਵਾਲੇ ਸੇਵਾ ਕਰਦੇ ਨੇ ਉਹਦਾ ਕੋਈ ਫਲ ਨਹੀਂ, ਜੇ ਨਿਸ਼ਕਾਮ ਸੇਵਾ ਕਰਨ ਤਾਂ ਚਿਤ ਨਿਰਮਲ ਹੋ ਜਾਂਦਾ ਹੈ, ਅੰਤਸ਼ਕਰਣ ਨਿਰਮਲ ਹੋ ਜਾਂਦਾ ਹੈ। ਜੇ ਦੇਖ ਕੇ ਕਰਦੇ ਨੇ ਕਿ ਸਾਨੂੰ ਫਲ ਮਿਲੇ ਤਾਂ -

***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥***
***ਪੰਨਾ - 748***

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਪੰਨਾ - 681***

ਮਜ਼ੂਰ ਨੂੰ ਮਜ਼ੂਰੀ ਦੇਣੀ ਹੀ ਪੈਂਦੀ ਹੈ। ਐਸਾ ਨਹੀਂ ਹੈ ਵਾਹਿਗੁਰੂ ਦੇ ਵਿਚ ਕਿ ਮਜ਼ੂਰ ਨੂੰ ਮਜ਼ੂਰੀ ਨਾ ਦੇਵੇ। ਲੇਕਿਨ ਜੋ ਸੇਵਾ ਦਾ ਉਤਮ ਫਲ ਹੈ, ਉਹਦੇ ਹੱਥ ਵਿਚ ਨਹੀਂ ਆਉਂਦਾ। 'ਮੈਂ' ਦਾ ਜਿਹੜਾ ਪਰਦਾ ਹੈ, ਫਲ ਨੂੰ ਗਿਰਾ ਦਿੰਦਾ ਹੈ, ਕੱਚਾ ਹੀ ਫਲ ਗਿਰ ਜਾਂਦਾ ਹੈ। ਇਹ ਬਿਮਾਰੀ ਹੈ। ਸੋ ਕਹਿੰਦੇ, ਥਾਂ ਨਹੀਂ ਪੈਂਦੀ, ਥਾਂ ਤਾਂ ਪੈਂਦੀ ਹੈ ਜੇ ਜੰਮਣ ਮਰਣ ਤੋਂ ਰਹਿਤ ਦੇਵੇ। ਜਦ ਥਾਂ ਨਹੀਂ ਪੈਂਦੀ। ਕਹਿੰਦੇ -

........... ***ਜੰਮੈ ਮਰੈ ਫਿਰਿ ਆਵੈ ਜਾਇ॥***
***ਪੰਨਾ - 512***

ਉਹਦੇ ਗਲੋਂ ਆਉਣ ਜਾਣ ਦਾ ਚੱਕਰ ਖਤਮ ਨਹੀਂ ਹੁੰਦਾ।

***ਜੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ॥***
***ਪੰਨਾ - 1071***

ਵਾਹਿਗੁਰੂ ਦੇ, ਗੁਰੂ ਦੇ ਮਨ ਉਹ ਸੇਵਾ ਭਾਉਂਦੀ ਹੈ। ਜਿਹੜਾ ਕਾਮਨਾ ਤੋਂ ਰਹਿਤ ਹੋ ਕੇ ਗੁਰੂ ਦੀ ਬਖਸ਼ਿਸ਼ ਸਮਝ ਕੇ ਸੇਵਾ ਕਰਦਾ ਹੈ, ਕਹਿੰਦੇ ਮੇਰੇ ਉਤੇ ਮਾਲਕ ਨੇ ਬਖਸ਼ਿਸ਼ ਕਰ ਦਿੱਤੀ, ਮੇਰੇ ਤੋਂ ਸੇਵਾ ਲੈ ਰਿਹਾ ਹੈ। ਕਹਿੰਦੇ, ਉਹ ਸੇਵਾ ਪਰਵਾਨ ਹੁੰਦੀ ਹੈ।

ਜੇ ਗੁਰੂ ਨੇ ਸ਼ਬਦ ਦੇ ਦਿੱਤਾ, ਉਹਦੇ ਨਾਲ ਪੰਜ ਭਰਮਾਂ ਦਾ ਨਾਸ਼ ਹੋ ਜਾਏਗਾ। ਜਿਹੜਾ ਡਰ ਹੈ, ਉਹ ਵੀ ਖਤਮ ਹੋ ਜਾਏਗਾ।

***ਵਿਚੇ ਗ੍ਰਿਹ ਸਦਾ ਰਹੈ ਉਦਾਸੀ***
***ਜਿਉ ਕਮਲੁ ਰਹੈ ਵਿਚਿ ਪਾਣੀ ਹੇ॥ ਪੰਨਾ - 1070***

ਘਰ ਛੱਡ ਕੇ ਉਹਨੂੰ ਕਬਰਾਂ ਵਿਚ ਜਾਣ ਦੀ ਲੋੜ ਨਹੀਂ, ਬਰਫਾਂ ਵਿਚ ਜਾ ਕੇ ਸਰੀਰ ਗਰਮ-ਠੰਢੇ ਕਰਨ ਦੀ ਲੋੜ ਨਹੀਂ, ਉਹ ਘਰ ਵਿਚ ਰਹਿੰਦਾ ਹੋਇਆ ਜਾਗਦਾ ਹੈ। ਕਹਿੰਦੇ, ਜਿਹੜੇ ਗੁਰਸਿਖ ਹਨ, ਸਦਾ ਜਾਗਦੇ ਹਨ। ਦੁਨੀਆਂ ਸੁੱਤੀ ਪਈ ਹੈ। ਚਾਹੇ ਗੁਫਾਫਾਂ ਵਿਚ ਗਿਆ ਹੈ, ਚਾਹੇ ਜੰਗਲਾਂ ਵਿਚ ਗਿਆ ਹੋਇਆ ਹੈ, ਚਾਹੇ ਉਹ ਨਿਰਜਨ ਵਣ ਵਿਚ ਰਹਿੰਦਾ ਹੈ ਉਹ ਸੁੱਤਾ ਪਿਆ ਹੈ।

ਸੋ ਇਹ ਕਹਿੰਦੇ, ਜਿਵੇਂ ਕਮਲ ਪਾਣੀ ਵਿਤ ਰਹਿੰਦਾ ਹੈ, ਗੁਰ ਸਿੱਖ ਇਉਂ ਰਹਿੰਦਾ ਹੈ।

***ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥***
***ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥***
***ਪੰਨਾ - 314***

***ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ***
***ਸਾ ਸੇਵਾ ਅਉਖੀ ਹੋਈ॥ ਪੰਨਾ - 306***

ਦੂਜੇ ਪਾਸੇ ਇਹ ਹੈ ਸੇਵਾ ਕਿਸਦੀ ਕਰਨੀ ਚਾਹੀਦੀ ਹੈ। ਕਹਿੰਦੇ, ਜਿਹਦੀ ਸੇਵਾ ਕਰਕੇ ਲੇਖਾ ਦੇਣਾ ਪੈ ਜਾਵੇ ਉਹ ਸੇਵਾ ਜਿਹੜੀ ਹੈ ਬਹੁਤ ਔਖੀ ਹੈ -

***ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ...॥***
***ਪੰਨਾ - 306***

ਗੁਰੂ ਦੀ ਸੇਵਾ ਕਰੋ। ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਦੀ ਸੇਵਾ ਕਰੋ।

............... ***ਫਿਰਿ ਲੇਖਾ ਮੰਗੈ ਨ ਕੋਈ॥***
***ਪੰਨਾ - 306***

ਸੰਤ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਊਨੇ ਵਾਲੇ ਗੁਰੂ ਨਾਨਕ ਪਾਤਸ਼ਾਹ ਦੀ ਬਿੰਦੀ ਔਲਾਦ ਵਿਚੋਂ 11ਵੇਂ ਥਾਂ ਸੀ। ਆਪਦੇ ਪਾਸ ਬਹੁਤ ਸੰਗਤ ਸੇਵਾ ਕਰਿਆ ਕਰਦੀ ਸੀ। ਉਸ ਵੇਲੇ ਸਿੱਖ ਰਾਜ ਦੀ ਜੋ ਅਸਲੀ ਜ਼ਿੰਮੇਵਾਰੀ ਸੀ, ਉਹ ਬਾਬਾ ਜੀ ਦੇ ਸਿਰ ਸੀ। ਸਰਦਾਰਾਂ ਨੂੰ ਲੜਨ ਤੋਂ ਹਟਾਉਣਾ, ਰਣਜੀਤ ਸਿੰਘ ਨੂੰ ਸਿੱਧੇ ਰਾਹ ਤੇ ਪਾ ਕੇ ਰਖਣਾ, ਇਹ ਉਹਨਾਂ ਦੀ ਡਿਊਟੀ ਸੀ। ਆਪਦੇ ਪਾਸ ਬਹੁਤ ਸੇਵਾਦਾਰ ਸੀ, ਹਜ਼ਾਰਾਂ ਦੀ ਗਿਣਤੀ ਵਿਚ, 13 ਹਜ਼ਾਰ ਤਾਂ ਉਹਨਾਂ ਕੋਲ ਸ਼ਸਤਰਧਾਰੀ ਫੌਜ ਹਰ ਵਕਤ ਰਿਹਾ ਕਰਦੀ ਸੀ। ਬਾਕੀ ਐਨੇ ਕੁ ਹੀ ਸੇਵਕ ਰਿਹਾ ਕਰਦੇ ਸੀ ਤੇ ਉਹਨਾਂ ਦੇ ਲੰਗਰ ਵਿਚ ਜੋ ਸ੍ਰੀ ਮਾਨ ਸੀ, ਦਿਨ ਰਾਤ ਸੇਵਾ ਕਰਨ ਵਾਲੇ, ਉਹਨਾਂ ਦਾ ਨਾਂ ਭਾਗ ਸਿੰਘ ਸੀ। ਜਦੋਂ ਬਾਬਾ ਦੀਪ ਸਿੰਘ ਜੀ ਪਾਸ ਬਾਬਾ ਮਹਾਰਾਜ ਸਿੰਘ ਜੀ ਆਏ ਤਾਂ ਲਿਖਿਆ ਹੋਇਆ ਹੈ ਕਿ ਉਹਨਾਂ ਨੇ ਬੜੇ ਸ਼ਾਹੀ ਕੱਪੜੇ ਪਹਿਨੇ ਹੋਏ ਸੀ। ਬਾਬਾ ਜੀ ਨੇ ਕਿਹਾ, ਗੁਰਮੁਖਾ ਸੇਵਾ ਕਿਹੜੀ ਲੈਣੀ ਹੈ।

ਕਹਿੰਦਾ, "ਮਹਾਰਾਜ! ਜਿਹੜੀ ਤੁਸੀਂ ਦੇਣੀ ਹੈ।"

ਕਹਿੰਦੇ, "ਲੰਗਰ ਦੀ ਕਰ।"

ਉਸ ਵੇਲੇ ਉਹਨਾਂ ਨੇ ਉਹ ਵਸਤ੍ਰ ਲਾਹ ਦਿੱਤੇ, ਇਕ ਬੋਰੀ ਗੱਲ ਵਿਚ ਪਾ ਲਈ। ਬਾਬਾ ਮਹਾਰਾਜ ਸਿੰਘ ਜੀ ਨੇ, ਉਹ ਬੋਰੀ ਪਾ ਕੇ, ਇਕ ਬੋਰੀ ਹੇਠਾ ਵਿਛਾ ਲਈ, ਲੋਹ ਦੇ ਕੋਲ ਦਿਨ ਰਾਤ ਉਹਨਾਂ ਦਾ ਉਹੀ ਸੌਣ ਦਾ ਕਮਰਾ ਸੀ, ਉਹੀ ਬੈਠਕ ਸੀ, ਸਭ ਕੁਛ ਓਹੀ ਬਣਾ ਲਿਆ। ਉਸ ਤੱਪੜ ਤੋਂ ਉਠੇ ਹੀ ਨਹੀਂ, 28 ਸਾਲ ਬੈਠੇ ਰਹੇ। ਹਰ ਵਕਤ ਸੇਵਾ ਕਰਦੇ ਸੀ ਤੇ ਸੇਵਾ ਕਿੰਨੀ ਔਖੀ ਹੈ? ਬਾਬਾ ਜੀ ਕੋਲ 25-25, 30-30 ਹਜ਼ਾਰ ਯਾਤਰੂ ਰਹਿੰਦੇ ਸੀ। ਰਾਜੇ-ਮਹਾਰਾਜੇ ਹਜ਼ਾਰਾਂ ਫੌਜਾਂ ਲੈ ਕੇ ਰਿਹਾ ਕਰਦੇ ਸੀ ਤੇ ਆਪ ਦੇ ਜਿਹੜੇ ਦੇਗੇ ਸੀ, ਉਹਨੂੰ ਘੋੜੇ ਖਿਚਿਆ ਕਰਦੇ ਸੀ, ਮਨੁੱਖ ਤੋਂ ਨਹੀਂ ਕਿਸੇ ਤਰੀਕੇ ਨਾਲ ਹਿਲਦੇ ਸੀ। ਥੱਲੇ ਪਹੀਏ ਲੱਗੇ ਹੋਏ ਸੀ, ਘੋੜੇ ਖਿਚਕੇ ਪਾਸੇ ਕਰਿਆ ਕਰਦੇ ਸੀ। ਚਾਰ ਸੇਵਾਦਾਰ ਇਕੱਠੇ ਉਹਦੇ ਵਿਚ ਵੜਕੇ ਉਸ ਦੇਗੇ ਨੂੰ ਸਾਫ ਕਰਿਆ ਕਰਦੇ ਸੀ। ਬੰਦਾ, ਛੋਟਾ ਮੰਜਾ ਡਾਹ ਕੇ

ਉਸ ਦੇਗੇ ਵਿਚ ਪੈ ਸਕਦਾ ਸੀ। ਐਨੇ ਐਨੇ ਵੱਡੇ ਉਹਨਾਂ ਦੇ ਦੇਗੇ ਸੀ, ਇਹ ਬਾਬਾ ਜੀ ਸੇਵਾ ਕਰਿਆ ਕਰਦੇ ਸੀ।

ਇਕ ਦਿਨ ਦੀ ਗੱਲ ਐਸੀ ਹੋਈ ਕਿ ਦਾਲ ਉਬਲੀ ਜਾਵੇ ਤੇ ਨੇੜੇ ਕੜਛਾ ਨਹੀਂ ਸੀ। ਬਾਬਾ ਜੀ ਨੇ ਦੇਖਿਆ ਕਿ ਦਾਲ ਉਬਲ ਰਹੀ ਹੈ। ਇਕ ਦਮ ਆਪਣੀ ਬਾਂਹ ਉਹਦੇ ਵਿਚ ਫੇਰ ਦਿੱਤੀ। ਦਾਲ ਉਬਲਣ ਤੋਂ ਹੱਟ ਗਈ। ਬਾਬਾ ਵੀਰ ਸਿੰਘ ਜੀ ਨੂੰ ਪਤਾ ਲੱਗਿਆ। ਉਸ ਵੇਲੇ ਬਾਬਾ ਮਹਾਰਾਜ ਸਿੰਘ ਜੀ, ਉਹਨਾਂ ਦਾ ਅਸਲੀ ਨਾਂ ਨਿਹਾਲ ਸਿੰਘ ਸੀ। ਲੇਕਿਨ ਉਹ ਹਰ ਇਕ ਨੂੰ ਮਹਾਰਾਜ ਜੀ, ਮਹਾਰਾਜ ਜੀ ਕਹਿ ਕੇ ਬੁਲਾਇਆ ਕਰਦੇ ਸੀ। ਉਹਨਾਂ ਦਾ ਨਾਂ ਹੀ ਮਹਾਰਾਜ ਜੀ ਪੈ ਗਿਆ। ਬਾਬਾ ਜੀ ਨੇ ਬਾਂਹ ਬੰਨ੍ਹੀ ਹੋਈ, ਆ ਕੇ ਨਮਸ਼ਕਾਰ ਕਰੀ। ਹੁਣ ਗੱਲਾਂ ਹੀ ਹੋਰ ਹੋ ਗਈਆਂ ਨੇ ਕਿ ਮਹਾਂਪੁਰਸ਼ਾਂ ਨੂੰ ਮੱਥਾ ਨਾ ਟੇਕੋ ਜੀ, ਆਹ ਨਾ ਕਰੋ, ਉਹ ਨਾ ਕਰੋ ਗੱਲਾਂ ਬਾਤਾਂ ਨਾਲ। ਅਸੀਂ ਪੂਰੇ ਬਣ ਗਏ, ਅੰਦਰੋਂ ਬਿਲਕੁਲ ਖਾਲੀ, ਗੱਲਾਂ ਹੀ ਗੱਲਾਂ, ਵਿਚੋਂ ਬਿਲਕੁਲ ਖਾਲੀ, ਸਿੱਖੀ ਤੋਂ ਦੂਰ, ਪਤਾ ਨਹੀਂ ਇਹਨਾਂ ਦੀ ਕੀ ਗਤੀ ਹੋਏਗੀ, ਮਹਾਰਾਜ ਜਾਣੇ। ਓਕੜ ਪਾਈ ਕਰੀ ਜਾਂਦੇ ਨੇ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਤੋਂ ਹੋਰੇ ਪਾਸੇ ਲੈ ਜਾਈ ਜਾਂਦੇ ਨੇ ਤੇ ਬਾਬਾ ਜੀ ਨੂੰ ਨਮਸ਼ਕਾਰ ਕਰਕੇ, ਹੱਥ ਜੋੜ ਕੇ ਕਿ ਮਹਾਂਪੁਰਸ਼ੋਂ ਇਹ ਕੀ ਹੋ ਗਿਆ। ਕਹਿੰਦੇ, ਮਹਾਰਾਜ ਸਿੰਘ! ਕਿਤੇ ਕਿਸੇ ਗੁਰਸਿਖ ਨੇ ਆਪਣੀ ਬਾਂਹ ਦਾਲੇ ਵਿਚ ਫੇਰ ਦਿੱਤੀ ਤੇ ਸਾਡੇ ਛਾਲੇ ਪੈ ਗਏ। ਉਹ ਐਸੀ ਸੇਵਾ ਕਰ ਰਹੇ ਸੀ ਕਿ ਸੇਵਾ ਭਾਉਂਦੀ ਸੀ। ਉਹੀ ਬਹਾਦੁਰ ਸੀ, ਜਿਨ੍ਹਾਂ ਨੇ ਅੰਗਰੇਜ਼ਾਂ ਨਾਲ ਚਾਰ ਸਾਲ, 1848 ਤੋਂ ਲੈ ਕੇ 1852 ਤੱਕ ਸੰਘਰਸ਼ ਕੀਤਾ ਤੇ ਸਿੱਖੀ ਦਾ ਪਤਣ ਨਹੀਂ ਹੋਣ ਦਿਤਾ। ਕਿਉਂਕਿ ਜਦ ਮਹਾਰਾਜ ਰਣਜੀਤ ਸਿੰਘ ਦਾ ਸਿੱਖ ਰਾਜ ਗਿਆ, ਉਸ ਵੇਲੇ ਸਿੱਖਾਂ ਦੀ ਗਿਣਤੀ 88 ਲੱਖ ਸੀ। ਜਦੋਂ 1861 ਵਿਚ ਮਰਦਮਸ਼ਮਾਰੀ ਵਿਚ ਸਿੱਖੀ ਨੂੰ ਗਿਣਿਆ ਉਸ ਵੇਲੇ ਦੋ ਵੱਡੀਆਂ ਰੂਹਾਂ ਸਿੱਖ ਇਤਿਹਾਸ ਵਿਚ ਆਈਆਂ। ਇਕ ਬਾਬਾ ਮਹਾਰਾਜ ਸਿੰਘ, ਇਕ ਬਾਬਾ ਰਾਮ ਸਿੰਘ ਜੀ ਨਾਮਧਾਰੀ। ਜਿਨ੍ਹਾਂ ਦਾ ਅੱਜ ਅਸੀਂ ਨਾਮ ਲੈ ਕੇ ਵੀ ਖੁਸ਼ ਨਹੀਂ। ਹੁਣ ਅਸੀਂ ਉਹਨਾਂ ਤੋਂ ਵੀ ਵੱਡੇ ਬਣੇ ਹੋਏ ਹਾਂ, ਕਿ ਇਹ ਤਾਂ ਗਲਤ ਸੀ। ਉਸ ਵੇਲੇ ਕਿਹੜਾ ਸੂਰਮਾ ਸੀ ਜਿਹੜਾ ਅੰਗਰੇਜ਼ਾਂ ਅੱਗੇ ਖੜਾ ਹੋ ਜਾਂਦਾ। ਇਹਨਾਂ ਨੇ ਸਿੱਖੀ ਦੇ ਪਤਨ ਨੂੰ ਰੋਕਿਆ, ਪੂਰੀ ਵਾਹ ਲਾਈ। ਗਿਣਤੀ ਹੋਈ ਤਾਂ 13,40,000 ਸਿੱਖਾਂ ਦੀ ਗਿਣਤੀ ਹੋਈ। ਉਸ ਵੇਲੇ ਜਿਹੜੇ ਅੰਗਰੇਜ਼ ਗਿਣਤੀ ਕਰਨ ਵਾਲੇ ਸੀ ਕਿ 13 ਸਾਲ ਦੇ ਅੰਦਰ 75 ਲੱਖ ਸਿੱਖ ਘਟ ਗਿਆ। ਇਹ ਹਰ ਸਾਲ ਦੀ ਔਸਤ 6 ਲੱਖ ਦੀ ਹੋਈ। ਇਸ ਔਸਤ ਦੇ ਨਾਲ ਸਿੱਖ ਹੁਣ ਦੋ ਸਾਲ ਹੋਰ ਰਹਿਣਗੇ। ਇਹਨਾਂ ਦੀਆਂ ਤਸਵੀਰਾਂ ਲੈ ਕੇ, ਬੁੱਤਤਰਾਸ਼ ਬੁਲਾ ਕੇ ਬੁੱਤ ਬਣਾ ਲਓ ਤੇ ਇਹਨਾਂ ਨੂੰ ਅਜਾਇਬ ਘਰ ਵਿਚ ਰਖ ਦਓ। ਇਤਿਹਾਸ ਵਿਚ ਲਿਖ ਦਿਓ ਕਿ ਇਕ ਕੌਮ ਐਥੇ ਹੁੰਦੀ ਸੀ। ਉਹਨੇ ਰਾਜ ਕਰਿਆ ਤੇ ਉਹ ਹੁਣ ਖਤਮ ਹੋ ਗਈ। ਪਰ ਨਾਲ ਇਕ ਰੀਪੋਰਟ ਕਰੀ ਕਿ ਇਹਨਾਂ ਦੇ ਵਿਚੋਂ 4,31000 ਸਿੱਖ ਐਸਾ ਹੈ ਜਿਸਨੂੰ ਗਿਰਾਉਣਾ ਬਹੁਤ ਮੁਸ਼ਕਲ ਹੈ। ਉਹ ਕੌਣ ਹਨ? ਕਹਿੰਦਾ, "ਉਹਨਾਂ ਨੂੰ ਕੂਕੇ ਕਹਿੰਦੇ ਨੇ, ਨਾਮਧਾਰੀ ਕਹਿੰਦੇ ਹਨ।" ਸਿਰਫ ਉਹ ਸਿੱਖ ਹੈ ਬਾਕੀ ਐਥੇ ਕੋਈ ਸਿੱਖ ਨਹੀਂ ਰਿਹਾ।

ਸੋ ਇਸ ਤਰ੍ਹਾਂ ਨਾਲ ਬਾਬਾ ਮਹਾਰਾਜ ਸਿੰਘ ਜੀ ਨੇ ਚਾਰ ਸਾਲ ਸਿੱਖੀ ਨੂੰ ਸੰਭਾਲਿਆ ਤੇ 1852 ਵਿਚ ਗਿਰਫਤਾਰੀ ਦਿੱਤੀ। 1856 ਵਿਚ ਆਪ ਸਿੰਘਾਪੁਰ ਦੀ ਜੇਲ ਵਿਚ ਸਰੀਰ ਛੱਡ ਗਏ।

ਕੁਛ ਵੀ ਕਿਸੇ ਨੂੰ ਯਾਦ ਨਹੀਂ, ਕਿੰਨੀਆਂ ਉਹਨਾਂ ਨੇ ਤਕਲੀਫਾਂ ਕਟੀਆਂ, ਕਿਸ ਤਰ੍ਹਾਂ ਨਾਲ ਸੰਭਾਲਿਆ, ਕਿਵੇਂ ਜਾ-ਜਾ ਦਿਲਾਸਾ ਦਿੰਦੇ ਸੀ, ਰਾਤਾਂ ਨੂੰ ਫਿਰਨਾ। ਆਪਣੇ ਪਿਛੋਂ ਉਤਰਅਧਿਕਾਰੀ ਬਾਬਾ ਰਾਮ ਸਿੰਘ ਜੀ ਬਿਰਾਜਤ ਹੋਏ, ਉਹਨਾਂ ਨੂੰ ਹੁਕਮ ਹੋ ਗਿਆ ਕਿ ਇਕ ਰਾਤ ਤੋਂ ਵਧ ਕਿਤੇ ਨਹੀਂ ਠਹਿਰਨਾ। ਇਕ ਰਾਤ ਠਹਿਰਣਾ ਹੈ ਦੂਜੇ ਦਿਨ ਚਲੇ ਜਾਣਾ ਹੈ ਕਿਉਂਕਿ ਅੰਗਰੇਜ਼ਾਂ ਨੇ ਸਿੱਖੀ ਦਾ ਪ੍ਰਚਾਰ ਨਹੀਂ ਕਰਨ ਦੇਣਾ। ਉਹਨਾਂ ਤੋਂ ਬਾਅਦ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਹੋਏ।

ਸੋ ਸੇਵਾ ਜਿਹੜੀ ਹੈ, ਕਿੰਨੀ ਵੱਡੀ ਨਿਸ਼ਕਾਮ ਸੇਵਾ ਕਰੀ। ਸੋ ਇਸਨੂੰ ਸੇਵਾ ਕਹਿੰਦੇ ਹਨ। ਜਿਹਦੇ ਵਿਚ –

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥ ਪੰਨਾ – 51***

ਕਹਿੰਦੇ, ਜਿਹੜਾ ਸੇਵਾ ਕਰਕੇ ਮਾਣ ਕਰਦਾ ਹੈ ਉਹ ਸੇਵਕ ਨਹੀਂ ਹੋਇਆ ਕਰਦਾ।

ਇਸੇ ਤਰ੍ਹਾਂ ਬਾਬਾ ਭਾਗ ਸਿੰਘ ਲੰਗਰ ਦੀ ਸੇਵਾ ਕਰਦੇ ਸੀ, ਬਹੁਤ ਵੱਡਾ ਲੰਗਰ ਸੀ। ਆਪ ਜੀ ਦੀ ਮਾਤਾ ਆ ਕੇ ਬਰਤਨ ਮਾਂਜਦੀ, ਪਾਣੀ ਲਿਆਉਂਦੀ, ਹੋਰ ਜੋ ਸੇਵਾ ਹੁੰਦੀ ਉਹ ਕਰਦੀ ਸੀ। ਹੋਰ ਬੀਬੀਆਂ ਵੀ ਕਰਦੀਆਂ ਸੀ, ਉਹ ਵੀ ਕਰਦੀ ਸੀ। ਅੱਜ ਬਾਬਾ ਜੀ ਨੂੰ ਖਬਰ ਆਈ ਕਿ ਬਾਬਾ ਜੀ ਦੇ ਮਾਤਾ ਜੀ ਅੱਜ ਚੜ੍ਹਾਈ ਕਰ ਗਏ। ਬਾਬਾ ਜੀ ਅੰਤਰ-ਧਿਆਨ ਹੋਏ। ਮਹਾਂਪੁਰਸ਼ਾਂ ਦੀ ਦ੍ਰਿਸ਼ਟੀ ਭੂਤ, ਵਰਤਮਾਨ, ਤ੍ਰਿਕਾਲ ਤਿੰਨਾਂ ਕਾਲਾਂ ਵਿਚ ਦੇਖ ਲੈਂਦਾ ਹੈ।

ਕਹਿੰਦੇ, "ਸਰੀਰ ਨਾ ਜਾਲਿਓ ਭਾਈ! ਉਹਨਾਂ ਨੇ ਵਾਪਸ ਆ ਜਾਣਾ ਹੈ।"

ਥੋੜਾ ਸਮਾਂ ਲੰਘਣ ਤੋਂ ਬਾਅਦ ਮਾਤਾ ਦੁਬਾਰਾ ਸ਼ਰੀਰ ਵਿਚ ਆ ਗਈ, ਜਿਉਂਦੀ ਹੋ ਗਈ। ਬਾਬਾ ਜੀ ਪਾਸ ਬਹੁਤ ਸਾਰੀ ਸੰਗਤ ਇਕੱਠੀ ਹੋ ਕੇ ਆਈ। ਅੱਗੇ ਆ ਕੇ

ਨਮਸ਼ਕਾਰ ਕਰੀ। ਨਮਸ਼ਕਾਰ ਕਰਕੇ, ਬਾਬਾ ਜੀ ਨੇ ਪੁਛਿਆ, ਪਹਿਲਾ ਸਵਾਲ ਕੀਤਾ ਕਿ ਮਾਤਾ, ਇਹ ਦੱਸ ਤੇਰੇ ਨਾਲ ਕੀ ਵਰਤੀ।

ਕਹਿੰਦੀ, "ਬਾਬਾ ਜੀ! ਜਦ ਮੈਂ ਸਰੀਰ ਛਡਿਆ ਦੋ ਬੰਦੇ ਲੈਣ ਵਾਸਤੇ ਆਏ ਹੋਏ ਸੀ। ਉਹਨਾਂ ਨੇ ਮੈਨੂੰ ਕਿਹਾ ਕੁਛ ਨਹੀਂ। ਬੜੇ ਪਿਆਰ ਸਤਿਕਾਰ ਨਾਲ ਮੈਨੂੰ ਲੈ ਗਏ। ਜਦ ਧਰਮਰਾਜ ਦੇ ਗਈ, ਉਥੇ ਚਿੱਤਰ ਗੁਪਤ ਨੂੰ ਕਿਹਾ ਕਿ ਇਹਦਾ ਹਿਸਾਬ ਕਿਤਾਬ ਕੱਢੋ।" ਉਹਨਾਂ ਨੇ ਕਿਹਾ ਕਿ ਸਾਨੂੰ ਤਾਂ ਨਾਮ ਹੀ ਨਹੀਂ ਲਭਦਾ।

ਮੈਨੂੰ ਇਉਂ ਲਗਿਆ ਜਿਵੇਂ ਧਰਮਰਾਜ ਹੈਰਾਨ ਹੋ ਗਏ ਹੁੰਦੇ, ਕਹਿੰਦੇ, "ਜਲਦੀ ਦੇਖੋ।"

ਅਖੀਰ ਉਹਨੇ ਵੀ ਅੰਤਰ ਧਿਆਨ ਹੋ ਕੇ ਦੇਖਿਆ, ਕਹਿਣ ਲਗਿਆ, ਐ ਦੂਤੋ, ਤੁਹਾਡੇ ਤੋਂ ਭੁਲ ਹੋ ਗਈ। ਇਹ ਮੇਰੇ ਦਰ ਤੇ ਨਹੀਂ ਸੀ ਆਉਣੀ। ਇਹ ਤਾਂ ਗੁਰੂ ਨਾਨਕ ਦੇਵ ਦੀ ਦਰਗਾਹ ਤੇ ਜਾਣੀ ਸੀ। ਤੁਸੀਂ ਇਸਨੂੰ ਕਿਉਂ ਲੈ ਕੇ ਆਏ।"

ਕਹਿੰਦੀ, ਬਾਬਾ ਜੀ! ਉਸ ਵੇਲੇ ਮੇਰਾ ਬੜਾ ਸਤਿਕਾਰ ਹੋਣ ਲਗਿਆ ਤੇ ਮੇਰੀ ਸੇਵਾ ਕਰੀ।"

ਬਾਬਾ ਜੀ ਕਹਿਣ ਲੱਗੇ, "ਕਿਉਂ ਸਾਧਸੰਗਤ ਜੀ! ਤੁਹਾਨੂੰ ਗੁਰੂ ਦੀ ਬਾਣੀ ਤੇ ਭਰੋਸਾ ਆਇਆ।"

ਸਾਰੇ ਨੀਵੀਆਂ ਪਾ ਗਏ। ਕਿਸੇ ਦੇ ਖਿਆਲ ਨਾ ਆਵੇ ਕਿ ਬਾਬਾ ਜੀ! ਕੀ ਕਹਿਣਾ ਚਾਹੁੰਦੇ ਹਨ।

ਕਹਿਣ ਲੱਗੇ, "ਪਾਤਸ਼ਾਹ! ਆਪ ਗੱਲ ਖੋਲ ਕੇ ਦਸੋ, ਸਾਨੂੰ ਪਤਾ ਨਹੀਂ ਲਗਿਆ।"

ਕਹਿੰਦੇ, "ਗੁਰੂ ਮਹਾਰਾਜ ਨੇ ਇਸ ਤਰ੍ਹਾਂ ਨਾਲ ਫੁਰਮਾਨ ਕੀਤਾ ਹੈ –

***ਧਾਰਨਾ – ਧਰਮਰਾਜਾ ਵੀ ਕਰੇਗਾ ਸੇਵਾ***
***ਸਾਧੂਆਂ ਦੇ ਸੰਗੀਆਂ ਦੀ –2, 2.***
***ਮੇਰੇ ਪਿਆਰੇ, ਸਾਧੂਆਂ ਦੇ ਸੰਗੀਆਂ ਦੀ –2, 2.***
***ਧਰਮਰਾਜਾ ਵੀ ਕਰੇਗਾ ਸੇਵਾ,........... –2.***

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥*** ***ਪੰਨਾ – 271***

ਕਹਿੰਦੇ, ਦੇਖੋ ਸਾਧ ਸੰਗਤ ਜੀ! ਬੀਬੀ ਲੰਗਰ ਦੇ ਅੰਦਰ ਸੇਵਾ ਕਰਦੀ ਹੈ ਤੇ ਸ਼ੋਭਾ ਕਿਥੇ ਹੋਈ, ਧਰਮਰਾਜਾ ਵੀ ਸੇਵਾ ਕਰਦਾ ਫਿਰਦਾ ਹੈ।

ਕਹਿਣ ਲੱਗੇ, "ਮਾਤਾ! ਫੇਰ ਕੀ ਹੋਇਆ?"

ਕਹਿੰਦੀ, "ਉਹ ਕਹਿਣ ਲੱਗੇ, ਇਹਦਾ ਤਾਂ ਸਾਡੇ ਕੋਲ ਨਾਮ ਨਹੀਂ, ਗਲਤੀ ਨਾਲ ਲੈ ਆਏ, ਇਹਦਾ ਨਾਂ ਗੁਰੂ ਨਾਨਕ ਦੀ ਦਰਗਾਹ ਵਿਚ ਹੈ, ਇਹ ਗੁਰੂ ਨਾਨਕ ਦੀ ਬਣੀ ਹੋਈ ਹੈ। ਮੇਰੇ ਕੋਲ ਤਾਂ ਅਕਾਲ ਪੁਰਖ ਦੇ ਹੁਕਮ ਦੇ ਮੁਤਾਬਿਕ ਸਿਰਫ ਪਾਪ ਕਰਨ ਵਾਲੇ ਤੇ ਪੁੰਨ ਕਰਨ ਵਾਲੇ ਆਉਂਦੇ ਹਨ।

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਪੰਨਾ – 38***

ਜਿਹੜੇ ਫਲ ਮੰਗਦੇ ਨੇ, ਬੁਰਿਆਈ ਦਾ ਫਲ ਮੈਂ ਭੁਗਤਾਉਂਦਾ ਹਾਂ, ਜਿਹੜੇ ਨੇਕ ਕੰਮ ਕਰਕੇ ਪੁੰਨ ਦਾਨ ਕਰਕੇ ਦਰਗਾਹ ਵਿਚ ਬਦਲਾ ਮੰਗਦੇ ਨੇ, ਉਹ ਮੇਰੇ ਕੋਲ ਆਉਂਦੇ ਨੇ, ਤਕੜੀ ਤੇ ਉਹਨਾਂ ਦਾ ਨਿਆ ਹੁੰਦਾ ਹੈ ਕਿ ਕਿੰਨਾ ਕੁ ਚਿਰ ਸਵਰਗ ਦੇਣਾ ਹੈ, ਕਿਹੜਾ ਸਵਰਗ ਦੇਣਾ ਹੈ। ਕਿਉਂਕਿ 15,16 ਸਵਰਗ ਹਨ, ਜਿੰਨੇ ਪੁੰਨ ਜ਼ਿਆਦਾ ਓਨੀ ਕੁ ਉਸਦਾ ਉਸ ਮੰਡਲ ਅੰਦਰ ਦਾਖਲਾ ਹੋਇਆ ਕਰਦਾ ਹੈ। ਸੋ ਮੇਰੇ ਕੋਲ ਤਾਂ ਜੋ –

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਪੰਨਾ – 1414***

ਇਹ ਗੁਰੂ ਨਾਨਕ ਦੇਵ ਦੀ ਬਾਣੀ ਹੈ। ਕਹਿਣ ਲੱਗੀ, "ਮਹਾਰਾਜ! ਹੁਣ ਮੈਨੂੰ ਵਾਪਸ ਭੇਜ ਦਿਓ। ਗੁਰੂ ਨਾਨਕ ਦੀ ਦਰਗਾਹ ਦੀ ਝਾਤੀ ਤਾਂ ਲਗਵਾ ਦਿਓ। ਕਹਿਣ ਲੱਗੀ, ਜਦ ਮੈਂ ਗੁਰੂ ਨਾਨਕ ਦੀ ਦਰਗਾਹ ਵਿਚ ਗਈ ਤਾਂ ਉਹ ਕਹਿੰਦੇ, "ਬੀਬੀ ਤੇਰੇ ਤਾਂ ਅਜੇ 7–8 ਸਾਲ ਬਾਕੀ ਰਹਿੰਦੇ ਹਨ, ਤੂੰ ਕਿਥੇ ਆ ਗਈ। ਅਜੇ ਜਾਓ, ਹੋਰ ਸੇਵਾ ਕਰੋ ਜਾ ਕੇ।"

ਸੋ ਇਸ ਤਰ੍ਹਾਂ ਨਾਲ ਸੇਵਾ ਥਾਂ ਪੈਂਦੀ ਹੈ। ਜਿਹੜਾ ਸੇਵਾ ਸਹੀ ਤਰੀਕੇ ਨਾਲ ਕਰਦਾ ਹੈ।

***ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ***
***ਸਾ ਸੇਵਾ ਅਉਖੀ ਹੋਈ॥*** ***ਪੰਨਾ – 306***

ਕਹਿੰਦੇ, ਜੇ ਸੇਵਾ ਕਰਨੀ ਹੈ –

***ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ***
***ਫਿਰਿ ਲੇਖਾ ਮੰਗੈ ਨ ਕੋਇ॥*** ***ਪੰਨਾ – 306***

ਫੇਰ ਕੋਈ ਲੇਖਾ ਨਹੀਂ ਮੰਗਦਾ। ਐਸੀਆਂ ਉਚ ਭਾਵਨਾ ਵਾਲਾ ਗੁਰਸਿਖ ਸੀ, ਜਿਸ ਦਾ ਨਾਮ ਜੱਗਾ ਸਿੰਘ ਸੀ। ਗੁਰੂ ਦਸਵੇਂ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਰਹਿ ਕੇ ਸੇਵਾ ਕਰਦਾ ਸੀ। ਹੱਥਾਂ ਪੈਰਾਂ ਨਾਲ ਸੇਵਾ ਕਰਦਾ ਸੀ, ਹਰ ਵਕਤ ਉਹਦੀ ਬਿਰਤੀ ਦਿਬ ਦ੍ਰਿਸ਼ਟ ਪ੍ਰਾਪਤ ਹੋ ਕੇ ਗੁਰੂ ਨੂੰ ਪਰਮੇਸ਼ਰ ਰੂਪ ਵਿਚ ਦੇਖਦਾ ਸੀ। ਉਹ ਇਹ ਨਹੀਂ ਦੇਖਦਾ ਪੰਜ ਤੱਤਾਂ ਦਾ ਸ਼ਰੀਰ ਹੈ, ਕਿਉਂਕਿ ਗੁਰੂ ਮਹਾਰਾਜ ਦਾ ਫੁਰਮਾਨ ਹੈ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***

*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

*ਪੰਨਾ - 442*

ਉਸਦੀ ਐਨੀ ਦ੍ਰਿਸ਼ਟੀ ਖੁੱਲੀ ਕਿ ਹਰ ਵਕਤ ਗੁਰੂ ਦੇ ਦਰਸ਼ਨ ਕਰਦਾ ਸੀ। ਹਰ ਵਕਤ ਬ੍ਰਹਮ ਦ੍ਰਿਸ਼ਟੀ ਵਿਚ ਰਹਿੰਦਾ ਸੀ ਕਿਉਂਕਿ ਬ੍ਰਹਮ ਦ੍ਰਿਸ਼ਟੀ ਹੀ ਦਿਬਜ ਦ੍ਰਿਸ਼ਟੀ ਹੈ, ਜਿਹੜੀ ਸਾਡੀ ਦ੍ਰਿਸ਼ਟੀ ਹੈ ਇਹ ਅੰਨ੍ਹਿਆ ਦੀ ਦ੍ਰਿਸ਼ਟੀ ਹੈ। ਸਾਨੂੰ ਸਤ ਨਜ਼ਰ ਨਹੀਂ ਆਉਂਦਾ, ਜੋ ਸਾਡੇ ਕੋਲ ਅੰਦਰ ਬਾਹਰ ਭਰਪੂਰ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥ ਪੰਨਾ - 293*

ਸਾਨੂੰ ਗੁਰੂ ਦੇ ਦੱਸਣ ਦੇ ਬਾਵਜੂਦ ਵੀ ਨਿਹਚਾ ਨਹੀਂ ਆਉਂਦਾ। ਇਸ ਗੱਲ ਉਤੇ, ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਅਸੀਂ ਗੁਰੂ ਦੇ ਬਚਨ ਨੂੰ ਨਹੀਂ ਮੰਨਦੇ। ਲੜਾਈ ਕਰਾਂਗੇ, ਬੰਦੇ ਨੂੰ ਮਾਰ ਦਵਾਂਗੇ, ਜੇ ਤੈਂ ਗੁਰੂ ਦੀ ਗੱਲ ਵੀ ਕਰੀ। ਹੋਰ ਪਾਪ ਸਿਰ ਤੇ ਲੈ ਲਵਾਂਗੇ, ਲੇਕਿਨ ਗੁਰੂ ਦਾ ਬਚਨ ਨਹੀਂ ਮਨਣਾ, ਬਚਨ ਨਾ ਮੰਨਣਾ ਸਭ ਤੋਂ ਵੱਡੀ ਬੇ-ਅਦਬੀ ਹੈ। ਗੁਰੂ ਨੇ ਸਿੱਖ ਨੂੰ ਤਾਂ ਲੰਘਾਉਣੈ ਜੇ ਸਿੱਖ ਗੁਰੂ ਦਾ ਬਚਨ ਮੰਨ ਲਵੇ। ਜੇ ਬਚਨ ਤੇ ਵੀਚਾਰ ਕਰੇ।

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥*

*ਪੰਨਾ - 594*

ਜਿੰਨਾ ਚਿਰ ਸ਼ਬਦ ਦੀ ਵੀਚਾਰ ਹਿਰਦੇ ਵਿਚ ਨਹੀਂ ਵਸਦੀ, ਗੁਰੂ ਦੇ ਦਰਸ਼ਨ ਦਾ ਫਲ ਤਾਂ ਹੋ ਜਾਂਦਾ ਹੈ, ਪਰ ਮੁਕਤੀ ਨਹੀਂ ਹੁੰਦੀ। ਫਲ ਮਿਲ ਜਾਇਗਾ, ਲੇਕਿਨ ਮੁਕਤੀ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਸ਼ਬਦ ਦੀ ਵਿਚਾਰ ਨਹੀਂ ਕਰੀ। ਸੋ ਇਹ ਗੱਲ ਸਮਝਦੇ ਨਹੀਂ ਹਨ।

ਭਾਈ ਜੱਗਾ ਸਿੰਘ ਨੂੰ ਤੱਤ ਦਾ ਪਤਾ ਲਗ ਗਿਆ ਸੀ। ਬੰਦਗੀ ਕਰਦੇ ਕਰਦੇ ਚਿਤ ਨਿਰਮਲ ਹੋ ਗਿਆ। ਗੁਰੂ ਦਾ ਧਿਆਨ ਧਰਦੇ ਧਰਦੇ ਤ੍ਰਿਕੁਟੀ ਟੁੱਟ ਗਈ।

*ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੑੈ ਤਾ ਮਨੁ ਖੀਵਾ ਭਾਈ॥*

*ਪੰਨਾ - 1123*

ਮਨ ਸ਼ਾਂਤ ਹੋ ਗਿਆ। ਸਹਜ ਸਮਾਧ ਲਗ ਗਈ।

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥ ਪੰਨਾ - 106*

ਅੱਖਾਂ ਮੀਚ ਕੇ ਵੀ ਲਗਦੀ ਹੈ, ਖੁੱਲ੍ਹੀਆਂ ਅੱਖਾਂ ਨਾਲ ਵੀ ਲਗਦੀ ਹੈ, ਕਾਰੋਬਾਰ ਕਰਦੇ ਦੀ ਵੀ ਲਗੀ ਰਹਿੰਦੀ ਹੈ, ਤੁਰਦੇ-ਫਿਰਦੇ ਦੀ ਲਗੀ ਰਹਿੰਦੀ ਹੈ, ਜਾਗਦੇ ਦੀ ਲਗੀ ਰਹਿੰਦੀ ਹੈ। ਦੁਨੀਆਂ ਜਾਣਦੀ ਨਹੀਂ ਕਿ ਫਕਰ ਸੁੱਤੇ ਹਨ ਕਿ ਜਾਗਦੇ ਹਨ।

ਸੋ ਐਸੀ ਅਵਸਥਾ ਉਹ ਗੁਰਸਿਖ ਨੂੰ ਗੁਰੂ ਦੀ ਸੇਵਾ ਵਿਚੋਂ ਪ੍ਰਾਪਤ ਹੋ ਗਈ।

ਦੂਜੇ ਪਾਸੇ ਹੋਰ ਵੀ ਗੁਰਸਿਖ ਬਥੇਰੇ ਸਨ, ਜਿਹੜੇ ਗੁਰੂ ਦਸਵੇਂ ਪਾਤਸ਼ਾਹ ਦੀ ਨਿਤ ਦੀ ਸੇਵਾ ਕਰਦੇ ਸੀ, ਅੰਦਰ ਡਿਊਟੀ ਦਿੰਦੇ ਸੀ ਤੇ ਅੰਦਰਲੀ, ਬਾਹਰਲੀ ਤੇ ਹੋਰ ਬੇਅੰਤ ਕਿਸਮ ਦੀ ਸੇਵਾ ਕਰਦੇ ਸੀ। ਪਰ ਉਹਨਾਂ ਦੇ ਮਨ ਵਿਚ ਬੜੀ ਜਬਰਦਸਤ ਈਰਖਾ ਸੀ, ਹੱਦ ਤੋਂ ਜ਼ਿਆਦਾ ਡਿਊਟੀ ਸੀ ਤੇ ਉਹ ਭਾਈ ਜੱਗਾ ਸਿੰਘ ਨਾਲ ਹਰ ਵਕਤ ਲਗਦੇ ਰਹਿੰਦੇ ਸੀ ਕਿਉਂਕਿ ਜਿਹੜਾ ਪਰਮੇਸ਼ਰ ਦੀ ਦਾਤ ਨਾਲ ਈਰਖਾ ਕਰਦਾ ਹੈ ਉਹ ਗੁਰਸਿਖ ਨਹੀਂ ਹੋਇਆ ਕਰਦਾ।

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਕੋਲੋਂ ਪੁਛਿਆ ਕਿ ਸੱਚੇ ਪਾਤਸ਼ਾਹ! ਜੋ ਸੰਸਾਰ ਦੀਆਂ ਵਾਸ਼ਨਾਵਾਂ ਹਨ, ਰਹਿਣ ਸਹਿਣ ਹੈ, ਲਹਿਰਾਂ ਹਨ। ਇਹ ਅੱਗ ਦੀ ਤਰ੍ਹਾਂ ਸਾਡੇ ਅੰਦਰ ਚਲਦੀਆਂ ਰਹਿੰਦੀਆਂ ਹਨ। ਅਸੀਂ ਨਾਮ ਵੀ ਜਪਦੇ ਹਾਂ, ਬਾਣੀ ਵੀ ਪੜ੍ਹਦੇ ਹਾਂ, ਕਾਰਨ ਕੀ ਹੈ? ਸਾਡਾ ਮੰਨ ਸ਼ਾਂਤ ਕਿਉਂ ਨਹੀਂ ਹੁੰਦਾ। ਮਹਾਰਾਜ ਜੀ ਨੇ ਸਹਿ ਸੁਭਾਅ ਕਹਿ ਦਿੱਤਾ। ਕਹਿੰਦੇ, "ਭਾਈ! ਤੁਸੀਂ ਚਾਰ ਚਾਰ ਵਿਆਹ ਹੋਰ ਕਰਵਾ ਲਓ।"

ਸੰਗਤ ਬੜੀ ਦੂਰ ਦੂਰ ਤੋਂ ਆਈ ਸੀ, ਬਚਨ ਮੰਨਦੇ ਤਾਂ ਵੀ ਔਖਾ, ਨਾ ਮੰਨਦੇ ਤਾਂ ਔਖਾ। ਗੱਲ ਸਮਝ ਵਿਚ ਨਹੀਂ ਆਈ। ਜਥੇਦਾਰ ਨੂੰ ਬੇਨਤੀ ਕਰੀ ਕਿ ਮਹਾਰਾਜ! ਸਮਝ ਨਹੀਂ ਆਈ ਕਿ ਅਸੀਂ ਪਹਿਲਾਂ ਇਕ ਇਕ ਵਿਆਹ ਤੋਂ ਹੀ ਤੰਗ ਹਾਂ। ਜੇ ਚਾਰ ਚਾਰ ਹੋ ਗਏ ਸਾਡਾ ਤਾਂ ਘਰ ਵਿਚ ਹੀ ਮਹਾਂਭਾਰਤ ਬਣ ਜਾਵੇਗਾ। ਸਰਿਆਂ ਨੇ ਇਕੱਠੇ ਹੋ ਕੇ ਬੇਨਤੀ ਕਰੀ ਕਿ ਮਹਾਰਾਜ! ਵਿਆਹ ਤਾਂ ਇਕ ਇਕ ਬਹੁਤ ਹੈ। ਇਹ ਵੀ ਅਸੀਂ ਸਮਝਦੇ ਹਾਂ ਕਿ ਨਾ ਹੁੰਦਾ ਤਾਂ ਚੰਗਾ ਸੀ। ਪਰ ਤੁਸੀਂ ਤਾਂ ਹੁਣ ਹੁਕਮ ਦੇ ਦਿਤਾ ਕਿ ਚਾਰ ਚਾਰ ਹੋਰ ਕਰਵਾਓ।

ਕਹਿੰਦੇ, "ਪਿਆਰਿਓ! ਅਸੀਂ ਸਰੀਰ ਦੇ ਵਿਆਹ ਨੂੰ ਨਹੀਂ ਕਹਿੰਦੇ। ਤੁਸੀਂ ਪੁਛਿਆ ਨਹੀਂ, ਅਸੀਂ ਦਸਿਆ ਨਹੀਂ। ਹੁਣ ਤੁਸੀਂ ਪੁਛਿਆ, ਅਸੀਂ ਤੁਹਾਨੂੰ ਦਸ ਦਿੰਦੇ ਹਾਂ। ਕਹਿੰਦੇ, ਚਾਰ ਚੀਜ਼ਾਂ ਹੁੰਦੀਆਂ ਨੇ, ਈਰਖਾ ਨੂੰ ਰੋਕਣ ਵਾਸਤੇ, ਉਹਦਾ ਵਿਆਹ ਕਰ ਲਓ। ਮਾਨਸਿਕ ਵਿਆਹ ਕਰ ਲਓ, ਯਾਨੀ ਉਹਨਾਂ ਨੂੰ ਧਾਰਨ ਕਰ ਲਓ।

ਪਹਿਲੀ ਹੈ - ਜਿਸਨੂੰ ਕਰੁਣਾ ਕਹਿੰਦੇ ਹਨ। ਦਇਆ ਕਰਨੀ, ਜੋ ਤੁਹਾਡੇ ਤੋਂ ਗਰੀਬ ਹੈ, ਥੋੜੇ ਪੈਸੇ ਵਾਲਾ ਹੈ, ਥੋੜੀ ਤਾਕਤ ਵਾਲਾ ਹੈ। ਉਹਦੇ ਉਤੇ ਪਿਆਰਿਆ ਦਇਆ ਕਰੋ। ਅਭਿਮਾਨ ਵਿਚ ਨਾ ਆਓ ਕਿ ਮੈਂ ਵੱਡਾ ਹਾਂ। ਤੁਹਾਨੂੰ ਦਾਤਾਂ ਗੁਰੂ ਨੇ ਦਿੱਤੀਆਂ ਨੇ, ਤੁਹਾਡਾ ਉਹਨਾਂ ਦਾਤਾਂ ਤੇ ਜੋਰ ਨਹੀਂ, ਉਹ ਗਰੀਬ ਹੈ, ਉਹਦੀ ਹਮਦਰਦੀ ਕਰੋ, ਤੁਸੀਂ ਜਿੰਨੀ ਕਰ ਸਕਦੇ ਹੋ। ਸੋ ਕਰੁਣਾ ਬਿਰਤੀ ਧਾਰੋ।

ਦੂਸਰੀ ਬਿਰਤੀ ਹੈ ਮੈਤਰੀ। ਜਿਹੜੇ ਤੁਹਾਡੇ ਬਰਾਬਰ ਦੇ ਹਨ, ਇਕੱਠੇ ਕੰਮ ਕਰਦੇ ਹੋ, ਬਰਾਬਰ ਦੀ ਤਰੱਕੀ ਹੈ। ਉਹਦੇ ਵਿਚ ਹਸਰਤ ਦੀ ਲੋੜ ਹੈ। ਤੁਸੀਂ ਮਿਤਰਤਾ ਧਾਰਨ ਕਰੋ। ਜਿਹੜੇ ਤੁਹਾਡੇ ਤੋਂ ਵਧ ਗਏ ਉਹ ਪਰਮੇਸ਼ਰ ਦੀ ਦਿੱਤੀ ਹੋਈ ਦਾਤ ਨਾਲ ਵੱਧੇ ਹਨ, ਉਹਦੀ ਪ੍ਰਸੰਸਾ ਕਰੋ। ਉਹਨੂੰ ਮੁਦਤਾ ਬਿਰਤੀ ਕਹਿੰਦੇ ਹਨ।

ਜਿਹੜੇ ਤੁਹਾਡੇ ਨਾਲ ਈਰਖਾ ਕਰਦੇ ਹਨ, ਉਹਨਾਂ ਨੂੰ ਪੇਖਿਆ ਬਿਰਤੀ ਨਾਲ ਦੂਰ ਕਰ ਦਿਓ। ਹੌਲੀ ਹੌਲੀ ਪਾਸੇ ਹਟ ਜਾਓ। ਜੇ ਰੋਜ਼ ਮਿਲਦੇ ਹੋ ਸੱਤੀ ਦਿਨ ਮਿਲਣ ਲਗ ਜਾਓ, ਸੱਤਾਂ ਦਿਨਾਂ ਤੋਂ ਬਾਅਦ 15 ਦਿਨੀ, ਫੇਰ ਮਹੀਨਾ, ਫੇਰ ਹੌਲੀ ਹੌਲੀ ਸਾਰੀਆਂ ਚੀਜ਼ਾਂ ਨੂੰ ਭੁੱਲ ਜਾਓ।

ਸੋ ਕਹਿੰਦੇ, ਇਹਦੇ ਨਾਲ ਜਿਹੜੀ ਈਰਖਾ ਹੈ ਉਹਦਾ ਇਲਾਜ ਹੋ ਜਾਇਆ ਕਰਦਾ ਹੈ। ਨਹੀਂ ਤਾਂ ਈਰਖਾ ਦਾ ਰੋਗ ਐਸਾ ਹੈ ਕਿ ਆਪ ਦਾ ਨੁਕਸਾਨ ਵੀ ਕਰ ਲੈਂਦਾ ਹੈ ਦੂਸਰੇ ਦਾ ਦੁਗਣਾ ਚੌਗੁਣਾ ਨੁਕਸਾਨ ਦੇਖਣਾ ਚਾਹੁੰਦਾ ਹੈ। ਇਹ ਵਾਹਿਗੁਰੂ ਦੀ ਦਾਤ ਹੈ। ਦਿੱਤੀ ਹੋਈ ਦਾਤ ਕਿਸੇ ਨੂੰ ਉਹ ਘਟ ਦਿੰਦਾ ਹੈ, ਕਿਸੇ ਨੂੰ ਵੱਧ ਦਿੰਦਾ ਹੈ। ਉਹਦੇ ਵਿਚ ਕਿਉਂ –

***ਅਹਿਰਖ ਵਾਦੁ ਨ ਕੀਜੈ ਰੇ ਮਨ॥***
***ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥*** ***ਪੰਨਾ – 479***

ਈਰਖਾ ਨਾ ਕਰ, ਇਹ ਤਾਂ ਵਾਹਿਗੁਰੂ ਦੀਆਂ ਦਾਤਾ ਹਨ।

***ਧਾਰਨਾ – ਇਕਨਾ ਨੂੰ ਪਲੰਘ ਨਵਾਰ ਦੇ,***
***ਇਕਨਾ ਨੂੰ ਹੈ ਨਾ ਗੋਦੜੀ –2, 2.***
***ਮੇਰੇ ਪਿਆਰੇ, ਇਕਨਾ ਨੂੰ ਹੈ ਨਾ ਗੋਦੜੀ–2, 2.***
***ਇਕਨਾ ਨੂੰ ਪਲੰਘ ਨਵਾਰ ਦੇ,................ –2.***

***ਕਾਹੂ ਦੀਨੇ੍ ਪਾਟ ਪਟੰਬਰ ਕਾਹੂ ਪਲਘ ਨਿਵਾਰਾ॥***
***ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥***
***ਪੰਨਾ – 479***

ਕਹਿਣ ਲੱਗੇ, ਇਹ ਤਾਂ ਪਰਮੇਸ਼ਰ ਦੀਆਂ ਪ੍ਰਾਲਬਧ ਦੇ ਹਿਸਾਬ ਨਾਲ ਦਿੱਤੀਆਂ ਹੋਈਆਂ ਦਾਤਾਂ ਹੁੰਦੀਆਂ ਹਨ। ਦਾਤੇ ਦੀ ਦਿੱਤੀ ਹੋਈ ਦਾਤ ਨਾਲ ਪਿਆਰਿਓ ਕੀ ਈਰਖਾ ਕਰਨੀ ਹੈ।

***ਅਹਿਰਖ ਵਾਦੁ ਨ ਕੀਜੈ ਰੇ ਮਨ॥***
***ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥***
***ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥***
***ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥***
***ਪੰਨਾ – 479***

ਸੋ ਇਹ ਇਸ ਤਰ੍ਹਾਂ ਨਾਲ ਦੂਰ ਹੋਇਆ ਕਰਦੀ ਹੈ। ਮਹਾਰਾਜ ਕਹਿੰਦੇ –

***ਏਕਸੁ ਸਿਉ ਜਾ ਕਾ ਮਨੁ ਰਾਤਾ॥*** ***ਪੰਨਾ – 189***

ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਮਨ ਰੱਤਿਆ ਗਿਆ, ਪਿਆਰ ਵਿਚ ਭਿੱਜ ਗਿਆ। ਉਹ ਕੀ ਹੁੰਦਾ ਹੈ –

***ਵਿਸਰੀ ਤਿਸੈ ਪਰਾਈ ਤਾਤਾ॥*** ***ਪੰਨਾ – 189***

ਉਹ ਗੰਦੀ ਚੀਜ਼ ਨੂੰ ਮੁੜ ਕੇ ਅੰਦਰ ਨਹੀਂ ਆਉਣ ਦਿੰਦਾ।

***ਬਿਨੁ ਗੋਬਿੰਦ ਨ ਦੀਸੈ ਕੋਈ॥***
***ਕਰਨ ਕਰਾਵਨ ਕਰਤਾ ਸੋਈ॥*** ***ਪੰਨਾ – 189***

ਜਿਹੜਾ ਵਾਹਿਗੁਰੂ ਦੀ ਸਾਰਾ ਰੂਪ ਦੇਖਦਾ ਹੈ। ਉਹਦੇ ਅੰਦਰ ਈਰਖਾ ਕਿਥੋ ਆ ਜਾਏਗੀ।

***ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ॥***
***ਸੋ ਜਨੁ ਇਤ ਉਤ ਕਤਹਿ ਨ ਡੋਲੈ॥*** ***ਪੰਨਾ – 189***

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥*** ***ਪੰਨਾ – 1299***

ਸੋ ਇਸ ਤਰ੍ਹਾਂ ਐਸੀ ਬਿਰਤੀ ਉਸ ਗੁਰਸਿਖ ਦੀ ਸੀ ਭਾਈ ਜੱਗਾ ਸਿੰਘ ਦੀ। ਉਸਨੂੰ ਹਰ ਵਕਤ ਭਲਾ ਬੁਰਾ ਕਹਿੰਦੇ। ਗਾਲਾਂ ਤੱਕ ਵੀ ਦਿੰਦੇ। ਐਸਾ ਵੀ ਹੈ ਕਿ ਉਸਨੂੰ ਧੱਕੇ ਵੀ ਮਾਰਦੇ, ਬਹੁਤ ਗੁਰੂ ਦਾ ਸਿੱਖ ਬਣਿਆ ਫਿਰਦੈ। ਬਹੁਤ ਕੌੜੇ ਬੋਲ ਬੋਲਦੇ ਹਨ, ਤੇਰੇ ਵਰਗੇ ਐਥੇ ਬੇਅੰਤ ਆਏ, ਤੇਰਾ ਵੀ ਹਾਲ ਓਹੀ ਹੋਣੈ, ਪਤਾ ਲਗੇਗਾ ਜਦੋਂ ਐਥੋਂ ਨਿਕਲੇਂਗਾ। ਉਹਨੇ ਹੱਥ ਬੰਨ ਛੱਡਣੇ ਨਾ ਬੁਰਾ ਕਹਿਣਾ, ਨਾ ਭਲਾ ਕਹਿਣਾ।

ਕਹਿੰਦਾ, "ਪਿਆਰਿਓ! ਗੁਰ ਦੀ ਬਖਸ਼ਿਸ਼ ਹੈ, ਜਿੰਨਾ ਚਿਰ ਹੈ, ਓਨਾ ਚਿਰ ਸੇਵਾ ਲੈ ਰਹੇ ਹਨ।"

ਉਹ ਈਰਖਾ ਵੱਸ ਆਏ ਹੋਏ, ਐਸੀਆਂ ਗੱਲਾਂ ਬੋਲਣੀਆਂ ਜਿਹੜੀਆਂ ਸਹਿਣੀਆਂ ਔਖੀਆਂ ਹੋ ਜਾਣੀਆਂ।

ਇਕ ਦਿਨ ਦੇਖਿਆ, ਗੁਰੂ ਮਹਾਰਾਜ ਬਿਰਾਜੇ ਹੋਏ ਹਨ, ਲੇਕਿਨ ਮਹਾਰਾਜ ਨੇ ਵੈਸੇ ਹੀ ਅੱਖਾਂ ਬੰਦ ਕਰੀਆਂ ਹੋਈਆਂ ਸੀ ਤੇ ਤਾਨ੍ਹੇ –ਮੇਹਣੇ ਵਾਲੀਆਂ ਗੱਲਾਂ ਇਸਨੂੰ ਕਹੀਆਂ ਤੇ ਇਹ ਹੱਥ ਬੰਨੀ ਕਹਿ ਦਿਆ ਕਰੇ ਕਿ ਪਿਆਰਿਓ! ਮੈਂ ਤਾਂ ਹੈ ਹੀ ਐਸਾ, ਗੁਰੂ ਮਹਾਰਾਜ ਨੇ ਇਸ ਗੱਲ ਲਿਆ, ਕਹਿਣ ਲੱਗੇ, "ਦੇਖੋ! ਪਹਿਲਾਂ ਤਾਂ ਸਿੱਖ ਨੂੰ ਫਿਕਾ ਬੋਲਣਾ ਮਨ੍ਹਾ ਹੈ। ਇਹ ਐਨਾ ਫਿਕਾ ਬੋਲੇ, ਬੋਲੇ ਵੀ ਸਾਡੇ ਨੇੜੇ।"

ਮਹਾਰਾਜ ਸਭ ਕੁਝ ਜਾਣਦੇ ਸੀ। ਇਹ ਵੀ ਜਾਣਦੇ ਸੀ ਕਿ ਇਸਨੂੰ ਧੱਕੇ ਮਾਰਦੇ ਹਨ, ਐਥੋਂ ਤੱਕ ਕਿ ਥੱਪੜ ਵੀ ਮਾਰਦੇ ਹਨ। ਇਹ ਗੁਰਸਿਖ ਕੁਛ ਨਹੀਂ ਕਹਿੰਦਾ, ਹੱਥ

ਬੰਨ੍ਹ ਦਿੰਦਾ ਹੈ, ਮੈਂ, ਭੁਲਣਹਾਰ ਹਾਂ, ਤੁਸੀਂ ਮੈਨੂੰ ਸੇਧ ਦੇ ਰਹੇ ਹੋ, ਸੋਧਦੇ ਰਹੇ ਹੋ ਮੈਨੂੰ ਤਾਂ ਕਿ ਮੈਂ ਭੁੱਲਾਂ ਕੱਢ ਦਵਾਂ।

ਫਿਕਾ ਬੋਲਦੇ ਨੇ, ਮਹਾਰਾਜ ਕਹਿੰਦੇ, ਜਿਹੜਾ ਫਿਕਾ ਬੋਲਦਾ ਹੈ ਉਹ ਦਰਗਾਹ ਵਿਚ ਧੱਕਿਆ ਜਾਂਦਾ ਹੈ। ਗੁਰਸਿਖੀ ਦੇ ਅੰਦਰ ਫਿੱਕੇ ਨੂੰ ਕੋਈ ਥਾਂ ਨਹੀਂ ਹੈ। ਐਥੇ ਮਿਠਾ ਬੋਲਣ ਵਾਲੇ ਦੀ ਕਦਰ ਹੈ। ਸਤਿਗੁਰ ਦੀ ਐਨੀਆਂ ਖੁਸ਼ੀਆਂ ਹਨ ਉਹਦੇ ਉੱਤੇ।

ਸੋ ਮਹਾਰਾਜ ਨੇ ਭਾਈ ਜੱਗਾ ਸਿੰਘ ਨੂੰ ਬੁਲਾਇਆ, ਕਹਿੰਦੇ, ਭਾਈ ਜੱਗਾ ਸਿੰਘ ਇਹਨਾਂ ਨੇ ਕੀ ਕਿਹਾ ਸੀ? ਇਹ ਬੜੇ ਫਿਕੇ ਅੱਖਰ ਬੋਲੇ, ਅਸੀਂ ਜਾਗਦੇ ਸੀ।"

ਕਹਿੰਦਾ, "ਸੱਚੇ ਪਾਤਸ਼ਾਹ! ਤੁਸੀਂ ਸਭ ਕੁਝ ਜਾਣਦੇ ਹੋ। ਮੈਨੂੰ ਤਾਂ ਕੁਛ ਨਹੀਂ ਕਿਹਾ, ਇਹ ਮੇਰੇ ਵੱਡੇ ਭਰਾ ਹਨ ਤੇ ਵੱਡੇ ਭਰਾ ਮਤ ਦਿੰਦੇ ਹੀ ਹੁੰਦੇ ਹਨ। ਜੇ ਛੋਟਾ ਗਲਤੀ ਕਰੇ, ਮਾਰਦੇ ਵੀ ਹਨ, ਕੌੜੇ ਅੱਖਰ ਵੀ ਬੋਲਦੇ ਹਨ। ਪਾਤਸ਼ਾਹ! ਮੈਨੂੰ ਕੋਈ ਫਰਕ ਨਹੀਂ, ਆਪ ਇਹਨਾਂ ਉਤੇ ਦ੍ਰਿਸ਼ਟੀ ਰੱਖੋ, ਕਿਰਪਾ ਕਰੋ। ਇਹਨਾਂ ਦੇ ਮਨ ਨੂੰ ਸ਼ਾਂਤ ਕਰੋ।

ਸੋ ਸੰਗਤ ਇਕੱਠੀ ਹੋ ਗਈ। ਮਹਾਰਾਜ ਨੇ ਸਾਰੀ ਸੰਗਤ ਦੇ ਸਾਮ੍ਹਣੇ ਕਿਹਾ, ਕਹਿੰਦੇ, ਇਉਂ ਕਰੋ ਭਾਈ, ਇਕ ਪਾਣੀ ਦਾ ਬਾਟਾ ਲੈ ਆਓ, ਵੱਡਾ ਬਾਟਾ ਮੰਗਵਾ ਲਿਆ ਤੇ ਇਕ ਗੁਰਸਿਖ ਨੂੰ ਕਿਹਾ, ਸਾਮ੍ਹਣੇ ਪਤਾਸ਼ਾ ਵਿਚ ਪਾ ਦੇ। ਦੂਸਰੇ ਨੂੰ ਕਿਹਾ, ਤੂੰ ਆ ਢੇਰੀ ਵਿਚੋਂ ਡਲਾ ਚੁੱਕ ਕੇ ਪਾ ਦੇ, ਤੀਸਰੇ ਨੂੰ ਕਿਹਾ, ਆਹ ਰੋੜੀ ਪਾ ਦੇ, ਪੱਥਰ ਪਾ ਦੇ। ਉਸ ਤੋਂ ਬਾਅਦ ਮਹਾਰਾਜ! ਪਹਿਰ ਭਰ ਬਚਨ ਕਰਦੇ ਰਹੇ। ਪਹਿਰ ਤੋਂ ਬਾਅਦ ਕਹਿਣ ਲੱਗੇ, ਪਿਆਰਿਓ! ਕੱਢੋ ਜਾ ਕੇ ਪਤਾਸ਼ਾ ਲਿਆਉ ਜਾ ਕੇ, ਪਸਾਸ਼ੇ ਵਾਲੇ ਨੇ ਦੇਖਿਆ, ਉਥੇ ਕੁਛ ਵੀ ਨਹੀਂ।

ਕਹਿੰਦਾ, "ਸੱਚੇ ਪਾਤਸ਼ਾਹ! ਪਤਾਸ਼ਾ ਤਾਂ ਉਥੇ ਰਿਹਾ ਹੀ ਨਹੀਂ।"

ਕਹਿੰਦੇ, "ਕਿਥੇ ਗਿਆ।"

ਕਹਿੰਦਾ, "ਪਾਣੀ ਵਿਚ ਘੁੱਲ ਗਿਆ।"

ਕਹਿੰਦੇ, "ਵਖਰਾ ਨਜ਼ਰ ਨਹੀਂ ਆਉਂਦਾ।"

ਕਹਿੰਦਾ, "ਨਾ ਮਹਾਰਾਜ! ਉਹ ਤਾਂ ਪਾਣੀ ਦਾ ਰੂਪ ਬਣ ਗਿਆ।"

ਦੂਸਰੇ ਨੇ ਡਲਾ ਕੱਢਿਆ।

ਮਹਾਰਾਜ ਕਹਿੰਦੇ, "ਐਥੇ ਧੁੱਪੇ ਰਖਦੇ।"

ਉਸ ਤੋਂ ਬਾਅਦ ਤੀਸਰੇ ਨੇ ਪੱਥਰ ਕਢਿਆ।

ਕਹਿੰਦੇ, ਕਿਉਂ ਪੱਥਰ ਵਾਲੇ ਪ੍ਰੇਮੀਆ! ਪੱਥਰ ਗਿੱਲਾ ਹੈ ਕਿ ਸੁੱਕਾ ਹੈ। ਕਹਿੰਦਾ, "ਮਹਾਰਾਜ! ਗਿੱਲਾ ਸੀ, ਹਵਾ ਲਗੀ ਸੁੱਕਾ ਹੋ ਗਿਆ।"

ਥੋੜ੍ਹੀ ਦੇਰ ਬਾਅਦ ਡਲੇ ਵਾਲੇ ਨੂੰ ਕਿਹਾ, ਕਹਿੰਦੇ, "ਤੇਰੇ ਡਲੇ ਦਾ ਕੀ ਹਾਲ ਹੈ?"

ਕਹਿੰਦਾ, "ਮਹਾਰਾਜ! ਪਹਿਲਾਂ ਤਾਂ ਗਾਰਾ ਸੀ, ਹੁਣ ਤਾਂ ਆਠਰ ਗਿਆ, ਜੇ ਹੋਰ ਧੁੱਪ ਲਗ ਗਈ, ਉਸ ਤੋਂ ਵੀ ਕਰੜਾ ਡਲਾ ਬਣ ਜਾਣਾ ਹੈ।"

ਸਾਰੀ ਸੰਗਤ ਨੇ ਗੱਲ ਵਿਚ ਪੱਲਾ ਪਾ ਕੇ ਮਹਾਰਾਜ ਜੀ ਨੂੰ ਪੁਛਿਆ, "ਸੱਚੇ ਪਾਤਸ਼ਾਹ! ਅਸੀਂ ਆਪ ਦੇ ਕੌਤਕ ਨੂੰ ਸਮਝ ਨਹੀਂ ਸਕੇ।

ਮਹਾਰਾਜ ਕਹਿੰਦੇ, "ਪਿਆਰਿਆ! ਅਸੀਂ ਤੁਹਾਨੂੰ ਦੋ ਗੱਲਾਂ ਪ੍ਰਤੱਖ ਰੂਪ ਵਿਚ ਦਿਖਾਈਆਂ। ਸਾਡੇ ਕੋਲ ਆ ਕੇ ਸਿੱਖੀ ਧਾਰਨ ਕਰਦੇ ਨੇ ਤੇ ਸਾਡੇ ਸਿੱਖ ਅਖਵਾਉਂਦੇ ਨੇ। ਗੁਰੂ ਵਾਲੇ ਕਹਾਉਂਦੇ ਹਨ, ਪਰ ਉਹਨਾਂ ਦੀ ਹਾਲਤ ਹੋਰ ਹੈ। ਇਕ ਉਹ ਨੇ ਜਿਹੜੇ ਸਚਮੁੱਚ ਸਿੱਖੀ ਧਾਰਨ ਕਰਦੇ ਨੇ। ਉਹਨਾਂ ਦੀ ਹਾਲਤ ਹੋਰ ਹੈ। ਜਿਹੜੇ ਗੁਰੂ ਨੂੰ ਪਰਮੇਸ਼ਰ ਦਾ ਜਾਣ ਕੇ ਸਿੱਖੀ ਧਾਰਨ ਕਰਦੇ ਹਨ ਤੇ ਉਹਦੇ ਇਕ ਇਕ ਬਚਨ ਦੀ ਕਮਾਈ ਕਰਦੇ ਹਨ। ਉਹਨਾਂ ਦੇ ਉੱਤੇ ਗੁਰਾਂ ਦੀ ਰੰਗਤ ਚੜ ਜਾਂਦੀ ਹੈ।

***ਧਾਰਨਾ - ਚੰਦਨ ਬਣ ਜਾਂਦੇ ਨੇ,***
***ਚੰਦਨ ਦੇ ਨੇੜੇ ਰਹਿ ਕੇ -2, 2.***

***ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥***
***ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥***

***ਪੰਨਾ - 1366***

ਕਹਿੰਦੇ, ਐਸੇ ਜੋ ਗੁਰਸਿਖ ਉਹਨਾਂ ਤੇ ਬਾਣੀ ਦਾ ਅਸਰ ਹੁੰਦਾ ਹੈ। ਵਿਕਾਰਾਂ ਨੂੰ ਛੱਡ ਦਿੰਦੇ ਹਨ, ਆਪਣੇ ਸੁਭਾਅ ਨੂੰ ਛੱਡ ਦਿੰਦੇ ਹਨ। ਗੁਰੂ ਦਾ ਸੁਭਾਅ ਧਾਰਨ ਕਰਕੇ, ਜਿਸ ਤਰ੍ਹਾਂ ਸਾਰੀਆਂ ਚੀਜ਼ਾਂ ਚੰਦਨ ਦੇ ਨੇੜੇ ਰਹਿ ਕੇ ਵਾਸ਼ਨਾਵਾਂ ਭਰ ਜਾਂਦੀਆਂ ਹਨ। ਐਸੇ ਤਰ੍ਹਾਂ ਨਾਲ ਉਹ ਜਿਹੜਾ ਗੁਰਸਿਖ ਹੈ, ਸ਼ਰਧਾ ਭਗਤੀ ਵਾਲਾ, ਪਿਆਰ ਵਾਲਾ, ਉਹ ਗੁਰੂ ਦਾ ਗੁਣ ਗ੍ਰਹਿਣ ਕਰਕੇ, ਉਹਦਾ ਰੂਪ ਬਣ ਜਾਂਦਾ ਹੈ।

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥ (ਸਰਬ ਲੋਹ ਗ੍ਰੰਥ 'ਚੋਂ)***

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਇਕ ਉਹ ਨੇ ਜਿਹੜੇ ਗੁਰੂ ਉਤੇ ਗਿਣਤੀ ਰਖਦੇ ਹਨ। ਉਹਦੀ ਕਿਰਿਆ ਨੂੰ ਦੇਖਦੇ ਹਨ ਤੇ ਉਸਨੂੰ ਮਨੁੱਖ

ਰੂਪ ਕਰਕੇ ਜਾਣਦੇ ਹਨ ਜਾਂ ਉਤਮ ਰੂਪ ਕਰਕੇ ਜਾਣਦੇ ਹਨ। ਲੇਕਿਨ ਪਰਮੇਸ਼ਰ ਰੂਪ ਕਰਕੇ ਨਹੀਂ ਜਾਣਦੇ।

ਕਹਿਣ ਲੱਗੇ, ਉਹ ਆਪਣਾ ਸੁਭਾਅ ਨਹੀਂ ਬਦਲਦੇ, ਆਪਣੀ ਬਿਰਤੀ ਨਹੀਂ ਬਦਲਦੇ। ਉਹਨਾਂ ਵਿਚ ਕੋਈ ਪਰਿਵਰਤਨ ਨਹੀਂ ਹੋਇਆ ਕਰਦਾ ਤੇ ਆਪਣੇ ਅਭਿਮਾਨ ਵਿਚ ਰਹਿ ਕੇ ਕੋਈ ਵੀ ਤਰੱਕੀ ਨਹੀਂ ਕਰਿਆ ਕਰਦੇ।

***ਧਾਰਨਾ - ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,***
***ਨੇੜੇ ਰਹਿ ਕੇ ਚੰਦਨ ਦੇ -2, 2.***

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥***

***ਪੰਨਾ - 1366***

ਕਹਿਣ ਲੱਗੇ, ਦੂਜੇ ਉਹ ਨੇ ਜੋ ਗੁਰੂ ਦੇ ਨੇੜੇ ਰਹਿੰਦੇ ਨੇ। ਮਨ ਦੇ ਵਿਚ ਅਭਿਮਾਨ ਹੈ, ਆਪਣੀ ਸਿੱਖੀ ਦਾ, ਆਪਣੀ ਕਰਨੀ ਦਾ। ਕਹਿੰਦੇ, ਪਿਆਰਿਓ! ਉਹਦੇ ਉਤੇ ਨਾ ਗੁਰੂ ਦੀ ਬਾਣੀ ਦਾ ਅਸਰ ਹੋਵੇ, ਨਾ ਗੁਰੂ ਦੇ ਜੀਵਨ ਦਾ ਅਸਰ ਹੋਵੇ। ਜਿਵੇਂ -

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥***

***ਪੰਨਾ - 1366***

ਕਹਿੰਦੇ, ਇਸ ਤਰ੍ਹਾਂ ਨਾਲ ਉਹ ਜਿਹੜਾ ਸਿੱਖ ਹੈ, ਉਹ ਆਹ ਪੱਥਰ ਵਰਗਾ ਹੁੰਦਾ ਹੈ।

ਕਹਿੰਦੇ, "ਮਹਾਰਾਜ! ਸਿੱਖੀ ਵਿਚ ਵੀ ਕੋਈ ਭੇਦ ਹੈ?"

ਮਹਾਰਾਜ ਕਹਿੰਦੇ, "ਹਾਂ ਪਿਆਰਿਓ! ਇਹ ਸ਼ਰਧਾ ਦੇ ਹਿਸਾਬ ਨਾਲ ਹੈ। ਇਕ ਪੂਰੀ ਸ਼ਰਧਾ ਸਾਵਧਾਨਤਾ ਨਾਲ ਆਉਂਦੇ ਹਨ। ਇਕ ਐਵੇਂ ਆ ਜਾਂਦੇ ਹਨ। ਦੋਵਾਂ ਵਿਚ ਫਰਕ ਰਹਿ ਜਾਂਦਾ ਹੈ। ਗੁਰੂ ਦਾ ਦੋਸ਼ ਨਹੀਂ ਹੈ। ਗੁਰੂ ਅੰਮ੍ਰਿਤ ਦੀ ਵਰਸ਼ਾ ਕਰਦਾ ਹੈ। ਇਕਨਾ ਨੇ ਜੋ ਆਪਣਾ ਬਰਤਨ ਹੈ, ਉਹ ਉਥੋਂ ਵਾਂਝੇ ਕਰਕੇ, ਉਥੇ ਰਖ ਦਿੱਤਾ, ਜਿਥੇ ਅੰਮ੍ਰਿਤ ਵਰਸ਼ਾ ਦੀ ਇਕ ਬੂੰਦ ਵੀ ਉਹਦੇ ਵਿਚ ਨਾ ਜਾਵੇ। ਇਕਨਾ ਨੇ ਸਨਮੁਖ ਰਖ ਦਿੱਤਾ। ਜੋ ਹਿਰਦੇ ਨੂੰ ਸਨਮੁਖ ਰਖਦੇ ਹਨ। ਉਹਦੇ ਵਿਚ ਨਾਮ ਅੰਮ੍ਰਿਤ ਭਰ ਜਾਂਦਾ ਹੈ।

ਜਿਹੜੇ ਗੁਰੂ ਤੇ ਗਿਣਤੀ ਕਰਦੇ ਹਨ। ਗੁਰੂ ਮਨੁੱਖ ਜਾਣਕੇ ਸੇਵਾ ਕਰਦੇ ਹਨ। ਕਹਿੰਦੇ, ਉਹਨਾਂ ਤੇ ਕੋਈ ਅਸਰ ਨਹੀਂ ਹੋਇਆ ਕਰਦਾ।

ਕਹਿਣ ਲੱਗੇ, "ਮੋਟੇ ਅੱਖਰਾਂ ਵਿਚ ਸਿੱਖੀ ਪੰਜ ਪ੍ਰਕਾਰ ਦੀ ਹੈ। ਪਹਿਲੀ ਹੈ - ਦੇਖਾ ਦੇਖੀ, ਸਿੱਖੀ ਧੜਾ-ਧੜ ਬਣ ਰਹੇ ਹਨ। ਮੈਂ ਵੀ ਬਣ ਜਾਵਾਂ, ਮੈਂ ਵੀ ਬਣ ਜਾਵਾਂ, ਪਤਾ ਹੈ ਨਹੀਂ ਮੈਂ ਕਿਉਂ ਬਣਦਾ ਹਾਂ, ਇਹਦਾ ਕੀ ਲਾਭ ਹੋਏਗਾ। ਮੇਰੇ ਸਾਮ੍ਹਣੇ ਕੋਈ ਮਕਸਦ ਹੈ ਕਿ ਨਹੀਂ ਹੈ, ਕੋਈ ਗੱਲ ਨਹੀਂ ਹੈ। ਐਵੇਂ ਦੇਖਾ ਦੇਖੀ ਦੀ ਸਿੱਖੀ ਕੋਈ ਅਸਰ ਨਹੀਂ, ਥੋੜ੍ਹੀ ਜਿਹੀ ਦੇਰ ਬਾਅਦ ਗਿਰ ਜਾਂਦੇ ਹਨ। ਮਨਮੁਖ ਹੋ ਜਾਂਦੇ ਹਨ। ਜਿਥੋਂ ਗੁਰੂ ਨੇ ਕੱਢੇ ਉਥੇ ਹੀ ਜਾ ਕੇ ਗਿਰ ਜਾਂਦੇ ਹਨ।

ਦੂਸਰੀ ਹੁੰਦੀ ਹੈ, ਧੰਧੇ ਦੀ, ਕੋਈ ਦੁਕਾਨ ਹੈ। ਸਾਰਾ ਪਿੰਡ ਸਿੱਖਾਂ ਦਾ ਬਣ ਗਿਆ। ਉਹ ਕਹਿੰਦਾ, ਮੇਰਾ ਧੰਧਾ ਤਾਂ ਚਲੇਗਾ ਜੇ ਮੈਂ ਵੀ ਇਹਨਾਂ ਵਰਗਾ ਹੋ ਜਾਵਾਂ। ਉਹ ਆ ਕੇ ਸਿੱਖੀ ਧਾਰਨ ਕਰ ਲੈਂਦੇ ਹਨ। ਕਾਰੋਬਾਰ ਵਾਸਤੇ ਸਿੱਖੀ ਧਾਰਨ ਕਰ ਲੈਂਦੇ ਹਨ। ਸੋ ਕਹਿੰਦੇ, ਧੰਧੇ ਦੀ ਸਿੱਖੀ ਹੁੰਦੀ ਹੈ। ਧੰਧਿਆਂ ਵਾਸਤੇ ਗੁਰੂ ਨੂੰ ਧਾਰਨ ਕਰਦੇ ਹਨ। ਮੇਰਾ ਆਹ ਹੋ ਜਾਏ। ਮੇਰੀਆਂ ਮੱਝਾਂ ਦੁਧ ਦੇਣ ਲੱਗ ਜਾਣ, ਮੇਰੇ ਬੱਚੇ ਪਲ ਜਾਣ, ਔਲਾਦ ਨਹੀਂ ਔਲਾਦ ਹੋ ਜਾਵੇ। ਐਸੀਆਂ ਚੀਜ਼ਾਂ ਮਨ ਵਿਚ ਲੈ ਕੇ ਧੰਧਿਆਂ ਨੂੰ ਲੈ ਕੇ, ਸਿੱਖੀ ਧਾਰਨ ਕਰਦੇ ਹਨ।

ਤੀਸਰੀ ਸਿੱਖੀ ਹੈ ਹਿਰਸ ਦੀ, ਹਿਰਸ ਦੀ ਹੋਇਆ ਕਰਦੀ ਹੈ ਕਿ ਇਹ ਸਾਰੇ ਸਿੱਖ ਹਨ। ਮੈਂ ਵੀ ਸਿੱਖ ਬਣ ਜਾਵਾਂ। ਮਨ ਵਿਚ ਹੁੰਦਾ ਹੈ ਕਿ ਮੇਰੀ ਇਜ਼ਤ ਹੋਏਗੀ। ਕਹਿੰਦੇ, ਇਹ ਮਤਲਬ ਨਾਲ ਸਿੱਖ ਬਣਦੇ ਹਨ। ਇਹ ਤਿੰਨਾਂ ਨੂੰ ਬਰੈਕਟ ਕਰ ਦਿਓ। ਇਹ ਬਾਂਸ ਵਰਗੇ ਹੋਇਆ ਕਰਦੇ ਹਨ। ਇਹਨਾਂ ਤੇ ਅਸਰ ਨਹੀਂ ਹੋਇਆ ਕਰਦਾ ਕਿਉਂਕਿ ਇਹ ਸਾਫ ਮਨ ਤੋਂ ਨਹੀਂ ਆਏ ਗੁਰੂ ਕੋਲ। ਇਕ ਸਿਦਕ ਧਾਰਕੇ ਆਉਂਦੇ ਹਨ ਕਿ ਗੁਰੂ ਦਾ ਹੀ ਤਨ ਹੈ, ਗੁਰੂ ਦਾ ਹੀ ਮਨ ਹੈ, ਗੁਰੂ ਦਾ ਧੰਨ ਹੈ, ਫੇਰ ਉਹਦੇ ਤੇ ਡਟ ਜਾਂਦੇ ਹਨ।

ਇਕ ਆਉਂਦੇ ਹਨ ਭਾਵਨੀ ਦੇ ਨਾਲ, ਗੁਰੂ ਤੇ ਪਰਮੇਸ਼ਰ ਵਿਚ ਕੋਈ ਫਰਕ ਨਹੀਂ ਉਹਨਾਂ ਦੀ ਦ੍ਰਿਸ਼ਟੀ ਖੁੱਲ ਜਾਂਦੀ ਹੈ। ਉਹਨਾਂ ਨੂੰ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ, ਗੁਰੂ ਤੋਂ। ਜੋ ਗੁਰੂ ਦੇ ਕੋਲ ਉਤਮ ਚੀਜ਼ ਹੈ।

***ਸਤਿਗੁਰ ਸੇਵੈ ਲਗਿਆਂ ਕਢਿ ਰਤਨੁ ਦੇਵੈ ਪਰਗਾਸਿ॥***

***ਪੰਨਾ - 40***

ਬ੍ਰਹਮ ਗਿਆਨ ਰੂਪੀ ਜੋ ਰਤਨ ਉਹਨਾਂ ਕੋਲ ਹੈ। ਉਹ ਕੱਢ ਕੇ ਉਹਨਾਂ ਦੇ ਹਿਰਦੇ ਵਿਚ ਨਿਵਾਸ ਕਰਾ ਦਿੰਦੇ ਹਨ ਕਿਉਂਕਿ ਉਹ ਅਧਿਕਾਰੀ ਹੁੰਦੇ ਹਨ। ਜਦੋਂ ਹਿਰਦੇ ਵਿਚ ਨਿਵਾਸ ਹੋ ਗਿਆ ਉਹਨਾਂ ਦੀ ਅੱਖ ਖੁੱਲ ਗਈ ਤੇ ਉਹਨਾਂ ਦੀ ਦ੍ਰਿਸ਼ਟੀ ਬਦਲਕੇ ਇਸ ਤਰ੍ਹਾਂ ਅਨੁਭਵ ਕਰਦੀ ਹੈ।

***ਧਾਰਨਾ - ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ-2, 4.***

***ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥***
***ਰਾਮ ਬਿਨਾ ਕੋ ਬੋਲੈ ਰੇ॥***
***ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥***
***ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥***

*ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ॥*
*ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥*
*ਪੰਨਾ - 988*

ਕਹਿੰਦੇ, ਉਹਨਾਂ ਨੂੰ ਦ੍ਰਿਸ਼ਟੀ ਪ੍ਰਾਪਤ ਹੋ ਕੇ ਸਭ ਘਟ ਦੇ ਵਿਚ ਪਰਮੇਸ਼ਰ ਨਜ਼ਰ ਆਉਂਦਾ ਹੈ, ਤੇ ਬ੍ਰਹਮ ਗਿਆਨ ਦੀ ਦਾਤ ਪ੍ਰਾਪਤ ਕਰਕੇ ਉਹ ਗੁਰੂ ਦੇ ਨਿਜ ਸਰੂਪ ਪਰਮੇਸ਼ਰ ਰੂਪ ਵਿਚ ਲੀਨ ਹੋ ਜਾਂਦੇ ਹਨ। ਉਹ ਵਖਰੇ ਨਹੀਂ ਰਿਹਾ ਕਰਦੇ।

ਸੋ ਇਸ ਤਰ੍ਹਾਂ ਭਾਈ! ਸਿੱਖੀ ਦਾ ਭੇਦ ਹੈ। ਇਕ ਸਿੱਖ ਤਾਂ ਡੱਡੂ ਦੀ ਬਿਰਤੀ ਵਾਲਾ ਹੈ ਤੇ ਇਕ ਸਿੱਖ ਜਿਹੜਾ ਹੈ ਉਹ ਦੂਸਰੀ ਬਿਰਤੀ ਵਾਲਾ ਹੈ। ਜਿਵੇਂ ਚਿਕੜ ਦੇ ਅੰਦਰ ਡੱਡੂ ਵੀ ਰਹਿੰਦਾ ਹੈ, ਜਾਲਾ ਵੀ ਹੈ। ਦੋ ਚੀਜ਼ਾਂ ਹਨ, ਉਹਦੇ ਵਿਚ ਕਮਲ ਫੁੱਲ ਹੈ। ਉਹ ਜਿਹੜਾ ਡੱਡੂ ਹੈ ਉਹ ਕਮਲ ਦੇ ਫੁੱਲ ਦੀ ਸਾਰ ਨਾ ਜਾਣਨ ਕਰਕੇ ਜਾਲਾ ਖਾਂਦਾ ਹੈ ਤੇ ਜਿਹੜਾ ਭਵਰਾ ਹੈ, ਦੂਰੋਂ ਆ ਕੇ ਵਾਸ਼ਨਾ ਲੈ ਜਾਂਦਾ ਹੈ। ਸੋ ਉਥੇ ਮਹਾਰਾਜ ਨੇ ਐਸਾ ਫੁਰਮਾਨ ਕਰਿਆ -

*ਧਾਰਨਾ - ਨਹੀਓਂ ਜਾਣਦਾ, ਡੱਡੂ ਸਾਰ ਸੰਤਾਂ ਦੀ -2, 2.*
*ਸਾਰ ਸੰਤਾਂ ਦੀ, ਡੱਡੂ ਸਾਰ ਸੰਤਾਂ ਦੀ-2, 2.*
*ਨਹੀਓਂ ਜਾਣਦਾ,.............. -2.*

ਕਹਿਣ ਲੱਗੇ, ਜਲ ਦੇ ਅੰਦਰ ਦੋਏਂ ਚੀਜ਼ਾਂ ਹਨ, ਕਮਲ ਫੁੱਲ ਵੀ ਹੈ ਤੇ ਜਾਲਾ ਵੀ ਹੈ। ਜਿਹੜਾ ਡੱਡੂ ਹੈ ਉਹ ਕਮਲ ਫੁੱਲ ਨੂੰ ਤਾਂ ਜਾਣਦਾ ਨਹੀਂ, ਉਹਨੂੰ ਭਵਰੇ ਜਾਣਦੇ ਹਨ। ਦੂਰ ਤੋਂ ਆ ਕੇ ਸੁਗੰਧੀ ਵਾਸ਼ਨਾ ਲੈ ਜਾਂਦੇ ਹਨ। ਲੇਕਿਨ ਜਿਹੜਾ ਕੋਲ ਰਹਿਣ ਵਾਲਾ ਡੱਡੂ ਹੈ, ਉਹ ਜਾਲਾ ਹੀ ਖਾਂਦਾ ਹੈ।

ਮਹਾਰਾਜ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦਾ ਸ਼ਬਦ ਉਚਾਰਨ ਕੀਤਾ ਜੋ ਸਾਲਸਰਾਇ ਨੂੰ ਮਹਾਰਾਜ ਜੀ ਨੇ ਸੁਣਾਇਆ ਸੀ, ਉਹ ਸ਼ਬਦ ਵੱਲ ਧਿਆਨ ਦਵਾਇਆ ਕਿ -

*ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥*
*ਪੰਨਾ - 990*

ਫੁੱਲ ਵੀ ਵਸਦਾ ਹੈ, ਕੋਲ ਫੁੱਲ ਤੇ ਜਾਵਲ ਜਾਲਾ ਵੀ ਵਸਦਾ ਹੈ। ਜਿਹੜਾ ਪਾਣੀ ਹੈ, ਉਹ ਨਿਰਮਲ ਹੈ।

*ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥*
*ਪੰਨਾ - 990*

ਕਉਲ ਫੁੱਲ ਦੀ ਜਿਹੜੀ ਸੰਗਤ ਹੈ ਉਹ ਵੀ ਪਾਣੀ ਨਾਲ ਹੈ, ਜਿਹੜਾ ਜਾਲਾ ਹੈ ਉਸ ਦੀ ਸੰਗਤ ਪਾਣੀ ਨਾਲ ਹੈ ਲੇਕਿਨ ਇਕ ਦੂਜੇ ਦਾ ਦੋਖ, ਉਹਨੇ ਕਮਲ ਫੁੱਲ ਤੋਂ ਕੋਈ ਅਸਰ ਨਹੀਂ ਲਇਆ।

*ਦਾਦਰ ਤੂ ਕਬਹਿ ਨ ਜਾਨਸਿ ਰੇ॥ ਪੰਨਾ - 990*

ਮਹਾਰਾਜ ਕਹਿੰਦੇ, ਜਿਹੜਾ ਡੱਡੂ ਬਿਰਤੀ ਵਾਲਾ ਮਨਮੁਖ ਹੈ ਕਰੜੀ ਬਿਰਤੀ ਵਾਲਾ ਜਿਹੜਾ ਭਰੋਸੇ ਤੋਂ ਹੀਣ ਗੁਰਸਿਖ ਹੈ, ਉਹ ਗੁਰੂ ਦੀ ਕਿਰਿਆ ਤੇ ਰੱਸ ਨੂੰ ਨਹੀਂ ਜਾਣਦਾ, ਰਹਿੰਦਾ ਗੁਰੂ ਦੇ ਕੋਲ ਹੈ -

*ਭਖਸਿ ਸਿਬਾਲੁ ਬਸਸਿ ਨਿਰਮਲ ਜਲ ...........॥*
*ਪੰਨਾ - 990*

ਖਾਂਦਾ ਕੀ ਹੈ, ਜਾਲਾ, ਰਹਿੰਦਾ ਨਿਰਮਲ ਜਲ ਵਿਚ ਹੈ।

*............ ਅੰਮ੍ਰਿਤੁ ਨ ਲਖਸਿ ਰੇ॥ ਪੰਨਾ - 990*

ਅੰਮ੍ਰਿਤ ਨੂੰ ਕੌਣ ਜਾਣਦਾ ਹੈ, ਸ਼ਹਿਦ ਦੀ ਮੱਖੀ, ਆ ਕੇ ਫੁੱਲ ਦੇ ਵਿਚੋਂ ਰਸ ਕੱਢ ਕੇ ਲੈ ਜਾਂਦੀ ਹੈ। ਡੱਡੂ ਨੂੰ ਇਸ ਗੱਲ ਦਾ ਪਤਾ ਨਹੀਂ -

*ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥*
*ਪੰਨਾ - 990*

ਉਥੇ ਹੀ ਭਵਰਾ ਵਸਦਾ ਹੈ। ਭਵਰਾ ਆ ਕੇ ਉਹਦੇ ਗੁਣ ਦੀ ਚਰਚਾ ਕਰਦਾ ਹੈ। ਉਹ ਆ ਕੇ ਸੁਗੰਧੀ ਤੇ ਰੱਸ ਲੈ ਜਾਂਦਾ ਹੈ।

*ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥*
*ਪੰਨਾ - 990*

ਜਦੋਂ ਚੰਦਰਮਾ ਚੜ੍ਹਦਾ ਹੈ ਜਿਹੜੇ ਕੁਮੁਦਨੀ ਦੇ ਫੁੱਲ ਹਨ ਨੀਵੇਂ ਹੋ ਹੋ ਕੇ ਨਮਸ਼ਕਾਰਾਂ ਕਰਦੇ ਹਨ। ਉਸਨੂੰ ਅਨੁਭਵ ਕਰਦੇ ਹਨ। ਉਹ ਵਾਹਿਗੁਰੂ ਨੂੰ ਹਿਰਦੇ ਵਿਚ ਜਾਣਦੇ ਹਨ। ਵਾਹਿਗੁਰੂ ਦੇ ਪਿਆਰ ਵਾਲੇ ਪਿਆਰ ਵਿਚ ਜੀਉਂਦੇ ਹਨ।

*ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ॥*
*ਪੰਨਾ - 990*

ਕਹਿੰਦੇ, ਅੰਮ੍ਰਿਤ ਖੰਡ ਤੇ ਦੁਧ ਇਹ ਜਿਹੜੇ ਸਾਰੇ ਰੱਸ ਨੇ ਤੂੰ ਇਹ ਨਹੀਂ ਚਖਦਾ ਤੇ ਜਿਵੇਂ ਦੁੱਧ ਹੈ, ਦੁੱਧ ਨੂੰ ਚਿੱਚੜ ਜਾਣਦਾ ਹੀ ਨਹੀਂ, ਕੀ ਹੁੰਦਾ ਹੈ। ਚਿੱਚੜ ਬਿਰਤੀ ਧਾਰਨ ਕਰਕੇ ਉਹਦਾ ਲਹੂ ਪੀਂਦਾ ਹੈ। ਜੋ ਗੁਰੂ ਦਾ ਉਪਦੇਸ਼ ਹੈ, ਉਸਨੂੰ ਹਿਰਦੇ ਵਿਚ ਧਾਰ ਲਿਆ।

*ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥*
*ਪੰਨਾ - 990*

ਜਿਵੇਂ ਚਿੱਚੜ ਦੀ ਪ੍ਰੀਤ ਲਹੂ ਨਾਲ ਹੁੰਦੀ ਹੈ, ਦੁੱਧ ਕੋਲ ਹੀ ਹੁੰਦਾ ਹੈ ਥਣ ਵਿਚ, ਇਸੇ ਤਰ੍ਹਾਂ ਨਾਲ -

*ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥*
*ਪੰਨਾ - 990*

ਵੇਦ ਸਾਸ਼ਤਰਾਂ ਨੂੰ ਸੁਣਦਾ ਹੈ, ਵਿਦਵਾਨਾਂ ਕੋਲ ਰਹਿੰਦਾ ਹੈ।

*ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥*
*ਪੰਨਾ - 990*

ਜਿਵੇਂ ਕੁੱਤੇ ਦੀ ਪੂਛ ਹੁੰਦੀ ਹੈ। ਕਿਸੇ ਨੇ ਕਿਹਾ ਮੈਂ ਸਿਧੀ ਕਰ ਦਵਾਂਗਾ। 12 ਸਾਲ ਨੱਲਕੀ ਵਿਚ ਪਾ ਰਖੀ। 12 ਸਾਲ ਤੋਂ ਬਾਅਦ ਜਦ ਫੇਰ ਕੱਢੀ ਉਹ ਵਿੰਗੀ ਦੀ ਵਿੰਗੀ, ਕਹਿੰਦੇ ਐਂ ਸਿੱਖੀ ਧਾਰਨ ਕਰ ਲੈਂਦੇ ਹਨ। ਬਾਣੀ ਪੜ੍ਹਦੇ ਹਨ, ਸੇਵਾ ਕਰਦੇ ਹਨ, ਲੇਕਿਨ ਆਪਣਾ ਸੁਭਾਅ ਨਹੀਂ ਛੱਡਦੇ, ਉਹੀ ਮਨਮੁਖਤਾਈ ਮਨ ਵਿਚ ਰਖਦੇ ਹਨ। ਸੁਧਾਰਦੇ ਨਹੀਂ ਹਨ।

***ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ॥***
***ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥***
***ਪੰਨਾ - 990***

ਉਹ ਕਹਿਣ ਲੱਗੇ, ਪਿਆਰਿਓ, ਗੁਰਮੁਖੋ! ਇਹ ਜਿਹੜਾ ਭਾਈ ਜੱਗਾ ਸਿੰਘ ਹੈ, ਇਹ ਪੂਰਨ ਗੁਰਮੁਖ ਹੈ। ਗੁਰਮੁਖ ਹੋ ਕੇ ਸੇਵਾ ਕਰਦਾ ਹੈ। ਇਹ ਜਿਹੜੇ ਬਾਕੀ ਦੇ ਨੇ ਸਾਡੇ ਕੋਲ ਰਹਿੰਦੇ ਹਨ। ਤੁਸੀਂ ਕਹਿੰਦੇ ਹੋਓਗੇ, ਗੁਰੂ ਦਸਵੇਂ ਪਾਤਸ਼ਾਹ ਦੀ ਚਰਨ ਸ਼ਰਨ ਕੋਲ ਰਹਿੰਦੇ ਹਨ ਕਿ ਬੜੇ ਉੱਚੇ ਨੇ।

ਕਹਿੰਦੇ, ਇਹ ਤਾਂ ਬਹੁਤੇ ਚਿੱਚੜ ਹਨ। ਇਹਨਾਂ ਨੂੰ ਤਾਂ ਰੱਸ ਹੀ ਨਹੀਂ ਆਇਆ, ਇਹਨਾਂ ਨੂੰ ਇਹ ਭਰੋਸਾ ਨਹੀਂ ਆਇਆ ਕਿ ਗੁਰੂ ਸਦਾ ਹੀ ਜਾਗਦਾ ਹੈ। ਗੁਰੂ ਹਰ ਥਾਂ ਉਤੇ ਜਾਣਦਾ ਹੈ। ਮਾੜੀ ਜਿਹੀਆਂ ਅਸੀਂ ਅੱਖਾਂ ਮਿਚੀਆਂ ਕਹਿੰਦੇ, ਜਦੇ ਹੀ ਗਾਲਾਂ ਕੱਢਣ ਲੱਗ ਗਏ। ਕਹਿੰਦੇ, ਐਨੇ ਮਨਮੁਖ ਨੇ ਗੁਰੂ ਦੀ ਹਾਜਰੀ ਮਹਿਸੂਸ ਨਹੀਂ ਕਰਦੇ। ਗੁਰੂ ਦੀ ਜੋ ਸ਼ਕਤੀ ਹੈ, ਗੁਰੂ ਦੀ ਜੋ ਮਹਤਤਾ ਵਡਿਆਈ ਹੈ, ਉਹਨੂੰ ਹਿਰਦੇ ਵਿਚ ਨਹੀਂ ਲਿਆਉਂਦੇ। ਕਹਿੰਦੇ, ਇਹ ਪੱਥਰ ਤੇ ਡਲੇ ਵਰਗੇ ਸਿਖ ਹਨ। ਇਹ ਜਿਹੜਾ ਭਾਈ ਜੱਗਾ ਸਿੰਘ ਹੈ। ਕਹਿੰਦੇ, ਪਤਾਸ਼ੇ ਵਰਗਾ ਸਿਖ ਹੈ ਤੇ ਗੁਰੂ ਦੇ ਵਿਚ ਲੀਨ ਹੋ ਜਾਇਆ ਕਰਦਾ ਹੈ। ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ ਕਿ ਪਿਆਰਿਓ! ਜੇ ਸਿੱਖ ਬਣਨਾ ਹੈ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ3/18***

ਗੁਲਾਮ ਬਣਨਾ ਪੈਂਦਾ ਹੈ।

***ਗੋਲਾ ਮੁਲ ਖਰੀਦੁ ਕਾਰੇ ਜੋਵਣਾ॥***
***ਭਾਈ ਗੁਰਦਾਸ ਜੀ ਦੀ ਵਾਰ3/18***

ਗੁਲਾਮ ਦਾ ਕੋਈ ਹਕ ਨਹੀਂ ਹੋਇਆ ਕਰਦਾ, ਨਾ ਗੁਲਾਮ ਕਦੇ ਮੰਗਦਾ ਹੈ ਕਿਉਂਕਿ ਉਹਦਾ ਹੱਕ ਹੀ ਨਹੀਂ ਹੈ।

ਇਕ ਗੁਲਾਮ, ਅਫਗਾਨਿਸਤਾਨ ਦੇ ਬਾਦਸ਼ਾਹ ਨੇ ਖਰੀਦ ਲਿਆ। ਉਹਦੀ ਚਾਲ ਢਾਲ ਦੇਖਕੇ ਉਹਦੇ ਮਨ ਵਿਚ ਆਇਆ ਕਿ ਮੈਂ ਇਸਨੂੰ ਜੇਹੋ ਜਿਹਾ ਇਹ ਪਹਿਲਾਂ ਖਾਂਦਾ ਪੀਂਦਾ ਸੀ, ਉਹੇ ਜਿਹੇ ਹੀ ਇਸਨੂੰ ਦੇ ਦਵਾਂ। ਕਹਿਣ ਲੱਗੇ, ਉਹ ਗੁਲਾਮ ਨੂੰ ਮੇਰੇ ਹਾਜਰ ਕਰੋ। 'ਗੁਲਾਮ ਆ ਗਿਆ।'

ਕਹਿੰਦਾ, ਐ ਗੁਲਾਮ! ਅਸੀਂ ਤੇਰੇ ਤੋਂ ਕੁਛ ਗੱਲਾਂ ਪੁਛਣੀਆਂ ਹਨ, ਫੇਰ ਪ੍ਰਬੰਧ ਕਰਨਾ ਹੈ ਕਿਉਂਕਿ ਮੈਨੂੰ ਇਹ ਪਤਾ ਲਗਿਐ ਕਿ ਤੂੰ ਬੜਾ ਭਲਾ ਬੰਦਾ ਹੈਂ ਤੇ ਤੈਨੂੰ ਫੜ ਕੇ ਵੇਚ ਦਿਤਾ ਤੇ ਮੇਰਾ ਵੀ ਫਰਜ ਬਣਦਾ ਹੈ ਤੈਨੂੰ ਪਛਣਾ ਤੇ ਤੈਨੂੰ ਕੋਈ ਸਹੂਲਤਾਂ ਦਵਾਂ।

ਉਹ ਕਹਿਣ ਲਗਿਆ, ਹਜ਼ੂਰ ਮੈਂ ਗੁਲਾਮ ਹਾਂ, ਗੁਲਾਮ ਕੋਈ ਚੀਜ਼ ਮੰਗਿਆ ਨਹੀਂ ਕਰਦਾ ਕਿਉਂਕਿ ਉਹਦਾ ਕੋਈ ਹੱਕ ਨਹੀਂ ਹੁੰਦਾ। ਸਾਡਾ ਜੋ ਕੋਈ ਪਸ਼ੂ ਮੁਲ ਲਿਆਂਦਾ ਹੋਇਆ ਹੈ ਚਾਹੇ ਉਹਨੂੰ ਮਾਰਕੇ ਖਾ ਲਓ, ਚਾਹੇ ਭੁੱਖਾ ਮਾਰ ਦਓ, ਸਾਡੇ ਦੇਸ਼ ਵਿਚ ਤਾਂ ਕਨੂੰਨ ਹੀ ਨਹੀਂ ਉਹਦੀ ਰਾਖੀ ਦਾ। ਇੰਗਲੈਂਡ ਵਿਚ ਜੇ ਕੁੱਤੇ ਨੂੰ ਮਾਰ ਦਿਓ ਲੰਬੀ ਕੈਦ ਹੋ ਜਾਂਦੀ ਹੈ। ਘਰ ਦਾ ਕੁੱਤਾ ਜੇ ਗਲਤੀ ਨਾਲ ਮਰ ਜਾਵੇ, ਬਿੱਲੀ ਮਾਰ ਦਿਓ, ਜੇ ਰਖੀ ਹੋਈ, ਕੈਦ ਹੋ ਜਾਂਦੀ ਹੈ। ਉਹ ਸਰਕਾਰ ਧਿਆਨ ਰਖਦੀ ਹੈ ਉਹਦੇ ਉਤੇ। ਸਾਡਾ ਹਿਸਾਬ ਕਿਤਾਬ ਹੋਰ ਤਰ੍ਹਾਂ ਦਾ ਹੈ।

ਸੋ ਇਸ ਤਰ੍ਹਾਂ ਪਸ਼ੂ ਦਾ ਕੋਈ ਹੱਕ ਨਹੀਂ ਹੈ ਜਿਉਣ ਦਾ। ਚਾਹੇ ਉਹਨੂੰ ਪਾਣੀ ਪਿਲਾਓ, ਨਾ ਪਿਲਾਓ। ਭੁੱਖਾ ਮਾਰ ਦਓ, ਕੰਮ ਕਰਾਈ ਜਾਓ, ਦਿਨ ਰਾਤ ਕਰਾਈ ਜਾਓ, ਉਹ ਕੁਛ ਕਹਿ ਨਹੀਂ ਸਕਦਾ। ਕਿਉਂਕਿ ਮੁੱਲ ਲਿਆ ਹੋਇਆ ਹੈ। ਸੋ ਉਸ ਵੇਲੇ ਉਹ ਗੁਲਾਮ ਕਹਿਣ ਲੱਗਿਆ, "ਕਿ ਮਹਾਰਾਜ ਫੁਰਮਾਨ ਕਰੋ।"

ਕਹਿਣ ਲੱਗਿਆ, ਹੇ ਗੁਲਾਮ! ਤੇਰਾ ਤੁਰਨਾ-ਫਿਰਨਾ, ਦੇਖਣਾ, ਬੋਲਣਾ, ਚਲਣਾ ਮੇਰੇ ਮਨ ਨੂੰ ਮੋਹਿਤ ਕਰਦਾ ਹੈ, ਜਦ ਮੈਂ ਦੇਖਦਾ ਹਾਂ, ਜਦ ਤੂੰ ਬੋਲਦਾ ਹੈ ਕਿੰਨੇ ਪਿਆਰ ਦੀ ਗੱਲ ਕਰਦਾ ਹੈ। ਤੇਰੇ ਬੋਲ ਵਿਚ ਕਿੰਨੀ ਮਿਠਾਸ ਹੈ, ਤੇਰੇ ਵਿਚ ਕਿੰਨੀ ਸਮਝਦਾਰੀ ਹੈ। ਤੂੰ ਮੈਨੂੰ ਇਕ ਗੱਲ ਦੱਸ ਤੇਰਾ ਨਾਮ ਕੀ ਹੈ। ਜੋ ਨਾਮ ਹੈ, ਅਸੀਂ ਤੈਨੂੰ ਉਸੇ ਨਾਮ ਨਾਮ ਬੁਲਾਈਏ। ਹੁਣ ਤਾਂ ਅਸੀਂ ਫਰਜ਼ੀ ਨਾਮ ਰਖ ਦਿੱਤੇ ਸੁਖਾਲੇ ਜਿਹੇ ਕੁੱਤਾ, ਬਿੱਲਾ ਜੋ ਮੂੰਹ ਚੜ੍ਹ ਜਾਵੇ ਕੋਈ ਕੁਛ ਕਹਿ ਦਿੰਦਾ ਹੈ, ਕੋਈ ਕਾਲੂ ਕਹਿ ਦਿੰਦਾ ਹੈ, ਕੋਈ ਕੁਛ ਹੋਰ ਕਹਿ ਦਿੰਦਾ ਹੈ।

ਦੂਸਰੀ ਬਾਤ ਇਹ ਹੈ ਕਿ ਤੇਰੇ ਖਾਣ ਪੀਣ ਦੀਆਂ ਆਦਤਾਂ ਕੀ ਹਨ? ਕਦੋਂ ਤੂੰ ਰੋਟੀ ਖਾਂਦਾ ਹੈ, ਸਵੇਰੇ ਸਵੇਰੇ ਕੀ ਖਾਂਦਾ ਹੈਂ, ਦੁਪਹਿਰੇ ਕੀ ਖਾਂਦਾ ਹੈਂ, ਤੀਜੇ ਪਹਿਰ ਕੀ ਪੀਂਦਾ ਹੈਂ ਤੇ ਰਾਤ ਨੂੰ ਕੀ ਖਾਂਦਾ ਹੈਂ। ਇਹ ਵੀ ਸਾਨੂੰ ਦੱਸ ਦੇ। ਉਸ ਤਰ੍ਹਾਂ ਦਾ ਅਸੀਂ ਇੰਤਜ਼ਾਮ ਕਰੀਏ।

ਤੀਸਰੇ ਤੂੰ ਕੱਪੜੇ ਕਿਵੇਂ ਦੇ ਪਹਿਨਣਾ ਚਾਹੁੰਦਾ ਹੈਂ? ਕਦੋਂ ਉਠਣਾ ਚਾਹੁੰਦਾ ਹੈਂ?

ਕਹਿਣ ਲੱਗਿਆ, ਮਹਾਰਾਜ! ਇਹ ਚਾਰੋ ਗੱਲਾਂ ਦਾ ਜਵਾਬ ਇਕੋ ਹੈ। ਕਿਉਂਕਿ ਮੈਂ ਗੁਲਾਮ ਹਾਂ, ਮੇਰਾ ਕੋਈ ਹੱਕ ਨਹੀਂ ਬਣਦਾ ਕਿਸੇ ਚੀਜ਼ ਦਾ। ਜਿਹੜੇ ਨਾਮ ਨਾਲ ਤੁਸੀਂ ਬੁਲਾ ਲਓਗੇ ਮੈਂ ਉਸੇ ਨਾਲ ਬੋਲ ਲਿਆ ਕਰਨੈ

ਕਿਉਂਕਿ ਮੇਰਾ ਨਾਮ ਉਸ ਵੇਲੇ ਸੀ, ਜਿਸ ਵਕਤ ਮੈਂ ਅਜਾਦ ਸੀ। ਉਸ ਵੇਲੇ ਕੋਈ ਖਾਨ ਬਹਾਦੁਰ ਕਹਿੰਦਾ, ਕੋਈ ਸਰਦਾਰ ਬਹਾਦਰ ਕਹਿੰਦਾ, ਕੋਈ ਰਾਇ ਬਹਾਦਰ ਕਹਿੰਦਾ, ਬਹੁਤ ਵੱਡਾ ਨਾਮ ਸੀ। ਨਾਮ ਲੈਂਦਾ ਵੀ ਕੋਈ ਨਹੀਂ ਸੀ, ਸਰਕਾਰ ਕਹਿ ਕੇ ਹੀ ਸਾਰਦੇ ਸੀ। ਹੁਣ ਮੇਰਾ ਕਾਹਦਾ ਨਾਮ ਹੈ। ਜਿਹੜਾ ਨਾਂ ਲੈ ਲਵੋਗੇ, ਬੋਲ ਲਵਾਂਗਾ।

ਦੂਸਰਾ ਇਹ ਹੈ ਕਿ ਮੇਰੀਆਂ ਖਾਣ ਪੀਣ ਦੀਆਂ ਆਦਤਾਂ ਜਦੋਂ ਮੈਂ ਗੁਲਾਮ ਨਹੀਂ ਸੀ ਤਾਂ ਚਾਰਟ ਬਣਿਆ ਹੁੰਦਾ ਸੀ ਕਿ ਇਹ ਖਾਣਾ ਹੈ, ਇਹ ਪੀਣਾ ਹੈ, ਹੁਣ ਮੇਰਾ ਕੋਈ ਨਹੀਂ। ਰੁੱਖਾ ਦੇ ਦਓਗੇ ਰੁੱਖਾ ਖਾ ਲਵਾਂਗੇ, ਜੂਠੀਆਂ ਦੇ ਦਓਗੇ, ਜੂਠੀਆਂ ਖਾ ਲਵਾਂਗਾ। ਜਿਹੋ ਜਿਹਾ ਕੁਛ ਖਾਣ ਪੀਣ ਨੂੰ ਦੇ ਦਓਗੇ, ਉਹ ਤੁਹਾਡੀ ਮਰਜ਼ੀ ਹੈ। ਸ਼ਰੀਰ ਤੰਦਰੁਸਤ ਰਖਣਾ ਹੈ, ਕੰਮ ਲੈਣਾ ਹੈ, ਚੰਗੀ ਖੁਰਾਕ ਦੇ ਦਓ, ਨਹੀਂ ਲੈਣਾ, ਮਾੜੀ ਦੇ ਦਓ। ਮੇਰਾ ਕੋਈ ਹੱਕ ਨਹੀਂ।

ਪਹਿਨਣ ਨੂੰ ਜਿਹੜਾ ਤੁਹਾਡੀ ਅੱਖਾਂ ਨੂੰ ਚੰਗਾ ਲਗਦੈ, ਉਹ ਦੇ ਦਿਓ। ਚਾਹੇ ਪਾਟੇ ਹੋਏ ਕੱਪੜੇ ਪਹਿਨਾ ਦਿਓ, ਚਾਹੇ ਮੈਲੇ ਪਹਿਨਾ ਦਿਓ। ਚਾਹੇ ਔਰਤਾ ਦੇ ਪਵਾ ਦਓ, ਚਾਹੇ ਮਰਦਾਂ ਦੇ ਪਵਾ ਦਿਓ। ਮੇਰੀ ਕੋਈ ਪਸੰਦ ਨਹੀਂ ਹੈ ਇਹ ਤਾਂ ਤੁਹਾਡੀ ਪਸੰਦ ਹੈ, ਮੇਰੇ ਪਹਿਨਿਆ ਹੋਇਆ ਕਿਹੜਾ ਤੁਹਾਡੀ ਅੱਖਾਂ ਨੂੰ ਚੰਗਾ ਲਗਦਾ ਹੈ।

ਚੌਥੀ ਬਾਤ ਹੈ ਜਦੋਂ ਕਹਿ ਦਓਗੇ, ਜਾ ਸੌਂ ਜਾ, ਮੈਂ ਸੌਂ ਜਾਵਾਂਗਾ। ਜਦੋਂ ਕਹਿ ਦਿਓਗੇ ਉਠ, ਉਸ ਵੇਲੇ ਮੈਂ ਉਠ ਜਾਣਾ ਹੈ। ਕਹਿੰਦਾ, ਇਸ ਕਰਕੇ ਮੇਰਾ ਹੱਕ ਕੋਈ ਨਹੀਂ ਕਿਉਂਕਿ ਮੈਂ ਤਾਂ ਗੁਲਾਮ ਹਾਂ।

ਮਹਾਰਾਜ ਕਹਿੰਦੇ, ਪਿਆਰਿਓ! ਸਿੱਖੀ ਵਿਚ ਜਦ ਤੱਕ ਗੁਲਾਮ ਨਹੀਂ ਬਣਦਾ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ3/18***

ਉਨੀ ਦੇਰ ਤੱਕ ਗੁਰੂ ਨਾਲ ਸਾਂਝ ਨਹੀਂ ਪੈਂਦੀ ਕਿਉਂਕਿ ਉਹਦੇ ਵਿਚ 'ਮੈ' ਰਹਿ ਜਾਂਦੀ ਹੈ। ਸੋ ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਨੇ ਐਸਾ ਉਚਾਰਨ ਕਰਿਆ ਹੈ।

***ਧਾਰਨਾ – ਮੁਲ ਖਰੀਦੀ ਲਾਲਾ ਗੋਲਾ***
***ਮੇਰਾ ਨਾਓ ਸੁਭਾਗਾ ਜੀ –2, 2.***
***ਮੇਰਾ ਨਾਓ ਸੁਭਾਗਾ ਜੀ –2, 2.***
***ਮੁਲ ਖਰੀਦੀ ਲਾਲਾ ਗੋਲਾ,...... –2.***

***ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥***
***ਤੇਰੇ ਲਾਲੇ ਕਿਆ ਚਤੁਰਾਈ॥***
***ਸਾਹਿਬ ਕਾ ਹੁਕਮੁ ਨ ਕਰਣਾ ਜਾਈ॥ ਪੰਨਾ – 991***

***ਜਦੋਂ ਸਿੱਖ ਬਣ ਗਏ ਕਾਹਦੀ ਚਤੁਰਾਈ।***

***ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥***
***ਪੰਨਾ – 528***

ਕੋਈ ਚੀਜ਼ ਮਿਲਦੀ ਹੈ, ਨਹੀਂ ਮਿਲਦੀ। ਕੋਈ ਵਾਸ਼ਨਾ ਪੂਰੀ ਹੁੰਦੀ ਹੈ, ਨਹੀਂ ਹੁੰਦੀ, ਕੋਈ ਸ਼ਿਕਵਾ ਨਹੀਂ ਹੈ ਕਿ ਮੈਂ ਸੇਵਾ ਕਰਦਾ ਰਿਹਾ ਆਹ ਮੇਰਾ ਹਾਲ ਕੀ ਹੋਇਆ। ਮੇਰੇ ਨਾਲ ਇਹ ਚੀਜ਼ਾਂ ਕਿਉਂ ਵਰਤੀਆਂ ਇਹ ਤਾਂ ਗੁਰੂ ਨਾਲ ਸੌਦੇ ਹੋਇਆ ਕਰਦੇ ਹਨ। ਸਿੱਖੀ ਨਹੀਂ ਹੋਇਆ ਕਰਦੀ। ਸਿੱਖੀ ਤਾਂ ਹੁੰਦੀ ਹੈ –

***ਸਗਲੇ ਦੂਖ ਪਾਣੀ ਕਰਿ ਪੀਵਾਂ ਧਰਤੀ ਹਾਕ ਚਲਾਈ॥***
***ਪੰਨਾ – 147***

ਦੁਖ ਆ ਜਾਵੇ, ਸੁਖ ਆ ਜਾਵੇ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
***ਤਨੁ ਮਨੁ ਕਾਟਿ ਕਾਟਿ ਸਭੁ ਅਰਪੀ***
***ਵਿਚਿ ਅਗਨੀ ਆਪਿ ਜਲਾਈ॥ ਪੰਨਾ – 757***

ਜਿਹੜੀ 'ਮੈ' ਭਾਵ ਹੈ, ਮੇਰਾ ਇਹਦੇ ਵਿਚ ਅਹਮ ਭਾਵ ਕਹਿੰਦੇ, ਮੈਂ ਅੱਗ ਵਿਚ ਜਾਲ ਦੇਵਾਂ। ਤਨ ਵੀ, ਮਨ ਵੀ, ਧੰਨ ਵੀ ਗੁਰੂ ਨੂੰ ਅਰਪਨ ਕਰ ਦੇਵਾਂ।

***ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥***
***ਪੰਨਾ – 757***

ਸੋ ਇਹ ਗੁਰਸਿਖ ਦੀ ਬਿਰਤੀ ਹੋਇਆ ਕਰਦੀ ਹੈ। ਕਹਿੰਦੇ, ਗੁਰਸਿਖੋ ਐਵੇਂ ਹੀ ਅੰਮ੍ਰਿਤ ਛੱਕ ਕੇ ਗੁਰਸਿਖ ਬਣ ਗਏ। ਜੇ ਅਸੀਂ ਸਿੱਖ ਹਾਂ, ਕਹਿੰਦੇ, ਉਹ ਕੋਈ ਬਾਤ ਨਹੀਂ ਹੁੰਦੀ, ਧੰਧੇ ਦੀ ਹੁੰਦੀ ਹੈ, ਦੇਖਾ ਦੇਖੀ ਦੀ ਹੁੰਦੀ ਹੈ, ਹਿਰਸ ਦੀ ਹੁੰਦੀ ਹੈ। ਸਿੱਖ ਉਹ ਹੈ ਜਿਹੜਾ ਸਿਦਕ ਵਿਚ ਰਹਿੰਦਾ ਹੈ ਤੇ ਭਾਵਨੀ ਵਿਚ ਰਹਿੰਦਾ ਹੈ। ਇਹ ਸਿੱਖੀ ਵਿਚ ਗਿਣੇ ਜਾਂਦੇ ਹਨ। ਦੂਸਰੇ ਜਿਹੜੇ ਹਨ ਉਹ ਗਰਜ ਵਾਸਤੇ ਆਉਂਦੇ ਹਨ। ਜਿਹੋ ਜਿਹਾ ਮੰਗਦੇ ਹਨ ਉਹਨਾਂ ਨੂੰ ਮਿਲ ਵੀ ਜਾਂਦਾ ਹੈ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਪੰਨਾ – 681***

ਸੋ ਹੁਣ ਸਮਾਂ ਆਗਿਆ ਨਹੀਂ ਦਿੰਦਾ। ਐਥੇ ਹੀ ਮੈਂ ਸਮਾਪਤ ਕਰਦਾ ਹਾਂ। ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

# ਚੜ੍ਹਦੀ ਕਲਾ

***ਸ. ਰਘਬੀਰ ਸਿੰਘ 'ਬੀਰ'***

**ਨੋਟ :–** ਸ. ਰਘਬੀਰ ਸਿੰਘ 'ਬੀਰ' ਇਕ ਮਹਾਨ ਅਧਿਆਤਮਵਾਦੀ ਗੁਰਮੁਖ ਗੁਰਸਿੱਖ ਹੋਏ ਹਨ। ਗੁਰੂ ਮਹਾਰਾਜ ਦੇ ਨਾਮ–ਸਿਮਰਨ ਸੰਦੇਸ਼ ਨੂੰ ਆਪ ਜੀ ਨੇ ਬੜੀ ਘਾਲਣਾ ਘਾਲ ਕੇ ਆਪ ਕਮਾਇਆ, ਮੁੜ ਗੁਰਸਿੱਖਾਂ ਵਿਚ ਅਤੇ ਕੁਲ ਮਨੁੱਖਤਾ ਵਿਚ ਇਸ ਦਾ ਪ੍ਰਚਾਰ ਤੇ ਪਾਸਾਰ ਕੀਤਾ ਜਿਸ ਨੂੰ ਉਨ੍ਹਾਂ ਨੇ 'ਆਤਮ–ਸਾਇੰਸ' ਲਹਿਰ ਦਾ ਨਾਮ ਦਿਤਾ। ਆਤਮ–ਸਾਇੰਸ ਰਸਾਲੇ ਰਾਹੀਂ 'ਨਾਮ–ਬਾਣੀ' ਦਾ ਪ੍ਰਚਾਰ ਕੀਤਾ ਅਤੇ ਆਤਮਾ ਦੇ ਗੁੱਝੇ ਭੇਦ ਸੌਖੀ ਬੋਲੀ ਵਿਚ ਸਪਸ਼ਟ ਕੀਤੇ। ਆਪ ਜੀ ਦੀਆਂ ਰਚਿਤ ਪੁਸਤਕਾਂ ਬਹੁਤ ਸਲਾਹੀਆਂ ਗਈਆਂ। ਅਸੀਂ ਉਨ੍ਹਾਂ ਦੀ ਪੁਸਤਕ 'ਚੜ੍ਹਦੀ ਕਲਾ' ਨੂੰ ਲੜੀ ਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਲਈ ਅਸੀਂ 'ਆਤਮ–ਸਾਇੰਸ' ਟਰੱਸਟ ਦੇ ਧੰਨਵਾਦੀ ਹਾਂ।

***ਸੰਪਾਦਕ***

'ਗੁਰੂ ਸਾਹਿਬਾਨ ਅਤੇ ਪੁਰਾਤਨ ਗੁਰਸਿੱਖਾਂ ਦੇ ਜੀਵਨ ਉਤੇ ਨਜ਼ਰ ਮਾਰਿਆਂ, ਅਸੀਂ ਦੇਖਾਂਗੇ ਕਿ ਉਹ ਅਨੇਕ ਪ੍ਰਕਾਰ ਦੀਆਂ ਮੁਸੀਬਤਾਂ, ਦੁਰਘਟਨਾਵਾਂ ਅਤੇ ਮੁਸ਼ਕਲਾਂ ਵਿਚ ਵੀ 'ਚੜ੍ਹਦੀ ਕਲਾ' ਦਾ ਜੀਵਨ ਬਤੀਤ ਕਰਦੇ ਸਨ। ਇਸ ਕ੍ਰਿਸ਼ਮੇ ਦਾ ਭੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਗੁਰੂ ਸਾਹਿਬਾਨ ਨੇ ਖੋਲ੍ਹ ਕੇ ਦੱਸਿਆ ਹੈ। ਗੁਰਮੁਖ, ਵਾਹਿਗੁਰੂ ਨੂੰ ਆਪਣਾ ਪਿਤਾ, ਸਾਹਿਬ ਜਾਂ ਮਾਲਕ ਸਮਝਦਾ ਹੈ ਅਤੇ ਆਪਣਾ ਹਰ ਕੰਮ ਵਾਹਿਗੁਰੂ ਦਾ ਹੋ ਕੇ, ਵਾਹਿਗੁਰੂ ਦੇ ਆਸਰੇ ਅਤੇ ਵਾਹਿਗੁਰੂ ਦੇ ਨਵਿਤ ਕਰਦਾ ਹੈ। ਵਾਹਿਗੁਰੂ ਖੁਦ ਕਿਉਂਕਿ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੀ ਹਸਤੀ ਹੈ। ਇਸ ਕਰਕੇ ਆਪਣੇ ਆਪ ਨੂੰ ਵਾਹਿਗੁਰੂ ਦੇ ਨਮੂਨੇ 'ਤੇ ਚੱਲਣ ਵਾਲਾ ਗੁਰਸਿੱਖ ਵੀ ਸਦਾ ਚੜ੍ਹਦੀ ਕਲਾ ਦਾ ਜੀਵਨ ਬਤੀਤ ਕਰਦਾ ਹੈ।

***ਦੁਖ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥***
***ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ॥***
***ਸੋਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ॥***
***ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ ਕਤ ਰਮਤੈ॥***
***ਪੰਨਾ – 1302***

ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਆਤਮਾ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਵਾਲੇ ਉਪਦੇਸ਼ਾਂ ਦੇ ਆਧਾਰ ਉਤੇ ਲਿਖੇ ਕਈ ਲੇਖ ਦਰਜ ਹਨ, ਜੋ ਆਸ ਹੈ, ਪਾਠਕਾਂ ਨੂੰ ਸਦਾ ਚੜ੍ਹਦੀਆਂ ਕਲਾ ਅੰਦਰ ਰੱਖਣ ਵਿਚ ਸਹਾਈ ਹੋਣਗੇ।

***ਹਰਖ ਅਨੰਤ ਸੋਗ ਨਹੀ ਬੀਆ॥***
***ਸੋ ਘਰੁ ਗੁਰਿ ਨਾਨਕ ਕਉ ਦੀਆ॥***

***ਪੰਨਾ – 187***
***੧.੧.੪੯–ਰਘਬੀਰ ਸਿੰਘ 'ਬੀਰ'***

## ਪੁਲੀਸ ਦਾ ਸਿਪਾਹੀ

ਪੁਲੀਸ ਦੇ ਸਿਪਾਹੀ ਨੂੰ ਗਹੁ ਨਾਲ ਦੇਖੋ ਤਾਂ ਉਸ ਦੀ ਆਮ ਲੋਕਾਂ ਨਾਲੋਂ ਹਰ ਬਾਤ ਵੱਖਰੀ ਨਜ਼ਰ ਆਵੇਗੀ। ਪਬਲਿਕ ਦਾ ਸੇਵਾਦਾਰ ਹੁੰਦਿਆਂ ਵੀ ਉਸਨੂੰ ਆਪਣੇ ਤੇ ਸਵੈਮਾਨ ਹੁੰਦਾ ਹੈ, ਉਸ ਦੀ ਗੱਲ ਗੱਲ ਤੋਂ ਹੁਸ਼ਿਆਰੀ, ਨਿਰਭੈਤਾ ਅਤੇ ਦ੍ਰਿੜ੍ਹਤਾ ਟਪਕਦੀ ਹੈ। ਵੱਡੇ ਵੱਡੇ ਬਦਮਾਸ਼, ਚੋਰ, ਡਾਕੂ ਤੇ ਖ਼ੂਨੀ ਪੁਲੀਸ ਦੇ ਸਿਪਾਹੀ ਤੋਂ ਖਮ ਖਾਂਦੇ ਤੇ ਡਰਦੇ ਹਨ। ਸਿਪਾਹੀ ਕੋਲੋਂ ਭਾਵੇਂ ਸ਼ਰੀਫ ਆਦਮੀ ਡਰਦੇ ਤਾਂ ਨਹੀਂ ਪਰ ਸਿਪਾਹੀ ਦੇ ਡਿਊਟੀ ਉਤੇ ਹੋਣ ਵੇਲੇ ਉਸ ਦੇ ਕਹਿਣ ਅਨੁਸਾਰ ਸਭ ਨੂੰ ਚੱਲਣਾ ਪੈਂਦਾ ਹੈ।

ਕਲਕੱਤੇ ਦੇ ਸਭ ਤੋਂ ਚੌੜੇ ਤੇ ਆਵਾਜਾਈ ਨਾਲ ਖਚਾ–ਖਚ ਰਹਿਣ ਵਾਲੇ ਬਾਜ਼ਾਰ ਦਾ ਨਾਮ ਚੌਰੰਗੀ ਰੋਡ ਹੈ। ਇਸ ਬਾਜ਼ਾਰ ਦੀ ਰੌਣਕ ਤੇ ਗਹਿਮਾ–ਗਹਿਮ ਦਸੰਬਰ ਦੇ ਅਖੀਰ, ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਵੇਖਣ ਵਾਲੀ ਹੁੰਦੀ ਹੈ। ਵਾਇਸਰਾਏ ਹਿੰਦ ਉਨ੍ਹਾਂ ਦਿਨਾਂ ਵਿਚ ਹਮੇਸ਼ਾਂ ਕਲਕੱਤੇ ਹੁੰਦਾ ਸੀ ਅਤੇ ਕਈ ਰਾਜੇ, ਮਹਾਰਾਜੇ, ਨਵਾਬ, ਅਮੀਰ ਕ੍ਰਿਸਮਿਸ ਦੀ ਸੈਰ ਕਰਨ ਆਉਂਦੇ ਹਨ। ਇਸ ਚੌਰੰਗੀ ਰੋਡ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਮੋਟਰਕਾਰਾਂ ਰੋਜ਼ ਇਕ ਪਾਸਿਉਂ ਦੂਸਰੇ ਪਾਸੇ ਆਉਂਦੀਆਂ ਜਾਂਦੀਆਂ। ਹਜ਼ਾਰਾਂ ਮੋਟਰਕਾਰਾਂ ਦੇ ਇਕੋ ਸਮੇਂ ਆਉਣ–ਜਾਣ ਨਾਲ ਹਾਦਸਿਆਂ ਦਾ ਖਤਰਾ ਬਹੁਤ ਵੱਧ ਜਾਂਦਾ ਹੈ। ਇਨ੍ਹਾਂ ਹਾਦਸਿਆਂ ਨੂੰ ਰੋਕਣ ਤੇ ਆਵਾਜਾਈ ਨੂੰ ਕਾਬੂ ਵਿਚ ਰੱਖਣ ਲਈ ਚੌਰੰਗੀ ਦੀ ਸੜਕ ਦੇ ਹਰ ਮੋੜ ਜਾਂ ਚੌਰਾਹੇ ਉਤੇ ਪੁਲਿਸ ਦਾ ਕੇਵਲ ਇਕ ਸਿਪਾਹੀ ਖੜ੍ਹਾ ਹੁੰਦਾ ਹੈ। ਇਹ ਇਕ ਸਿਪਾਹੀ ਆਪਣਾ ਹੱਥ ਖੜ੍ਹਾ ਕਰਕੇ ਜਿਸ ਪਾਸੇ ਦੀਆਂ ਗੱਡੀਆਂ ਨੂੰ ਰੋਕਣਾ ਚਾਹੇ ਰੋਕ ਸਕਦਾ ਹੈ। ਇਸ ਦੇ ਹੱਥ ਦੇਣ ਨਾਲ ਸੜਕ ਦੀਆਂ ਆਹਮੋ–ਸਾਹਮਣੇ ਤੋਂ ਵੀਹ ਪੰਜੀ ਮੀਲ ਦੀ ਰਫ਼ਤਾਰ ਨਾਲ ਆਉਂਦੀਆਂ ਮੋਟਰਕਾਰਾਂ ਸਕਿੰਡਾਂ ਵਿਚ ਬਿਲਕੁਲ ਖਲ੍ਹੋ ਜਾਂਦੀਆਂ ਹਨ। ਇਨ੍ਹਾਂ ਮੋਟਰਾਂ ਵਿਚ ਬੜੇ–ਬੜੇ ਰਾਜੇ, ਸਰਕਾਰੀ ਅਫਸਰ, ਕ੍ਰੋੜਾਂਪਤੀ ਧਨਾਢ, ਜਰਨੈਲ ਅਤੇ ਕਮਾਂਡਰ ਹੁੰਦੇ ਹਨ, ਪਰ ਕਿਸੇ ਦੀ ਮਜ਼ਾਲ ਨਹੀਂ ਕਿ ਸਿਪਾਹੀ ਦਾ ਹੱਥ ਖੜ੍ਹਾ ਹੋਣ ਉਤੇ ਆਪਣੀ ਮੋਟਰ ਨੂੰ ਫੌਰਨ ਖੜ੍ਹਾ ਨਾ ਕਰੇ। ਸਿਪਾਹੀ ਆਪਣੀ ਡਿਊਟੀ ਉਤੇ ਸਿਰ ਉਚਾ ਚੁੱਕੀ ਡੱਟ ਕੇ ਖੜ੍ਹਾ ਹੁੰਦਾ ਹੈ ਅਤੇ ਬੜੀ ਨਿਰਭੈਤਾ ਨਾਲ ਆਪਣੇ ਹੱਥਾਂ ਨੂੰ ਜ਼ਰੂਰਤ ਅਨੁਸਾਰ ਹਿਲਾਉਂਦਾ ਅਤੇ ਸੜਕ ਦੀ ਆਵਾਜਾਈ ਨੂੰ ਕਾਬੂ ਵਿਚ ਰਖਦਾ ਹੈ। ਕੀ ਉਸਨੂੰ ਪਤਾ ਨਹੀਂ ਕਿ ਉਹ ਕੇਵਲ ਵੀਹ ਪੰਝੀ ਰੁਪਏ ਦਾ ਮਾਮੂਲੀ ਮੁਲਾਜ਼ਮ ਹੋ ਕੇ ਆਪਣੇ ਹੱਥ ਦੇ ਇਸ਼ਾਰੇ ਨਾਲ ਕਈ ਕਈ ਹਜ਼ਾਰ

ਮਾਹਵਾਰੀ ਆਮਦਨ ਵਾਲੇ ਅਤੇ ਵੱਡੇ ਵੱਡੇ ਰੁਤਬਿਆਂ ਵਾਲੇ ਆਦਮੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਮੋਟਰਾਂ ਖੜ੍ਹੀਆਂ ਕਰਨ ਤੇ ਮਜਬੂਰ ਕਰ ਰਿਹਾ ਹੈ? ਹਾਂ, ਸਿਪਾਹੀ ਨੂੰ ਇਹ ਮਲੂਮ ਹੁੰਦਾ ਹੈ ਕਿ ਉਸ ਦੇ ਪਿਛੇ ਉਸ ਦੀ ਮਦਦ ਵਾਸਤੇ ਗਵਰਨਮੈਂਟ ਦੀਆਂ ਅਦਾਲਤਾਂ, ਗਵਰਨਮੈਂਟ ਦੀ ਸਾਰੀ ਤਾਕਤ ਹੈ। ਇਸ ਲਈ ਪੁਲੀਸ ਦਾ ਸਿਪਾਹੀ ਨਿਡਰ ਹੋ ਕੇ ਬਗੈਰ ਲਿਹਾਜ਼ ਦੇ ਗਵਰਨਮੈਂਟ ਦੀ ਸਾਰੀ ਤਾਕਤ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦਾ ਤੇ ਆਪਣੇ ਹੀ ਜ਼ਿੰਮੇ ਲਾਈ ਸੇਵਾ ਨੂੰ ਨਿਭਾਉਂਦਾ ਹੈ। ਜਿਵੇਂ ਪੁਲੀਸ ਦੇ ਸਿਪਾਹੀ ਨੂੰ ਆਪਣੇ ਪਿੱਛੇ ਸਾਰੀ ਗਵਰਨਮੈਂਟ ਦੀ ਤਾਕਤ ਦਾ ਮਾਣ ਹੁੰਦਾ ਹੈ, ਓਵੇਂ ਵਾਹਿਗੁਰੂ ਦੇ ਖਾਲਸਾ ਨੂੰ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੱਖ ਨੂੰ ਪਤਾ ਹੁੰਦਾ ਹੈ ਕਿ ਉਸ ਦੇ ਪਿਛੇ ਜੀਉਂਦਾ ਜਾਗਦਾ, ਸਰਬਸ਼ਕਤੀਮਾਨ ਅਤੇ ਨਿਰਭੈ ਵਾਹਿਗੁਰੂ ਅਤੇ ਉਸ ਦੀਆਂ ਸਰਬ ਸ਼ਕਤੀਆਂ ਹਨ। ਇਸ ਲਈ ਉਹ ਦੁਨੀਆਂ ਵਿਚ ਜਿਸ ਸੇਵਾ ਤੇ ਖੜ੍ਹਾ ਕੀਤਾ ਜਾਵੇ, ਉਹ ਉਸ ਸੇਵਾ ਨੂੰ ਨਿਧੜਕ ਹੋ ਕੇ, ਬਗੈਰ ਕਿਸੇ ਤੋਂ ਡਰ ਕੇ, ਪੂਰੀ ਈਮਾਨਦਾਰੀ ਨਾਲ ਨਿਭਾਉਂਦਾ ਹੈ। ਜਿਥੇ ਉਸਨੂੰ ਇਹ ਪਤਾ ਹੁੰਦਾ ਹੈ ਕਿ ਉਸ ਦੇ ਅੰਗ-ਸੰਗ ਵਾਹਿਗੁਰੂ ਹੈ, ਉਥੇ ਉਸਨੂੰ ਇਹ ਵੀ ਪਤਾ ਹੁੰਦਾ ਹੈ ਕਿ ਵਾਹਿਗੁਰੂ ਨੂੰ ਅਤੇ ਵਾਹਿਗੁਰੂ ਦੇ ਖਾਲਸੇ ਨੂੰ ਹਮੇਸ਼ਾ ਹਰ ਕੰਮ ਵਿਚ ਫਤਹਿ ਹੀ ਫਤਹਿ ਹੁੰਦੀ ਹੈ। ਵਾਹਿਗੁਰੂ ਫਤਹਿ ਰੂਪ ਹੋਣ ਕਰਕੇ ਉਸ ਦਾ ਖਾਲਸਾ ਵੀ ਫਤਹਿ ਰੂਪ ਹੁੰਦਾ ਹੈ। ਵਾਹਿਗੁਰੂ ਦੇ ਖਾਲਸੇ ਜਾਂ ਰੱਬ ਦੇ ਬੰਦੇ ਦੀਆਂ ਸ਼ਕਤੀਆਂ ਸਬੰਧੀ ਗੁਰੂ ਗ੍ਰੰਥ ਜੀ ਵਿਚ ਇੰਜ ਦਸਿਆ ਗਿਆ ਹੈ : -

***ਜਾ ਕੈ ਭਗਤ ਅਨੰਦ ਮੈ॥***
***ਜਾ ਕੈ ਭਗਤ ਕਉ ਨਾਹੀ ਖੈ॥***
***ਜਾ ਕੈ ਭਗਤ ਕਉ ਨਾਹੀ ਭੈ॥***
***ਜਾ ਕੈ ਭਗਤ ਕਉ ਸਦਾ ਜੈ॥ ਪੰਨਾ - 1181***

ਜਿਵੇਂ ਪੁਲੀਸ ਦੇ ਸਿਪਾਹੀ ਨੂੰ ਭਰੋਸਾ ਹੁੰਦਾ ਹੈ ਕਿ ਉਹ ਡਿਊਟੀ ਕਰਦਾ ਹੋਇਆ ਕਿਸੇ ਵੱਡੇ ਤੋਂ ਵੱਡੇ ਆਦਮੀ ਨੂੰ ਵੀ ਕਾਨੂੰਨ ਦੇ ਉਲਟ ਚਲਦਾ ਵੇਖ ਕੇ ਉਸ ਦਾ ਚਾਲਾਨ ਕਰਵਾ ਸਕਦਾ ਹੈ, ਅਦਾਲਤ ਵਿਚੋਂ ਸਜ਼ਾ ਦਿਵਾ ਸਕਦਾ ਹੈ, ਤਿਵੇਂ ਵਾਹਿਗੁਰੂ ਦੇ ਖਾਲਸੇ ਜਾਂ ਵਾਹਿਗੁਰੂ ਦੇ ਬੰਦੇ ਨੂੰ ਵੀ ਭਰੋਸਾ ਹੁੰਦਾ ਹੈ ਕਿ ਉਸ ਦੇ ਨੇਕਨੀਤੀ ਦੇ ਕੀਤੇ ਹੋਏ ਹਰ ਕੰਮ ਦੀ ਵਾਹਿਗੁਰੂ ਦੀ ਦਰਗਾਹ ਤੋਂ ਪ੍ਰੋੜ੍ਹਤਾ ਅਤੇ ਸਹਾਇਤਾ ਹੋਣੀ ਹੈ। ਉਸ ਦਾ ਵਾਹਿਗੁਰੂ ਤੇ ਭਰੋਸਾ, ਉਸਨੂੰ ਦੁਨੀਆਂ ਦੇ ਵੱਡੇ ਤੋਂ ਵੱਡੇ ਲੋਕਾਂ ਦਾ ਸਾਮ੍ਹਣੇ ਨਿਰਭੈ ਤੇ ਬੇਪਰਵਾਹ ਬਣਾ ਦਿੰਦਾ ਹੈ।

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

***ਪਾਹਿ ਗਹੇ ਜਬ ਤੇ ਤੁਮਰੇ***
***ਤਬ ਤੇ ਕੋਊ ਆਖ ਤਰੈ ਨਹੀ ਆਨਿਓ।***
***(ਗੁਰੂ ਗੋਬਿੰਦ ਸਿੰਘ ਜੀ)***

ਗੁਰਸਿੱਖ ਜਾਂ ਖਾਲਸੇ ਨੂੰ ਲੋੜ ਕੇਵਲ ਇਹ ਜਾਨਣ ਦੀ ਹੈ ਕਿ ਉਹ ਵਾਹਿਗੁਰੂ ਦਾ ਪੁੱਤਰ ਵਾਹਿਗੁਰੂ ਦਾ ਖਾਲਸਾ ਹੈ। ਫੇਰ ਉਸ ਨੂੰ ਦੁਨਿਆਵੀ ਅਤੇ ਆਤਮਕ ਦੋਹਾਂ ਪਾਸਿਆਂ ਵਿਚ ਕਦੀ ਹਾਰ ਜਾਂ ਅਸਫਲਤਾ ਨਹੀਂ ਆ ਸਕਦੀ।

## ਨਿਰਾਸਤਾ ਪਾਪ ਹੈ

ਬਿਜਲੀ ਦਾ ਮਿਸਤਰੀ ਜਦ ਦੇਖਦਾ ਹੈ ਕਿ ਬਿਜਲੀ ਦਾ ਬਲਬ ਜਗਦਾ ਨਹੀਂ ਜਾਂ ਰੋਸ਼ਨੀ ਨਹੀਂ ਦਿੰਦਾ ਤਾਂ ਉਹ ਬਿਜਲੀ ਸਬੰਧੀ ਨਿਰਾਸ ਨਹੀਂ ਹੁੰਦਾ। ਉਹ ਇਹ ਨਹੀਂ ਸੋਚਦਾ ਕਿ ਬਿਜਲੀ ਦਾ ਸੁਭਾ ਬਦਲ ਗਿਆ ਹੈ, ਬਿਜਲੀ ਦੇ ਨਿਯਮ ਬਦਲ ਗਏ ਹਨ, ਜੋ ਬਿਜਲੀ ਨੇ ਹੁਣ ਜਗਣਾ ਜਾਂ ਰੋਸ਼ਨੀ ਦੇਣੀ ਛੱਡ ਦਿਤੀ ਹੈ। ਉਸ ਨੂੰ ਇਹ ਯਕੀਨ ਹੁੰਦਾ ਹੈ ਕਿ ਬਿਜਲੀ ਭਾਵੇਂ ਮੇਰੀਆਂ ਅਸਥੂਲ ਅੱਖਾਂ ਨੂੰ ਨਹੀਂ ਦਿਸਦੀ ਪਰ ਉਹ ਹੈ, ਸਦਾ ਤੋਂ ਹੈ ਤੇ ਸਦਾ ਰਹੇਗੀ। ਉਸ ਨੂੰ ਇਹ ਯਕੀਨ ਵੀ ਹੁੰਦਾ ਹੈ ਕਿ ਬਿਜਲੀ ਦੇ ਨਿਯਮ ਅਟੱਲ ਹਨ, ਇਹ ਇਕੋ ਵਾਰੀ ਬਣ ਚੁੱਕੇ ਹਨ, ਇਨ੍ਹਾਂ ਵਿਚ ਰੋਜ਼ ਤਬਦੀਲੀਆਂ ਨਹੀਂ ਹੁੰਦੀਆਂ। ਬਿਜਲੀ ਦਾ ਮਿਸਤਰੀ ਬਿਜਲੀ ਦਾ ਬਲਬ ਨਾ ਜਗਣ ਉਤੇ, ਬਿਜਲੀ ਦੇ ਸੁਭਾਅ ਜਾਂ ਬਿਜਲੀ ਦੇ ਨਿਯਮਾਂ ਸਬੰਧੀ ਸ਼ੱਕ ਨਹੀਂ ਕਰਦਾ, ਉਸ ਦਾ ਬਿਜਲੀ ਦੇ ਸੁਭਾਅ ਜਾਂ ਨਿਯਮਾਂ ਵਿਚ ਯਕੀਨ ਅਡੋਲ ਹੁੰਦਾ ਹੈ।

ਬਿਜਲੀ ਦੇ ਬਲਬ ਦੇ ਨਾ ਜਗਣ ਉਤੇ, ਬਿਜਲੀ ਦਾ ਮਿਸਤ੍ਰੀ ਆਪਣੀ ਵਿਚਾਰ ਸ਼ਕਤੀ ਨੂੰ ਕਿਸ ਤਰਫ ਮੋੜਦਾ ਹੈ? ਉਹ ਸੋਚਦਾ ਹੈ ਕਿ ਬਿਜਲੀ ਦਾ ਸੁਭਾਅ ਜਾਂ ਬਿਜਲੀ ਦੇ ਨਿਯਮ ਤਾਂ ਜਿਉਂ ਦੇ ਤਿਉਂ ਸਦਾ ਸਲਾਮਤ ਹਨ ਹੀ, ਬਲਬ ਦਾ ਨਾ ਜਗਣਾ ਕਿਸੇ ਹੋਰ ਕਾਰਨ ਕਰਕੇ ਹੋਵੇਗਾ। ਇਸ ਲਈ ਉਹ ਸਵਿੱਚ ਨੂੰ ਦੇਖਦਾ ਹੈ, ਬਿਜਲੀ ਆਉਣ ਦੇ ਕਨੈਕਸ਼ਨ ਵਾਲੀ ਜਗ੍ਹਾ ਦੀ ਜਾਂਚ ਪੜਤਾਲ ਕਰਦਾ ਹੈ, ਬਿਜਲੀ ਦੀ ਲਾਈਨ ਨੂੰ ਚੰਗੀ ਤਰ੍ਹਾਂ ਦੇਖਦਾ ਹੈ। ਉਸ ਨੂੰ ਜਿਥੇ ਬਿਜਲੀ ਦੇ ਸੁਭਾਅ ਜਾਂ ਉਸ ਦੇ ਨਿਯਮਾਂ ਸਬੰਧੀ ਪੂਰਾ ਯਕੀਨ ਹੁੰਦਾ ਹੈ, ਉਥੇ ਇਹ ਵੀ ਯਕੀਨ ਹੁੰਦਾ ਹੈ ਕਿ ਬਲਬ ਦੇ ਨਾ ਜਗਣ ਦਾ ਕਾਰਨ ਉਸ ਦੀ ਆਪਣੀ ਹੀ ਕਿਤੇ ਗਲਤੀ ਹੋਵੇਗੀ। ਇਹ ਗਲਤੀ ਭਾਵੇਂ ਸਵਿੱਚ ਬੋਰਡ ਵਿਚ ਹੋਵੇ, ਭਾਵੇਂ ਬਿਦਲੀ ਦੇ ਕਨੈਕਸ਼ਨ ਵਿਚ ਹੋਵੇ, ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਹੜਾ ਬਲਬ ਨਹੀਂ ਸੀ ਜਗਦਾ, ਉਹ ਬਿਜਲੀ ਮਿਸਤਰੀ ਦੀ ਥੋੜ੍ਹੀ ਬਹੁਤੀ ਜਾਂਚ ਪੜਤਾਲ ਨਾਲ ਮੁੜ ਜਗਣ ਲਗ ਪੈਂਦਾ ਹੈ, ਮੁੜ ਰੋਸ਼ਨੀ ਦੇਣ ਲੱਗ ਜਾਂਦਾ ਹੈ।

ਵਿਚਾਰਵਾਨ ਲਈ ਏਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਜੇ ਕਰਤਾਰ ਦੀ ਬਣਾਈ ਹੋਈ ਇਕ ਸ਼ਕਤੀ ਜਿਸ

ਦਾ ਨਾਮ ਅਸੀਂ ਬਿਜਲੀ ਰੱਖਿਆ ਹੈ, ਆਪਣਾ ਸੁਭਾਅ ਨਹੀਂ ਬਦਲਦੀ, ਆਪਣੇ ਨਿਯਮ ਅਟੱਲ ਰਖਦੀ ਹੈ, ਤਾਂ ਕਰਤਾਰ ਜਿਸ ਤੋਂ ਕਿ ਬਿਜਲੀ ਜਿਹੀਆਂ ਅਨੇਕ ਹੋਰ ਸ਼ਕਤੀਆਂ ਉਤਪੰਨ ਹੁੰਦੀਆਂ ਹਨ, ਜੋ ਖੁਦ ਸ਼ਕਤੀਆਂ ਦੀ ਸ਼ਕਤੀ, ਸਰਬ-ਸ਼ਕਤੀਵਾਨ ਹੈ, ਕੀ ਉਹ ਆਪਣੇ ਸੁਭਾਵ ਨੂੰ, ਆਪਣੀ ਆਦਤ ਨੂੰ, ਆਪਣੇ ਨਿਯਮਾਂ ਨੂੰ ਬਦਲ ਸਕਦਾ ਹੈ? ਅਸੀਂ ਜਿਉਂ ਜਿਉਂ ਵਿਚਾਰੀਏ, ਸਾਨੂੰ ਇਸੇ ਨਤੀਜੇ ਤੇ ਅਪੜਨਾ ਪਵੇਗਾ ਕਿ ਕਰਤਾਰ, ਜਿਸ ਤੋਂ ਸਰਬ-ਸ਼ਕਤੀਆਂ ਨਿਕਲ ਕੇ ਸਦਾ ਪੂਰਨ ਨਿਯਮਾਂ ਅਨੁਸਾਰ ਕੰਮ ਕਰਦੀਆਂ ਹਨ, ਉਹ ਆਪ ਵੀ ਪੂਰਨ ਨਿਯਮੀ ਹੋਵੇਗਾ, ਉਸ ਦਾ ਆਪਣਾ ਸੁਭਾਅ ਵੀ ਅਡੋਲ, ਅਸਥਿਤ ਤੇ ਕਦੀ ਨਾ ਬਦਲਣ ਵਾਲਾ ਹੋਵੇਗਾ।

ਜਿਹੜੇ ਮਹਾਂਪੁਰਖ ਕਰਤਾਰ ਨਾਲ ਅਭੇਦ ਹੋਏ ਹਨ, ਉਨ੍ਹਾਂ ਨੇ ਅਕਾਲ ਪੁਰਖ ਦੇ ਸੁਭਾਓ ਸਬੰਧੀ ਦੱਸਿਆ ਹੈ ਕਿ ਉਹ ਅਰਦਾਸਾਂ ਨੂੰ ਸੁਣਦਾ ਤੇ ਮਨਜ਼ੂਰ ਕਰਦਾ ਹੈ, ਉਹ ਸਦਾ ਦਿਆਲੂ ਹੈ, ਉਹ ਕਿਸੇ ਦੇ ਔਗੁਣਾਂ ਨੂੰ ਯਾਦ ਨਹੀਂ ਰਖਦਾ। ਜਿਹੜਾ ਵੀ ਉਸ ਦੀ ਸ਼ਰਨ ਆਵੇ, ਉਹ ਭਾਵੇਂ ਕੇਡਾ ਦੁਖੀ ਹੋਵੇ, ਕੇਡਾ ਰੋਗੀ ਹੋਵੇ, ਕਰਤਾਰ ਉਸ ਦੀ ਅਰਦਾਸ ਸੁਣਦਾ, ਉਸ ਦੇ ਦੁਖ ਦੂਰ ਕਰਦਾ, ਉਸ ਦੇ ਰੋਗ ਨਵਿਰਤ ਕਰਦਾ ਹੈ। ਇਹ ਰੱਬ ਦੇ ਸੁਭਾਅ ਸਬੰਧੀ ਉਸ ਨਾਲ ਇਕ ਹੋਏ, ਉਸ ਦੇ ਹਮਰਾਜ਼ ਮਹਾਂਪੁਰਸ਼ਾਂ ਦਾ ਫੈਸਲਾ ਹੈ। ਇਸ ਫੈਸਲੇ ਅਨੁਸਾਰ ਰੱਬ ਦਾ ਸੁਭਾਅ ਦਿਆਲੂ, ਕ੍ਰਿਪਾਲੂ, ਦੁਖ ਦਰਦ ਨੂੰ ਨਵਿਰਤ ਕਰਨ ਵਾਲਾ, ਅਰਦਾਸਾਂ ਬੇਨਤੀਆਂ ਨੂੰ ਸੁਣਨ ਵਾਲਾ ਹੈ, ਇਹ ਕੁਝ ਕਰਨਾ ਉਸ ਦਾ ਸਦੀਵੀ ਸੁਭਾਅ ਹੈ। ਜਿਸ ਗੁਰਸਿੱਖ ਨੂੰ ਇਹ ਪਤਾ ਲਗ ਜਾਵੇ ਕਿ ਉਸ ਦਾ ਕਰਤਾਰ ਹੈ, ਸਦਾ ਸਲਾਮਤ ਹੈ ਅਤੇ ਇਹ ਵੀ ਪਤਾ ਲਗ ਜਾਵੇ ਕਿ ਉਹ ਔਗੁਣ ਨਹੀਂ ਚਿਤਾਰਦਾ, ਦਿਆਲੂ ਹੈ, ਸਦਾ ਅਰਦਾਸਾਂ ਨੂੰ ਸੁਣ ਕੇ ਪੂਰੀਆਂ ਕਰ ਸਕਦਾ ਹੈ, ਉਹ ਗੁਰਮੁਖ ਮੁਸੀਬਤਾਂ, ਮੁਸ਼ਕਲਾਂ, ਦੁਖਾਂ, ਤਕਲੀਫਾਂ ਵੇਲੇ ਉਸੇ ਤਰ੍ਹਾਂ ਅਡੋਲ ਤੇ ਵਿਸ਼ਵਾਸ਼ ਵਿਚ ਪ੍ਰਪੱਕ ਰੁਹੰਦਾ ਹੈ। ਜਿਵੇਂ ਬਿਜਲੀ ਮਿਸਤਰੀ ਬਲਬ ਦੇ ਨਾ ਜਗਣ ਉਤੇ ਅਡੋਲ ਤੇ ਅਸਥਿਰ ਰਹਿੰਦਾ ਹੈ। ਬਿਜਲੀ ਮਿਸਤਰੀ ਦਾ ਅਡੋਲ ਰਹਿਣਾ ਸਦਾ ਬਿਜਲੀ ਦੇ ਗਿਆਨ ਕਰਕੇ ਹੁੰਦਾ ਹੈ। ਗੁਰਸਿੱਖ ਦਾ ਦੁਖ, ਮੁਸੀਬਤਾਂ, ਅਜਮਾਇਸ਼ਾਂ ਵੇਲੇ ਅਡੋਲ ਰਹਿਣਾ ਉਸ ਦੇ ਕਰਤਾਰ ਸਬੰਧੀ ਗਿਆਨ ਜਾਂ ਕਰਤਾਰ ਦੇ ਸੁਭਾਉ ਸਬੰਧੀ ਉਸ ਦੀ ਵਾਕਫੀਅਤ ਦੇ ਆਧਾਰ ਤੇ ਹੁੰਦਾ ਹੈ।

ਆਮ ਇਨਸਾਨ ਦੁਖਾਂ, ਮੁਸੀਬਤਾਂ, ਤਕਲੀਫਾਂ ਤੇ ਹਾਦਸਿਆਂ ਦੇ ਸਮੇਂ ਡੋਲ ਇਸ ਕਰਕੇ ਜਾਂਦੇ ਹਨ ਕਿ ਉਨ੍ਹਾਂ ਦਾ ਯਕੀਨ ਕਰਤਾਰ ਉਤੇ ਉਤਨਾ ਨਹੀਂ ਹੁੰਦਾ ਜਿਤਨਾ ਯਕੀਨ ਕਿ ਬਿਜਲੀ ਮਿਸਤਰੀ ਦਾ ਬਿਜਲੀ ਉਤੇ ਹੁੰਦਾ ਹੈ। ਗੁਰਸਿੱਖ (ਜੋ ਕਿ ਆਮ ਇਨਸਾਨ ਨਹੀਂ ਹੁੰਦਾ) ਮੁਸੀਬਤਾਂ ਵੇਲੇ ਬਿਜਲੀ ਮਿਸਤਰੀ ਦੀ ਤਰ੍ਹਾਂ ਕਰਤਾਰ ਦੇ ਸੁਭਾਉ ਉਤੇ ਅਹਿਲ ਨਿਸਚਾ ਰਖਦਾ ਹੋਇਆ, ਸਿਦਕ ਨਾਲ ਅਰਦਾਸ ਕਰਦਾ ਹੈ, ਜੋ ਕਰਤਾਰ ਦੀ ਦਰਗਾਹ ਵਿਚ ਜ਼ਰੂਰ ਹੀ ਸੁਣੀ ਤੇ ਪ੍ਰਵਾਨੀ ਜਾਂਦੀ ਹੈ।

ਜਦ ਗੁਰਸਿੱਖ ਦੀ ਅਰਦਾਸ ਦਾ ਫਲ ਜੈਸਾ ਉਹ ਚਾਹੁੰਦਾ ਹੈ ਨਾ ਨਿਕਲੇ ਤਾਂ ਉਹ ਰੱਬ ਦੀ ਹਸਤੀ ਜਾਂ ਉਸ ਦੇ ਸੁਭਾਉ ਉਤੇ ਸ਼ੱਕ ਨਹੀਂ ਕਰਦਾ। ਉਸ ਨੂੰ ਪਤਾ ਹੁੰਦਾ ਹੈ ਕਿ ਕਰਤਾਰ ਤਾਂ ਦਿਆਲੂ ਤੇ ਅਰਦਾਸਾਂ ਸੁਣਨ ਤੇ ਪੂਰੀਆਂ ਕਰਨ ਦੇ ਸਮਰੱਥ ਹੈ ਹੀ, ਜੇਕਰ ਉਸ ਦੀ ਅਰਦਾਸ ਦਾ ਠੀਕ ਫਲ ਨਹੀਂ ਨਿਕਲ ਰਿਹਾ ਤਾਂ ਇਸ ਦਾ ਕਾਰਨ ਉਸ ਦੀ ਅਰਦਾਸ ਵਿਚ ਕਿਤੇ ਨੁਕਸ ਜਾਂ ਕਮੀ ਕਰਕੇ ਹੈ। ਉਹ ਇਸ ਲਈ ਆਪਣੀ ਅਰਦਾਸ ਨੂੰ ਮੁੜ ਵਿਚਾਰਦਾ ਤੇ ਸੋਧਦਾ ਹੈ।

ਜਿਵੇਂ ਬਿਜਲੀ ਦੇ ਨਿਯਮ ਹਨ ਤਿਵੇਂ ਅਰਦਾਸ ਦੇ ਨਿਯਮ ਹਨ। ਜਿਵੇਂ ਬਿਜਲੀ ਤਦ ਬਲਬ ਵਿਚ ਆ ਕੇ ਉਸ ਨੂੰ ਜਗਾਂਦੀ ਜਾਂ ਰੌਸ਼ਨ ਕਰਦੀ ਹੈ ਜਦੋਂ ਉਸ ਦੇ ਸਭ ਨਿਯਮਾਂ ਦੀ ਪੂਰਤੀ ਕੀਤੀ ਜਾਵੇ, ਇਸੇ ਤਰ੍ਹਾਂ ਅਰਦਾਸ ਦਾ ਫਲ ਉਦੋਂ ਠੀਕ ਨਿਕਲਦਾ ਹੈ ਜਦੋਂ ਅਰਦਾਸ ਦੇ ਸਭ ਨਿਯਮਾਂ ਦੀ ਪਾਲਨਾ ਕੀਤੀ ਜਾਵੇ। ਜਿਵੇਂ ਬਿਜਲੀ ਮਿਸਤ੍ਰੀ ਨੂੰ ਕਦੀ ਧੋਖਾ ਨਹੀਂ ਦੇਂਦੀ, ਉਸ ਦੀ ਇੱਛਾ ਅਨੁਸਾਰ ਸਭ ਕੰਮ ਕਰਦੀ ਹੈ, ਉਸੇ ਤਰ੍ਹਾਂ ਅਰਦਾਸ ਦੇ ਸਭ ਨਿਯਮਾਂ ਦੀ ਪਾਲਨਾ ਕੀਤਿਆਂ, ਕਰਤਾਰ ਗੁਰਸਿੱਖ ਨੂੰ ਕਦੀ ਧੋਖਾ ਨਹੀਂ ਦੇਂਦਾ, ਉਸ ਦੇ ਸਰਬ ਕਾਰਜ ਰਾਸ ਕਰਦਾ ਹੈ।

ਜਿਵੇਂ ਉਹ ਮਿਸਤ੍ਰੀ, ਮਿਸਤ੍ਰੀ ਕਹਾਉਣ ਦੇ ਲਾਇਕ ਨਹੀਂ, ਜੋ ਬਿਜਲੀ ਦੇ ਸੁਭਾਅ ਜਾਂ ਬਿਜਲੀ ਦੇ ਨਿਯਮਾਂ ਸਬੰਧੀ ਸ਼ੰਕੇ ਕਰੇ, ਤਿਵੇਂ ਉਹ ਗੁਰਸਿੱਖ ਅਸਲ ਅਰਥਾਂ ਵਿਚ ਗੁਰੂ ਦਾ ਸਿੱਖ ਅਖਵਾਣ ਦੇ ਯੋਗ ਨਹੀਂ ਜੋ ਕਰਤਾਰ ਦੀ ਜ਼ਾਤ ਅਤੇ ਕਰਤਾਰ ਦੇ ਸੁਭਾਉ ਉਤੇ ਸ਼ੱਕ ਕਰੇ। ਬਿਜਲੀ ਤੋਂ ਨਿਰਾਸ ਹੋਣਾ ਬਿਜਲੀ ਦੇ ਸੁਭਾਅ ਨੂੰ ਨਾ ਸਮਝਣਾ ਹੈ, ਕਰਤਾਰ ਤੋਂ ਨਿਰਾਸ ਹੋਣਾ ਕਰਤਾਰ ਦੇ ਸੁਭਾਅ ਨੂੰ ਨਾ ਸਮਝਣਾ ਹੈ। ਬਿਜਲੀ ਤੋਂ ਨਿਰਾਸ ਹੋਣਾ ਬਿਜਲੀ ਮਿਸਤ੍ਰੀ ਲਈ ਪਾਪ ਹੈ, ਕਰਤਾਰ ਤੋਂ ਨਿਰਾਸ ਹੋਣਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੱਖ ਲਈ ਪਾਪ ਹੈ।

# ਖੇਤੁ ਪਛਾਣੈ ਬੀਜੈ ਦਾਨੁ॥

***ਪ੍ਰੀਤਮ ਸਿੰਘ ਅਜ਼ਾਦ***

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਦਾਨ ਜਰੂਰ ਕਰਨਾ ਚਾਹੀਦਾ ਹੈ, ਪਰ ਵੇਖ ਕੇ। ਜਿਵੇਂ ਕਿਰਸਾਨ ਖੇਤ ਨੂੰ ਪਛਾਣਕੇ ਹੀ ਉਸ ਵਿਚ ਬੀਜ ਪਾਉਂਦਾ ਹੈ ਤਿਵੇਂ ਇਨਸਾਨ ਰੂਪੀ ਖੇਤ ਨੂੰ ਪਛਾਣਕੇ ਹੀ ਉਸ ਵਿਚ ਕਾਲ ਰੂਪੀ ਬੀਜ ਪਾਉਣਾ ਚਾਹੀਦਾ ਹੈ। ਬਿਨਾਂ ਸੋਚਿਆਂ ਸਮਝਿਆਂ ਦਾਨ ਦੇਣਾ ਨਿੰਕਮੀ ਕਲਰ ਵਾਲੀ ਜ਼ਮੀਨ 'ਚ ਬੀਜ ਬੀਜਣ ਦੇ ਸਮਾਨ ਹੈ ਜਿਥੋਂ ਕੁਝ ਵੀ ਪੈਦਾ ਨਹੀਂ ਹੋ ਸਕਦਾ। ਤਦੇ ਤਾਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ –

***ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥***

***ਪੰਨਾ – 419***

ਦਾਨ ਕਿਰਿਆ ਸਾਡੇ ਭਾਵਾਂ ਨੂੰ ਪ੍ਰਗਟ ਕਰਦਾ ਹੈ। ਸਾਰੇ ਧਰਮ ਹੀ ਲੋੜਵੰਦਾ, ਗਰੀਬਾਂ ਨੂੰ ਦਾਨ ਦੇਣ ਦਾ ਉਪਦੇਸ਼ ਕਰਦੇ ਹਨ। ਆਪਣੀ ਹੱਕ ਹਲਾਲ ਦੀ ਕਮਾਈ 'ਚੋਂ ਦਾਨ ਦੇਣਾ ਸ੍ਰੇਸ਼ਟ ਕੰਮ ਹੈ। ਗਰੀਬਾਂ, ਅਨਾਥਾਂ ਤੇ ਲੋੜਵੰਦਾ ਨੂੰ ਦਾਨ ਦੇਣ ਬਾਰੇ ਯਸੂ ਮਸੀਹ ਇੰਜ ਉਪਦੇਸ਼ ਕਰਦੇ ਹਨ, "ਜੋ ਕੁਝ ਤੇਰੇ ਕੋਲ ਧੰਨ-ਸੰਪਤੀ ਆਦਿ ਹੈ, ਉਸਨੂੰ ਗਰੀਬਾਂ ਵਿਚ ਵੰਡ ਦੇ, ਤਾਂ ਜੋ ਤੈਨੂੰ ਬਹਿਸ਼ਤ ਵਿਚ ਖਜਾਨਾ ਮਿਲ ਸਕੇ। ਤੂੰ ਆਪਣਾ ਰਿਜ਼ਕ ਮਾਲਕ ਦੇ ਨਾਮ ਤੇ ਵੰਡ ਦੇ, ਤਾਂ ਜੋ ਤੇਰੇ ਅਨਾਜ ਦੇ ਗੁਦਾਮ ਭਰ ਜਾਣ ਅਤੇ ਤੇਰੇ ਘਰ ਵਿਚ ਕਿਸੇ ਚੀਜ਼ ਦੀ ਕਮੀ ਨ ਰਹੇ।"

ਭੁਖੇ ਨੂੰ ਭੋਜਨ ਖਵਾਓ, ਪਿਆਸੇ ਨੂੰ ਪਾਨੀ ਪਿਲਾਉ, ਦੁਖੀਆਂ ਲਾਚਾਰਾਂ ਦੇ ਦੁਖ ਵੰਡਾਓ, ਜਿਥੋਂ ਤੱਕ ਹੋ ਸਕੇ ਬਿਮਾਰਾਂ ਦੀ ਸੇਵਾ ਕਰੋ। ਜਦ ਤੱਕ ਇਨਸਾਨੀ ਦੇਹ ਹੈ, ਦਾਨ ਕਰਦੇ ਰਹਿਣਾ ਚਾਹੀਦਾ ਹੈ। ਜਦ ਦੇਹ ਹੀ ਨਾ ਰਹੀ ਤਾਂ ਫਿਰ ਨ ਕਿਸੇ ਦਾਨ ਮੰਗਣਾ ਹੈ ਅਤੇ ਨਾ ਹੀ ਕਿਸੇ ਦਾਨ ਦੇਣ ਲਈ ਕਹਿਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ –

***ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥***
***ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥***

***ਪੰਨਾ – 468***

ਸੱਚੀ ਸਿਖਿਆ ਨਾਲ ਹੀ ਸੱਚ ਪ੍ਰਾਪਤ ਕੀਤਾ ਜਾ ਸਕਦਾ ਹੈ। ਸੱਚੀ ਸਿਖਿਆ ਕੀ ਹੈ? ਜੀਵਾਂ ਉਪਰ ਦਇਆ ਕਰਨੀ ਅਤੇ ਆਪਣੀ ਦਸਾਂ-ਨਹੁੰਆਂ ਦੀ ਹੱਕ ਹਲਾਲ ਦੀ ਕਮਾਈ ਵਿਚੋਂ ਲੋੜਵੰਦਾਂ ਨੂੰ ਪੁੰਨ ਦਾਨ ਕਰਨਾ ਹੀ ਸੱਚੀ ਸਿਖਿਆ ਹੈ। ਸੰਤ, ਮਹਾਤਮਾ, ਸਾਧੂ, ਫਕੀਰਾਂ, ਗੁਰਮੁਖਾਂ ਅਤੇ ਸਾਧ ਸੰਗਤ ਦੀ ਸੇਵਾ 'ਚ ਨਮਿਤ ਦਾਨ ਹੀ ਸਕਾਰਥ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਾਨ ਦੇਣ ਲਈ, ਸਭ ਤੋਂ ਉਤਮ 'ਗੁਰਸਿਖ-ਗੁਰਮੁਖ' ਨੂੰ ਗਿਣਿਆ ਹੈ। ਸੱਚਾ ਤੇ ਸੁੱਚਾ ਗੁਰਸਿਖ ਹੀ ਦਾਨ ਦਾ ਹੱਕਦਾਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦੀਯੋ,***
***ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥***
***ਸੋ ਗ੍ਰਿਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭਹੀ ਇਨਹੀ ਕੋ॥***

***(ਗਿਆਨ ਪ੍ਰਬੋਧ ਪਾ: ੧੦)***

ਜੀਵਨ ਹੀ ਉਹ ਸਫਲ ਹੈ ਜੋ ਪ੍ਰਭੂ ਭਗਤੀ ਕਰਦਾ ਹੋਇਆ ਦਾਨ ਪੁੰਨ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਦਾਇਤ ਹੈ ਕਿ ਹਰ ਐਰੇ ਗੈਰੇ ਨੂੰ ਆਪਣੀ ਮਰਜ਼ੀ ਨਾਲ ਦਾਨ ਨਾ ਕੀਤਾ ਜਾਵੇ। ਦਾਨ ਗੁਰੂ ਦੀ ਸਿਖਿਆ ਅਨੁਸਾਰ ਹੀ ਦੇਣਾ ਚਾਹੀਦਾ ਹੈ ਕਿਉਂਕਿ ਗੁਰੂ ਨੂੰ ਹੀ ਪਤਾ ਹੈ ਕਿ ਕਿਹੜੇ ਦਾਨ ਦੀ ਲੋੜ ਕਿਥੇ ਹੈ। ਗਲਤ ਹੱਥਾਂ 'ਚ ਦਿੱਤਾ ਦਾਨ ਦੁਖਾਂ ਦਾ ਕਾਰਨ ਬਣਦਾ ਹੈ। ਭਗਤ ਕਬੀਰ ਜੀ ਦਾ ਕਥਨ ਹੈ –

***ਮਾਇਆ ਹੈ ਏਕ ਭਾਂਤ ਕੀ ਦੋ ਚਲਾਵੈ ਰਾਹ॥***
***ਏਕ ਮਿਲਾਵੈ ਰਾਮ ਸੇ, ਏਕ ਨਰਕ ਲੈ ਜਾਹ॥***

ਬੁਰੇ ਆਦਮੀ ਨੂੰ ਦਿਤਾ ਦਾਨ ਨਰਕਾਂ 'ਚ ਲੈ ਜਾਂਦਾ ਹੈ ਅਤੇ ਚੰਗੇ ਕੰਮਾਂ ਲਈ ਕੀਤਾ ਦਾਨ ਪ੍ਰਭੂ ਦੀ ਦਰਗਾਹ 'ਚ ਪ੍ਰਵਾਨ ਹੁੰਦਾ ਹੈ ਅਤੇ ਪ੍ਰਭੂ ਨਾਲ ਮਿਲਨ 'ਚ ਸਹਾਈ ਹੁੰਦਾ ਹੈ। ਇਸ ਲਈ ਦਾਨ ਗੁਰੂ ਆਗਿਆ ਅਨੁਸਾਰ ਹੀ ਦੇਣਾ ਚਾਹੀਦਾ ਹੈ। ਕਬੀਰ ਸਾਹਿਬ ਫੁਰਮਾਉਂਦੇ ਹਨ –

***ਗੁਰ ਬਿਨ ਮਾਲਾ ਫੇਰਤੇ, ਗੁਰੂ ਬਿਨ ਦੇਤੇ ਦਾਨ॥***
***ਗੁਰ ਬਿਨ ਦਾਨ ਹਰਾਮ ਹੈ, ਜਾਇ ਪੂਛਹੁ ਵੇਦ ਪੁਰਾਨ॥***

'ਕੁਰਾਨ ਸ਼ਰੀਫ' ਵਿਚ ਆਪਣੀ ਕਮਾਈ ਵਿਚੋਂ ਚਾਲੀਵਾਂ ਹਿੱਸਾ ਬਤੌਰ ਜ਼ਕਾਤ ਦੇਣਾ ਲਿਖਿਆ ਹੈ। ਸਿਖ ਧਰਮ ਵਿਚ ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ ਦਸਵੰਦ ਦੇ ਰੂਪ 'ਚ ਦੇਣ ਦਾ ਨਿਯਮ ਹੈ। ਦਸਵੰਦ ਕੱਢਣ ਦਾ ਨੀਯਮ ਤਾਂ ਬਹੁਤ ਪੁਰਾਣਾ ਹੈ। ਪੁਰਾਣੇ ਜ਼ਮਾਨੇ 'ਚ ਲੋਕ ਆਪਣੀ ਕਮਾਈ ਦਾ ਦਸਵਾਂ ਹਿੱਸਾ ਦਾਨ ਪੁੰਨ ਦੇ ਰੂਪ ਵਿਚ ਦਿੰਦੇ ਸਨ। ਦਾਨ ਦੇਣ ਨਾਲ ਨਿਮਰਤਾ ਅਤੇ ਸੇਵਾ ਦੇ ਗੁਣ ਪੈਦਾ ਹੁੰਦੇ ਹਨ। ਲੋੜਵੰਦਾਂ ਨੂੰ ਦਿਤਾ ਦਾਨ ਦਇਆ ਭਾਵ ਪ੍ਰਗਟ ਕਰਦਾ ਹੈ। ਦਾਨ ਕੇਵਲ ਉਦਾਰ ਚਿੱਤ ਹੋਕੇ ਹੀ ਕਰਨਾ ਚਾਹੀਦਾ ਹੈ। ਵਿਸ਼ੇ ਵਿਕਾਰਾਂ ਅਤੇ

ਨਸ਼ਿਆਂ 'ਚ ਖਚਤ ਹੋਏ ਮੰਗਤਿਆਂ ਨੂੰ ਦਿਤਾ ਦਾਨ ਵਿਅਰਥ ਹੀ ਜਾਂਦਾ ਹੈ, ਅਜਿਹਾ ਦਾਨ ਪੁੰਨ ਦੀ ਥਾਂ ਗੁਨਾਹ ਬਣ ਜਾਂਦਾ ਹੈ। ਸਾਧ ਸੰਗਤ, ਗੁਰਸਿਖ, ਪ੍ਰਭੂ ਦੇ ਭਗਤਾਂ, ਦੀਨ ਦੁਖੀਆਂ ਦੀ ਸੇਵਾ ਨਮਿਤ ਦਾਨ ਹੀ ਫਲਦਾ ਫੁਲਦਾ ਹੈ। ਉਹੀ ਧਨ ਉਤਮ ਹੈ ਜਿਸਨੂੰ ਲੋੜਵੰਦਾ ਦੀ ਮੱਦਦ ਲਈ ਖਰਚ ਕੀਤਾ ਜਾਵੇ। ਬੁੱਧੀ ਉਹੀ ਨਿਰਮਲ ਹੈ ਜੋ ਦਇਆ ਅਤੇ ਸੇਵਾ 'ਚ ਲੱਗੀ ਹੋਈ ਹੈ। ਪਲ ਉਹੀ ਉਤਮ ਹਨ ਜੋ ਪ੍ਰਭੂ ਭਗਤੀ 'ਚ ਬਤੀਤ ਹੁੰਦੇ ਹਨ।

ਸਾਧੂ, ਸੰਤ, ਮਹਾਤਮਾ ਉਪਦੇਸ਼ ਕਰਦੇ ਹਨ ਕਿ ਸੁਆਸਾਂ ਰੂਪੀ ਪੂੰਜੀ ਦਾ ਦਸਵੰਦ ਵੀ ਕੱਢਣਾ ਚਾਹੀਦਾ ਹੈ। ਸੁਆਸਾਂ ਦਾ ਘੱਟੋ ਘੱਟ ਦਸਵਾਂ ਹਿੱਸਾ ਪ੍ਰਭੂ ਸਿਮਰਨ 'ਚ ਬਤੀਤ ਕਰਨਾ ਚਾਹੀਦਾ ਹੈ। ਉਹ ਇਸ ਨੂੰ ਵੀ ਦਾਨ ਕਰਨਾ ਹੀ ਸਮਝਦੇ ਹਨ। ਉਹ ਧਰਮ ਦੇ ਨੌਂ ਗੁਣਾਂ ਵਿਚੋਂ ਦਾਨ ਨੂੰ ਵੀ ਇਕ ਅਹਿਮ ਗੁਣ ਸਮਝਦੇ ਹਨ। ਜੀਵ ਦੇ ਮਨ 'ਚ ਪ੍ਰਭੂ ਭਗਤੀ, ਵੈਰਾਗ ਅਤੇ ਵਿਸ਼ਵਾਸ ਨਾਲ ਸਿਮਰਨ ਹੀ ਦਸਵੰਧ ਕਢਣਾ ਹੈ, ਦਾਨ ਕਰਨਾ ਹੈ।

---

(ਪੰਨਾ 4 ਦੀ ਬਾਕੀ)

ਉਹ ਮਹਾਂਪੁਰਖਾਂ ਦਾ ਨਿਕਟਵਰਤੀ ਤੇ ਹਮ-ਰਾਜ਼ ਬਣ ਸਕਦਾ ਹੈ, ਉਹ ਮਹਾਂਪੁਰਖਾਂ ਦਾ ਸਭ ਕੁਝ ਸਾਂਭ ਸਕਦਾ ਹੈ, ਮਹਾਂਪੁਰਖ ਆਪਣਾ ਸਭ ਕੁਝ ਐਸੇ ਆਦਮੀ ਤੋਂ ਵਾਰਨ ਵਾਸਤੇ ਉਤਾਵਲੇ ਹੁੰਦੇ ਹਨ।

ਇਥੇ ਨੁਕਤਾਚੀਨ ਆਦਮੀ ਸਵਾਲ ਕਰ ਸਕਦਾ ਹੈ ਕਿ ਜੇ ਧਰਮ ਦੀ ਆਖਰੀ ਮੰਜ਼ਲ ਐਡੀ ਕਠਿਨ ਹੈ, ਜਿਥੇ ਕਿ ਮੌਤ ਮਨਜ਼ੂਰ ਕਰਨੀ ਤੇ ਜੀਵਨ ਦੀ ਆਸ ਛੱਡਣੀ ਪੈਂਦੀ ਹੈ ਤਾਂ ਧਰਮ ਦੀ ਸਹਾਇਤਾ ਮੰਗਣੀ ਤੇ ਇਸ ਦੀ ਚਾਹ ਕਰਨੀ ਹੀ ਫਜ਼ੂਲ ਹੈ, ਕਿਉਂਕਿ ਜ਼ਿੰਦਗੀ ਨੂੰ ਗਵਾ ਕੇ ਜੋ ਕੁਝ ਮਿਲੇ, ਉਹ ਕਿਸ ਕੰਮ ਦਾ ਹੋ ਸਕਦਾ ਹੈ?

ਜ਼ਰਾ ਗੌਰ ਨਾਲ ਉਤਲੇ ਮਹਾਂਵਾਕ ਨੂੰ ਪੜ੍ਹਿਆਂ ਪਤਾ ਲਗੇਗਾ ਕਿ ਪਹਿਲੀ ਤੁਕ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ' ਦੇ ਅਸਲੀ ਮਤਲਬ ਨੂੰ ਦੂਸਰੀ ਤੁਕ - 'ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ' ਸਾਫ ਕਰ ਦੇਂਦੀ ਹੈ। ਪਹਿਲੀ ਤੁਕ ਵਿਚ ਮਰਨ ਦਾ ਅਰਥ ਸੱਚਮੁਚ ਮਰਨਾ ਨਹੀਂ, ਐਪਰ ਮਨ ਨੂੰ ਐਸੇ ਨਿਰਮਾਣਤਾ ਦੇ ਦਰਜੇ ਤਕ ਨਿਵਾਣਾ ਹੈ, ਜਿਥੇ 'ਸਭਨਾ ਕੀ ਰੇਣੁਕਾ', ਦਾ ਅਰਥ ਘਟ ਸਕੇ। 'ਸਭਨਾ ਕੀ ਰੇਣੁਕਾ', ਹਉਮੈ ਭਰੇ ਮਨ ਕੋਲੋਂ ਮੌਤ ਦੇ ਬਰਾਬਰ ਦੀ ਮੰਗ ਹੈ। ਮਰਿਆ ਹੋਇਆ ਆਦਮੀ ਮੁਕੰਮਲ ਤੌਰ ਤੇ ਨਿਰਮਾਣ ਹੁੰਦਾ ਹੈ, ਐਪਰ ਜੀਉਂਦੇ ਕੋਲੋਂ ਮੋਏ ਹੋਏ ਆਦਮੀ ਵਰਗੀ ਨਿਮਰਤਾ ਮੰਗਣੀ ਬੜੀ ਔਖੀ ਤੇ ਕਰੜੀ ਮੰਗ ਹੈ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਹੋ ਮੰਗ ਭਰੇ ਦੀਵਾਨ ਵਿਚ ਕੀਤੀ ਸੀ। ਪੰਜਾਂ ਸਿੱਖਾਂ ਦੇ ਸਿਰ ਮੰਗਣ ਤੋਂ ਹਜ਼ੂਰ ਦੀ ਅਸਲੀ ਮੁਰਾਦ ਸਿਰਾਂ ਨੂੰ ਲਾਹ ਕੇ ਸਰੀਰ ਤੋਂ ਅੱਡ ਕਰ ਦੇਣ ਦੀ ਨਹੀਂ, ਸਗੋਂ ਹਉਮੈ ਦਾ ਪੂਰਨ ਤਿਆਗ ਸੀ। ਇਨਸਾਨ ਨੂੰ ਜਾਨ ਬੜੀ ਪਿਆਰੀ ਹੁੰਦੀ ਹੈ, ਜੋ ਆਦਮੀ ਜਾਨ ਵਾਰਨ ਤਕ ਤਿਆਰ ਹੋ ਜਾਵੇ, ਉਹ ਹਉਮੈ ਉਤੇ ਫਤਹਿਯਾਬ ਜਾਂ 'ਸਭਨਾ ਕੀ ਰੇਣੁਕਾ' ਹੋਣ ਦੇ ਕਾਬਿਲ ਸਮਝਿਆ ਜਾ ਸਕਦਾ ਹੈ। ਜੀਵਨ ਦੀ ਕੁਰਬਾਨੀ ਹਉਮੈ ਦੇ ਤਿਆਗ ਦੀ ਅਸਲੀ ਕਸੌਟੀ ਹੈ।

'ਆਉ ਹਮਾਰੈ ਪਾਸਿ' ਦੇ ਉਚੀ ਅਵਸਥਾ ਦੇ ਸਿਮਰਨ ਅਭਿਆਸੀਆਂ ਲਈ ਇਕ ਨਵੇਂ ਅਰਥ ਹੋ ਜਾਂਦੇ ਹਨ। ਸਿਮਰਨ ਅਭਿਆਸੀ ਜਦ ਇੰਦ੍ਰੀਆਂ ਨਾਲੋਂ ਆਪਣੀ ਸੁਰਤੀ ਨਖੇੜ ਕੇ ਆਪਣੇ ਅਸਲੇ ਨਾਲ ਰਲ ਮਿਲ ਜਾਂਦਾ ਹੈ ਤਾਂ ਉਸ ਨੂੰ ਇੰਦ੍ਰੀਆਂ ਦੀ ਦੁਨੀਆਂ ਵਿਚ ਆਉਣਾ ਤਲਖ ਮਹਿਸੂਸ ਹੁੰਦਾ ਹੈ। ਇਸ ਮੰਡਲ ਵਿਚ ਆਉਣਾ ਕਿਸੇ ਡਾਢੀ ਕੰਡਿਆਂ ਭਰੀ ਧਰਤੀ ਤੇ ਡਿੱਗਣ ਦੇ ਬਰਾਬਰ ਪ੍ਰਤੀਤ ਹੁੰਦਾ ਹੈ। ਏਥੇ ਸੰਸਾਰੀ ਜੀਵਨ ਦੀ ਉਕੀ ਆਸ ਖਤਮ ਹੋ ਚੁਕਦੀ ਹੈ। ਏਸ ਅਵਸਥਾ ਵਲ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਾਰਾ ਹੈ, ਜਦ ਆਪ ਫੁਰਮਾਉਂਦੇ ਹਨ 'ਚਿਤ ਨ ਭਯੋ ਹਮਰੋ ਆਵਨ ਕਹ। ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।

ਏਸ ਅਵਸਥਾ ਦੇ ਤਾਂਘੀ ਨੂੰ ਵੀ ਜੀਵੀ ਜ਼ਿੰਦਗੀ ਤੋਂ 'ਮਰਨ' ਕਬੂਲਣਾ ਪੈਂਦਾ ਹੈ ਅਤੇ ਇੰਦ੍ਰੀਆਂ ਦੀ ਦੁਨੀਆਂ ਦੀ ਆਸ ਛੱਡਣੀ ਪੈਂਦੀ ਹੈ। ਇਸ ਨੂੰ ਛੱਡਿਆਂ ਉਸ ਨੂੰ ਉਹ 'ਗੁੰਗੇ ਦੀ ਮਠਿਆਈ' ਮਿਲਦੀ ਹੈ ਜਿਸ ਦਾ ਵਰਨਣ ਇਨਸਾਨੀ ਬੋਲੀ ਵਿਚ ਨਾ ਕਦੇ ਹੋਇਆ ਹੈ, ਨਾ ਹੋ ਸਕਦਾ ਹੈ ਅਤੇ ਮਾਤ ਲੋਕ ਦੀ ਖੇਡ ਨੂੰ ਕਾਇਮ ਰੱਖਣ ਵਾਸਤੇ, ਨਾ ਕਦੀ ਹੋਣਾ ਚਾਹੀਦਾ ਹੈ। ਇਸ ਦ੍ਰਿਸ਼ਟੀ ਤੋਂ ਸਾਨੂੰ, ਮਹਾਂਪੁਰਸ਼ਾਂ ਦੇ ਸਮੂੰਹ ਨਿਕਟਵਰਤੀਆਂ ਅਤੇ ਪ੍ਰੇਮੀਆਂ ਨੂੰ ਸ੍ਵੈ-ਪੜਚੋਲ ਕਰਨੀ ਚਾਹੀਦੀ ਹੈ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*

## ਧਿਆਨ

ਧਿਆਨ ਇਕ ਸਵੈ ਘਾਲਣਾ ਹੈ, ਇਕ ਆਪਣੇ ਆਪ ਦੇ ਅੰਦਰ ਦੀ ਖੋਜ ਹੈ, ਧਿਆਨ ਨਾਲ ਤੁਹਾਡੇ ਅੰਦਰ ਦੀਆਂ ਗੁੱਝੀਆਂ ਸ਼ਕਤੀਆਂ ਦਾ ਪਤਾ ਲਗਦਾ ਹੈ, ਜਿਵੇਂ ਜਿਵੇਂ ਸਮਾਂ ਆਉਂਦਾ ਹੈ ਉਹ ਸ਼ਕਤੀਆਂ ਅੱਗੇ ਆਉਂਦੀਆਂ ਹਨ। ਸੰਸਾਰ ਦੀ ਕੋਈ ਤਾਕਤ ਤੁਹਾਨੂੰ ਉਹ ਨਹੀਂ ਦੇ ਸਕਦੀ ਜੋ ਧਿਆਨ, ਸਮਾਧੀ ਦੇ ਸਕਦਾ ਹੈ। ਜੇ ਤੁਸੀਂ ਤਰੀਕੇ ਨਾਲ ਸਮਾਧੀ ਲਗਾਉਣੀ ਸਿੱਖ ਲਵੋ, ਬਹੁਤ ਥੋੜ੍ਹੀ ਦੇਰ ਵਿਚ ਤੁਸੀਂ ਸਿਖਰ ਤੇ ਪਹੁੰਚ ਜਾਓਗੇ, ਪਰ ਤੁਹਾਨੂੰ ਤਕਨੀਕ ਪਤਾ ਹੋਣੀ ਚਾਹੀਦੀ ਹੈ। ਇਕ ਨਵੇਕਲੀ ਥਾਂ ਤੇ ਇਕ ਨਿਰਧਾਰਿਤ ਸਮੇਂ ਤੇ ਬੈਠਣਾ, ਭਾਵੇਂ ਪੰਜ ਮਿੰਟ ਵਾਸਤੇ ਹੀ ਕਿਉਂ ਨਾ ਹੋਵੇ ਜਾਂ ਦਸ ਮਿੰਟ ਵਾਸਤੇ ਹੀ ਕਿਉਂ ਨਾ ਹੋਵੇ, ਸਵੇਰੇ ਸ਼ਾਮ ਦੋਨੋਂ ਹੀ ਵਕਤ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਧਿਆਨ ਦੀ ਕਲਾ ਦਾ ਬਹੁਤ ਹੱਦ ਤਕ ਪਤਾ ਲਗ ਜਾਂਦਾ ਹੈ। ਧਿਆਨ ਲਗਾਉਣ ਲਈ ਕਦੀ ਵੀ ਉਦੋਂ ਨਹੀਂ ਬੈਠਣਾ ਚਾਹੀਦਾ ਜਦੋਂ ਤੁਹਾਨੂੰ ਭੁੱਖ ਲੱਗੀ ਹੋਵੇ, ਤੁਸੀਂ ਬਹੁਤ ਖਾ ਲਿਆ ਹੋਵੇ, ਜਾਂ ਤੁਸੀਂ ਥੱਕੇ ਹੋਵੋ, ਜਾਂ ਤੁਹਾਨੂੰ ਨੀਂਦ ਆ ਰਹੀ ਹੋਵੇ ਜਾਂ ਤੁਹਾਨੂੰ ਕੋਈ ਵੀ ਹਾਜ਼ਮੇ ਦੀ ਸਮੱਸਿਆ ਹੋਵੇ। ਪਹਿਲਾਂ ਪਹਿਲਾਂ ਬਹੁਤਾ ਅਭਿਆਸ ਨਾ ਕਰੋ। ਧਿਆਨ ਲਗਾਉਣ ਦਾ ਕੋਈ ਵੀ ਝੱਟਪਟ ਤਰੀਕਾ ਨਹੀਂ ਹੈ। ਜੇ ਤੁਹਾਡੀ ਤੀਬਰ ਇੱਛਾ ਹੋਵੇ ਉਹ ਤੀਬਰ ਇੱਛਾ ਹੀ ਤੁਹਾਨੂੰ ਅੱਗੇ ਲੈ ਜਾਂਦੀ ਹੈ। ਜੇ ਸੱਚਮੁੱਚ ਹੀ ਤੁਸੀਂ ਜਾਨਣਾ ਚਾਹੁੰਦੇ ਹੋ, ਤੁਸੀਂ ਕੌਣ ਹੋ? ਤੁਹਾਨੂੰ ਸਾਰੇ ਨਕਾਬ, ਸਾਰੇ ਪੜਦੇ ਆਪਣੇ ਆਪ ਉਤੋਂ ਲਾਹੁਣੇ ਪੈਣਗੇ, ਤੁਹਾਨੂੰ ਆਪਣੇ ਆਪ ਨੂੰ ਇਕ ਦਮ ਸਾਰੇ ਪੜਦੇ ਲਾਹ ਕੇ ਬਿਲਕੁਲ ਸਾਫ ਦੇਖਣਾ ਪਵੇਗਾ, ਜੇ ਤੁਸੀਂ ਇਹ ਕਰਨ ਨੂੰ ਤਿਆਰ ਹੋ ਤਾਂ ਤੁਸੀਂ ਧਿਆਨ ਦੇ ਰਸਤੇ ਤੇ ਚੱਲ ਸਕਦੇ ਹੋ।

ਡਾ. ਸਵਾਮੀ ਰਾਮ ਜੀ ਤੇ ਸੰਤ ਵਰਿਆਮ ਸਿੰਘ ਜੀ ਪ੍ਰਸੰਨ ਮੁਦਰਾ ਵਿਚ

## ਅੱਧੀ ਰਾਤ, ਖਾਣਾ ਬਣਾਉਣ ਦੀਆਂ

## ਕਲਾਸਾਂ

ਅੱਧੀ ਰਾਤ ਹੋ ਚੁੱਕੀ ਸੀ ਤੇ ਟੈਲੀਫੂਨ ਦੀ ਘੰਟੀ ਵੱਜੀ, ਮੈਨੂੰ ਪਤਾ ਸੀ ਇਹ ਕੌਣ ਹੈ, ਮੇਰੇ ਗੁਰੂ ਤੋਂ ਬਿਨਾਂ ਹੋਰ ਕੋਈ ਹੋ ਹੀ ਨਹੀਂ ਸਕਦਾ, ਸਵਾਮੀ ਅਕਸਰ ਹੀ ਇਸ ਤਰ੍ਹਾਂ ਕਰਦੇ ਸੀ, ਸਵਾਮੀ ਜੀ ਦੀ ਰਾਤ ਲੋਕਾਂ ਲਈ ਹੀ ਹੁੰਦੀ ਸੀ ਪਰ ਸਾਡੇ ਲਈ ਕਾਫੀ ਭਿਆਨਕ ਹੁੰਦਾ ਸੀ, ਸਾਨੂੰ ਕੋਈ ਪਤਾ ਨਹੀਂ ਸੀ ਹੁੰਦਾ, ਹੁਣ ਸਵਾਮੀ ਜੀ ਨੂੰ ਕਿਸ ਚੀਜ਼ ਦਾ ਖਿਆਲ ਆ ਗਿਆ, ਕਿਹੜਾ ਨਵਾਂ ਪ੍ਰੋਜੈਕਟ ਹੁਣ ਸਾਡੇ ਲਈ ਤਿਆਰ ਹੈ।

ਸਵਾਮੀ ਜੀ ਪੁੱਛਣ ਲੱਗੇ, "ਜਸਟਿਨ ਕੀ ਕਰ ਰਹੇ ਹੋ? ਜਿਵੇਂ ਉਨ੍ਹਾਂ ਨੂੰ ਪਤਾ ਹੀ ਨਾ ਹੋਵੇ।"

ਮੈਂ ਕਿਹਾ, "ਸਵਾਮੀ ਜੀ ਸੌਣ ਲੱਗੇ ਸੀ।"

"ਕਿਉਂ?"

ਮੈਨੂੰ ਪਤਾ ਸੀ ਹੁਣ ਕੁਝ ਹੋਏਗਾ, ਮੈਂ ਕਿਹਾ, ਅਸੀਂ ਥੱਕੇ ਪਏ ਹਾਂ।

ਸਵਾਮੀ ਜੀ ਕਹਿਣ ਲੱਗੇ, "ਤੁਹਾਨੂੰ ਥੱਕਣਾ ਨਹੀਂ ਚਾਹੀਦਾ, ਨਾਲੇ ਤੁਸੀਂ ਏਥੇ ਆਉ, ਅਸੀਂ ਪਾਰਟੀ ਕਰ ਰਹੇ ਹਾਂ, ਮੈਨੂੰ ਪਤਾ ਹੈ ਤੁਸੀਂ ਪਾਰਟੀ ਲਈ ਕਦੀ ਮਨ੍ਹਾ ਨਹੀ ਕਰ ਸਕਦੇ।"

ਅਸੀਂ ਕਪੜੇ ਪਾਏ, ਤਿਆਰ ਹੋਏ ਤੇ ਚਲ ਗਏ, ਸਵਾਮੀ ਜੀ ਰਸੋਈ ਵਿਚ ਸੀ, ਪਲੇਟਾਂ ਕੱਢ ਰਹੇ ਸੀ, ਹੋਰ ਭਾਂਡੇ ਇਕੱਠੇ ਕਰ ਰਹੇ ਸੀ। ਰੂਡੀ ਤੇ ਸੰਸਕ੍ਰਿਤੀ ਵੀ ਉਥੇ ਖੜ੍ਹੇ ਐਨੇ ਹੀ ਹੈਰਾਨ ਸੀ ਜਿੰਨਾਂ ਮੈਂ।

ਸਵਾਮੀ ਜੀ ਕਹਿਣ ਲੱਗੇ, "ਅੱਜ ਅਸੀਂ ਪਾਰਟੀ ਕਰਦੇ ਹਾਂ, ਮੈਂ ਸਾਰਾ ਖਾਣਾ ਬਣਾਵਾਂਗਾ, ਤੁਸੀਂ ਸਾਰੇ ਮੇਰੀ ਸਹਾਇਤਾ ਕਰੋਗੇ।"

ਸਵਾਮੀ ਜੀ ਨੇ ਸਾਰਿਆਂ ਦੀਆਂ ਡਿਊਟੀਆਂ ਦਸ ਦਿਤੀਆਂ, ਮੇਰੀ ਡਿਊਟੀ ਪਿਆਜ਼ ਕੱਟਣ ਤੇ ਲੱਗੀ। ਸਵਾਮੀ ਜੀ ਬਾਰ-ਬਾਰ ਮੈਨੂੰ ਇਹ ਯਾਦ ਕਰਾਉਂਦੇ ਰਹੇ ਕਿ ਮੈਂ ਪਤਲੇ ਪਤਲੇ ਟੁਕੜੇ ਕੱਟਾਂ, ਸਵਾਮੀ ਜੀ ਨੇ ਆਪਣੇ ਚੋਲੇ ਦੀਆਂ ਬਾਹਾਂ ਉਤੇ ਕੀਤੀਆਂ ਤੇ ਗੈਸ ਤੇ ਕੜਾਈ ਰੱਖ ਤੇ ਕੰਮ ਕਰਨ ਲੱਗ ਪਏ। ਘਿਉ ਪਾਇਆ, ਫੇਰ ਮਸਾਲੇ ਪਾਏ। ਜਿਵੇਂ ਜਿਵੇਂ ਸਵਾਮੀ ਜੀ ਮਸਾਲੇ ਪਾਉਂਦੇ ਗਏ, ਸਬਜ਼ੀਆਂ ਪਾਉਂਦੇ ਗਏ, ਸਾਰੀ ਰਸੋਈ ਵਿਚ ਖੁਸ਼ਬੂ ਫੈਲ ਗਈ।

ਸਵਾਮੀ ਜੀ ਕਹਿਣ ਲੱਗੇ, ਨਹੀਂ ਨਹੀਂ ਬਰੋਕੋਲੀ, (ਫੁੱਲਗੋਭੀ ਵਰਗੀ) ਨਹੀਂ ਪਹਿਲਾਂ ਮਿਰਚਾਂ ਦਿਓ। ਚਾਵਲਾਂ ਵਿਚ ਪਾਣੀ ਹੋਰ ਪਾਓ।

ਚਾਵਲ, ਸਬਜ਼ੀਆਂ ਤੇ ਦਾਲ ਜਦੋਂ ਗੈਸ ਤੇ ਰੱਖੇ ਹੋਏ ਸੀ, ਸਵਾਮੀ ਜੀ ਨੇ ਹਲਵਾ ਬਨਾਉਣ ਲਈ ਕਿਹਾ। ਹਲਵੇ ਵਿਚ ਅਖਰੋਟ ਪਾਉਣ ਲਈ ਕਿਹਾ। ਅਸੀਂ ਅਖਰੋਟ ਕੱਟੇ, ਸਵਾਮੀ ਜੀ ਸੂਜੀ ਹਿਲਾਉਂਦੇ ਰਹੇ।

ਰਾਤ ਦਾ ਇਕ ਵੱਜ ਚੁਕਾ ਸੀ ਜਦੋਂ ਅਸੀਂ ਕਮਰੇ ਵਿਚ ਗਏ, ਗੱਦੀਆਂ ਤੇ ਬੈਠੇ ਸਵਾਮੀ ਜੀ ਨੇ ਅਰਦਾਸ ਕੀਤੀ, ਫੇਰ ਅਸੀਂ ਕਾਨਾ ਸ਼ੁਰੂ ਕੀਤਾ।

ਕਿਵੇਂ ਬਣਿਆ ਸਭ ਕੁਝ, ਸਵਾਮੀ ਜੀ ਪੁੱਛਣ ਲੱਗੇ।

ਸਾਨੂੰ ਯਕੀਨ ਹੀ ਨਹੀਂ ਸੀ ਹੋ ਰਿਹਾ ਕਿ ਸਭ ਕੁਝ ਕਿੰਨਾ ਸਵਾਦ ਹੈ, ਸਵਾਮੀ ਜੀ ਨੇ ਸ਼ਾਹੀ ਖਾਣਾ ਤਿਆਰ ਕੀਤਾ ਸੀ, ਬਹੁਤ ਹੀ ਸ਼ਾਨਦਾਰ ਪਰ ਸਾਦਾ ਬਿਲਕੁਲ ਸਾਦਾ।

ਸਵਾਮੀ ਜੀ ਕਹਿਣ ਲੱਗੇ, ਸਾਨੂੰ ਇਸ ਤਰ੍ਹਾਂ ਅਕਸਰ ਕਰਨਾ ਚਾਹੀਦਾ ਹੈ। ਸਾਨੂੰ ਹਿਮਾਲਿਆ ਦੇ ਤਰੀਕੇ ਨਾਲ ਖਾਣਾ ਬਨਾਉਣਾ ਚਾਹੀਦਾ ਹੈ ਇਹ ਇਕ ਭਵਿੱਖ ਬਾਣੀ ਹੀ ਸੀ।

ਸ਼ਾਮ ਨੂੰ ਰਸੋਈ ਵਿਚ ਜਾਣਾ, ਖਾਣਾ ਤਿਆਰ ਕਰਨਾ ਇਹ ਮੇਰੇ ਲਈ ਇਕ ਨਵਾਂ ਹੀ ਤਜਰਬਾ ਸੀ, ਮੇਰੇ ਲਈ ਤਾਰੀਫ ਕਰਨ ਲਈ ਸਵਾਮੀ ਜੀ ਦੀ ਸ਼ਲਾਘਾ ਲਈ ਇਕ ਨਵਾਂ ਖੇਤਰ ਸ਼ੁਰੂ ਹੋ ਗਿਆ। ਸਵਾਮੀ ਜੀ ਰਾਤ ਨੂੰ ਸਾਰਿਆਂ ਨੂੰ ਇਕੱਠਾ ਕਰਕੇ ਠੱਠਾ ਮਖੌਲ ਕਰਦੇ। ਸਾਡੇ ਵਿਕਾਸ ਦਾ ਇਕ ਨਵਾਂ ਦਾਇਰਾ ਸਵਾਮੀ ਜੀ ਨੇ ਖੋਲ੍ਹ ਦਿਤਾ। ਰਾਤ ਨੂੰ ਉਠ ਕੇ ਆਉਣਾ, ਖਾਣਾ ਤਿਆਰ ਕਰਕੇ ਖਾਣਾ, ਇਹ ਇਕ ਰਹੱਸ ਬਣ ਗਿਆ। ਬੜੀ ਹੈਰਾਨੀ ਦੀ ਗੱਲ ਸੀ ਸਵਾਮੀ ਜੀ ਵਿਦਿਆਰਥੀ ਦਾ ਇਕ ਗਰੁੱਪ ਬੁਲਾਉਂਦੇ। ਸਵਾਮੀ ਜੀ ਇਹੋ ਜਿਹੇ ਹਾਲਾਤ ਬਣਾ ਦਿੰਦੇ ਜਿਸ ਵਿਚ ਉਹ ਸ਼ਿਸ਼ ਆਪਣੇ ਬਾਰੇ ਜਾਣ ਲੈਣ ਲਈ ਮਜਬੂਰ ਹੋ ਜਾਂਦੇ, ਉਹ ਜਾਣ ਲੈਣ ਲਈ ਜਿਸ ਨੂੰ ਉਹ ਹੁਣ ਤਕ ਪਿਛੇ ਪਾਉਂਦੇ ਰਹੇ ਹਨ ਜਾਂ ਕਹਿ ਲਵੋ ਕਿ ਆਪਣੇ ਬਾਰੇ ਜਾਨਣਾ ਨਹੀਂ ਚਾਹੁੰਦੇ। ਸਵਾਮੀ ਜੀ ਕਦੇ ਵੀ ਕਿਸੇ ਨੂੰ ਮਜਬੂਰ ਨਹੀਂ ਸੀ ਕਰਦੇ, ਉਹ ਸਦਾ ਹੀ ਸ਼ਿਸ਼ ਲਈ ਮੌਕਾ ਪੈਦਾ ਕਰ ਦਿੰਦੇ ਸੀ, ਇਹ ਹੁਣ ਸ਼ਿਸ਼ ਲਈ ਹੈ ਕਿ ਮੌਕੇ ਨੂੰ ਸੰਭਾਲੇ। ਮੈਂ ਆਮ ਤੌਰ ਤੇ ਕਰਿਜਦਾ ਰਹਿੰਦਾ ਕਿ ਸਵਾਮੀ ਜੀ ਸਦਾ ਹੀ ਕੰਮ ਖਤਮ ਕਰਨ ਤੇ ਪਿਛੇ ਪਏ ਰਹਿੰਦੇ ਹਨ। ਮੈਨੂੰ ਇਸ ਗੱਲ ਦਾ ਬਹੁਤ ਹੀ ਦੁਖ ਹੈ, ਅਫਸੋਸ ਹੈ ਕਿ ਮੈਨੂੰ ਬੜੀ ਦੇਰ ਬਾਅਦ ਪਤਾ ਲੱਗਾ ਕਿ ਉਹ ਹੁਕਮ ਵਿਚ ਵਿਚਰ ਰਹੇ ਸੀ ਉਨ੍ਹਾਂ ਨੂੰ ਹੁਕਮ ਸੀ ਇਹ ਕੰਮ ਉਦੋਂ ਤਕ ਹੀ ਖਤਮ ਕਰਨਾ ਹੈ। ਮੈਂ ਜੀਵਨ ਦਾ ਇਹ ਵੀ ਸਬਕ ਸਿਖਿਆ ਕਿ ਜਿਉਂ ਜਿਉਂ ਕੋਈ ਕੰਮ ਨੇਪਰੇ ਚੜ੍ਹਨ ਤੇ ਆਉਂਦਾ ਹੈ ਉਹ ਓਨਾ ਹੀ ਕਠਿਨ ਹੋਈ ਜਾਂਦਾ ਹੈ।

ਰੋਟੀ ਪਕਾਉਣ ਦੀ ਵਾਰਦਾਤ ਤਕਰੀਬਨ ਰੋਜ਼ ਹੀ ਹੋਣ ਲਗ ਪਈ ਤੇ ਇਸੇ ਤਰ੍ਹਾਂ ਕੋਈ ਛੇ ਮਹੀਨੇ ਚਲਦਾ ਰਿਹਾ। ਜਦੋਂ ਵੀ ਸਵਾਮੀ ਜੀ ਗਲੈਨਵਿਊ ਹੁੰਦੇ, ਰਾਤ ਨੂੰ ਰਸੋਈ ਵਿਚ ਰੌਣਕਾਂ ਲਗਦੀਆਂ ਹੀ ਲਗਦੀਆਂ। ਰੂਡੀ ਤੇ ਥਰੀਸਾ ਗੈਸ ਕੋਲ ਖੜ੍ਹੇ ਹੁੰਦੇ ਤੇ ਲਿਖਦੇ ਰਹਿੰਦੇ ਜਿਵੇਂ ਜਿਵੇਂ ਸਵਾਮੀ ਜੀ ਕੋਈ ਚੀਜ਼ ਨੂੰ ਤਿਆਰ ਕਰਦੇ। ਸਵਾਮੀ ਜੀ ਕਿਸੇ ਨੂੰ ਪ੍ਰਸ਼ਨ ਦਾ ਉਤਰ ਨਾ ਦਿੰਦੇ। ਇਹੋ

ਕਹਿੰਦੇ ਕਿ ਦੇਖੋ ਮੈਂ ਕੀ ਕਰਦਾ ਹਾਂ, ਕਦੀ ਵੀ ਸਵਾਮੀ ਜੀ ਨੇ ਕੋਈ ਕਿਤਾਬ ਨਹੀਂ ਦੇਖੀ ਤੇ ਰੋਜ਼ ਹੀ ਸਵਾਮੀ ਜੀ ਨਵੀਂ ਚੀਜ਼ ਬਣਾਉਂਦੇ।

ਸਵਾਮੀ ਜੀ ਕਹਿਣ ਲੱਗੇ, "ਪੜ੍ਹ ਕੇ ਸੁਣਾਓ ਜੋ ਲਿਖਿਆ ਹੈ।"

ਕੜਾਹੀ ਵਿਚ ਛੇ ਚਮਚੇ ਦੇਸੀ ਘਿਓ ਪਾਓ, ਗਰਮ ਕਰੋ, ਇਕ ਛੋਟਾ ਚਮਚ ਹਲਦੀ ਪਾਓ, ਜ਼ੀਰਾ ਪਾਓ, ਧਨੀਆ ਪਾਓ ਤੇ ਉਸ ਨੂੰ ਲੱਕੜੀ ਦੇ ਚਮਚ ਨਾਲ ਹਿਲਾਓ। ਤਿੰਨ ਵਾਰੀ ਕੜਾਹੀ ਦੇ ਕੰਡੇ ਤੇ ਚਮਚਾ ਮਾਰੋ, ਜਸਟਿਨ ਨੂੰ ਝਿੜਕਾਂ ਮਾਰੋ ਕਿ ਉਹ ਧਿਆਨ ਨਾਲ ਦੇਖੇ......ਇਹ ਸਭ ਥਰੀਸਾ ਪੜ੍ਹ ਰਹੀ ਸੀ।

ਸਵਾਮੀ ਜੀ ਜ਼ੋਰ ਦੀ ਹੱਸੇ ਤੇ ਅਸੀਂ ਸਾਰੇ ਵੀ ਹੱਸ ਪਏ ਤੇ ਕਹਿਣ ਲੱਗੇ ਇਹ ਕਿਤਾਬ ਦਾ ਸ਼ੁਰੂਵਾਤ ਚੰਗਾ ਹੋ ਗਿਆ ਹੈ, ਮੈਂ ਹੌਲੀ ਹੌਲੀ ਸਿੱਖ ਰਿਹਾ ਸੀ ਤੇ ਹੁਣ ਮੇਰੀ ਡਿਊਟੀ ਪਿਆਜ਼ ਕੱਟਣ ਤੇ ਹੋਰ ਸਬਜ਼ੀਆਂ ਕੱਟਣ ਤੇ ਲੱਗੀ ਨੂੰ ਇਕ ਮਹੀਨਾ ਲੰਘ ਗਿਆ। ਬਾਕੀਆਂ ਨੇ ਹੋਰ ਸਬਜ਼ੀਆਂ ਨੂੰ ਦੇਖਿਆ। ਚਾਵਲ ਬਣਾਏ, ਵੱਖ ਵੱਖ ਦਾਲਾਂ ਬਣਾਈਆਂ ਤੇ ਹੋਰ ਚੀਜ਼ਾਂ ਬਣਾਈਆਂ, ਚੱਟਣੀਆਂ, ਰੈਅਤਾ ਤੇ ਹੋਰ ਮਿੱਠੀਆਂ ਚੀਜ਼ਾਂ। ਇਨ੍ਹਾਂ ਸਾਰੇ ਨੁਸਖਿਆਂ ਨੂੰ ਬਾਅਦ ਵਿਚ ਅਮਰੀਕਨ ਤਰੀਕੇ ਨਾਲ ਤਰਤੀਬਵਾਰ ਕੀਤਾ ਗਿਆ। ਅਮਰੀਕਾ ਦੇ ਨਾਪ ਤੋਲ ਦੇ ਅਨੁਸਾਰ ਕਰਕੇ ਜੋ ਕਿ ਰੂਡੀ ਦੇ ਮਾਤਾ ਨੇ ਕੀਤਾ ਉਸ ਤੋਂ ਬਾਅਦ ਉਹ ਇਹ ਪੁਸਤਕ ਦੀ ਸ਼ਕਲ ਵਿਚ ਆ ਗਈ ਜਿਹੜੀ ਹੁਣ '□□□□□□□□ □□□□□□□□ □□□□ □□□□' ਦੇ ਸਿਰਲੇਖ ਹੇਠ ਮਿਲਦੀ ਹੈ।

ਇਕ ਰਾਤ ਅਸੀਂ ਪੰਜ ਲੋਕ ਰਸੋਈ ਵਿਚ ਕੰਮ ਕਰ ਰਹੇ ਸੀ ਜਦੋਂ ਸਭ ਕੁਝ ਤਿਆਰ ਹੋ ਗਿਆ ਤੇ ਅਸੀਂ ਖਾਣ ਲਈ ਬੈਠਣ ਲੱਗੇ ਸੀ ਤੇ ਨੌਂ ਲੋਕ ਆ ਗਏ, ਉਨ੍ਹਾਂ ਨੇ ਖਾਣੇ ਦੀ ਸੋਹਣੀ ਖੁਸ਼ਬੂ ਲਈ ਤੇ ਬੜੇ ਪ੍ਰਸੰਨ ਹੋਏ। ਕੁਝ ਲੋਕ ਕੋਲ ਹੀ ਰਹਿੰਦੇ ਸੀ, ਕੁਝ ਲੋਕ ਉਨ੍ਹਾਂ ਦੇ ਮਹਿਮਾਨ ਸੀ। ਮੈਨੂੰ ਹੁਣ ਤਕ ਐਨਾ ਪਤਾ ਲਗ ਚੁੱਕਾ ਸੀ ਕਿ ਸਵਾਮੀ ਖਾਣਾ ਅਜਾਈਂ ਨਹੀਂ ਸੁਟਦੇ, ਉਹ ਓਨਾਂ ਹੀ ਬਣਾਉਂਦੇ ਸੀ ਜਿੰਨਾ ਲਗ ਜਾਏ। ਰਾਤ ਐਨੀ ਬੀਤ ਚੁੱਕੀ ਸੀ ਕਿ ਹੋਰ ਬਣਾਉਣ ਦਾ ਸਮਾਂ ਹੀ ਨਹੀਂ ਸੀ ਤੇ ਚੀਜ਼ਾਂ ਵੀ ਖਤਮ ਸੀ।

ਸਵਾਮੀ ਜੀ ਨੇ ਆਉਣ ਵਾਲਿਆਂ ਨੂੰ ਕਿਹਾ ਕਿ ਆ ਕੇ ਬੈਠਣ। ਥਰੀਸਾ ਤੇ ਸੰਸਕ੍ਰਿਤੀ ਨੇ ਪਰੋਸਣਾ ਸ਼ੁਰੂ ਕੀਤਾ। ਮੈਂ ਰੂਡੀ ਵੱਡੀਆਂ ਵੱਡੀਆਂ ਅੱਖਾਂ ਕਰਕੇ ਦੇਖ ਰਹੇ ਸੀ ਕਿ ਹੁਣ ਕੀ ਹੋਏਗਾ। ਜਿਵੇਂ ਜਿਵੇਂ ਉਹ ਪਰੋਸਦੀਆਂ ਗਈਆਂ, ਭਾਂਡੇ ਉਸ ਤਰ੍ਹਾਂ ਦੇ ਉਸ ਤਰ੍ਹਾਂ ਭਰੇ ਹੀ ਰਹੇ, ਜਿਹੜਾ ਖਾਣਾ ਪੰਜ ਬੰਦਿਆਂ ਲਈ ਬਣਿਆ ਸੀ ਉਹ ਹੀ ਖਾਣਾ 14 ਬੰਦਿਆਂ ਨੇ ਖਾਧਾ ਤੇ ਥੋੜ੍ਹਾ ਜਿਹਾ ਬਚ ਵੀ ਗਿਆ, ਮੈਨੂੰ ਉਸ ਨੁਸਖੇ ਦਾ ਪਤਾ ਨਹੀਂ ਲੱਗਿਆ ਪਰ ਮੈਂ ਸਵਾਮੀ ਜੀ ਦਾ ਲੱਖ ਲੱਖ ਧੰਨਵਾਦ ਕਰਦਾ ਰਿਹਾ ਕਿ ਸਭ ਕੁਝ ਠੀਕ ਨਿਬੜ ਗਿਆ।

ਥੋੜ੍ਹੇ ਦਿਨ ਬਾਅਦ ਸਵਾਮੀ ਜੀ ਮੇਰੇ ਨਾਲ ਗੱਲਬਾਤ ਕਰਨ ਲਗ ਪਏ ਕਿ ਪੂਰਬੀ ਦਰਸ਼ਨ ਸਾਸ਼ਤਰ ਤੇ ਮਨੋਵਿਗਿਆਨ ਦੀ ਸੰਸਥਾ ਸ਼ੁਰੂ ਕੀਤੀ ਜਾਵੇ ਤੇ ਕਹਿਣ ਲੱਗੇ ਜਸਟਿਨ, ਏਹਦੇ ਤੇ ਵਿਚਾਰ ਕਰ, ਦੇਖ ਜੇ ਇਲੀਨੋਇਜ਼ (illinos) ਵਿਚ ਇਹ ਖੋਲ੍ਹੀ ਜਾ ਸਕਦੀ ਹੋਵੇ।

ਮੈਂ ਉਤਰ ਦਿਤਾ ਕਿ ਮੈਂ ਇਹ ਕਰਨ ਵਿਚ ਪ੍ਰਸੰਨਤਾ ਮਹਿਸੂਸ ਕਰਾਂਗਾ। ਅਸਲ ਵਿਚ ਮੈਂ ਲੌਇਲਾ ਵਿਸ਼ਵ ਵਿਦਿਆਲੇ ਲਈ ਮਾਨਤਾ ਪ੍ਰਾਪਤ ਕਰਨ ਲਈ ਤੇ ਸ਼ੁਰੂ ਕਰਨ ਦੇ ਤਰੀਕੇ ਤੇ ਕੰਮ ਕਰ ਚੁੱਕਾ ਸੀ। ਸਵਾਮੀ ਜੀ ਨੇ ਮੈਨੂੰ ਦੇਖਿਆ ਤੇ ਕਹਿਣ ਲੱਗੇ, "ਤੇਰੇ ਮਨ ਤੇ ਕੋਈ ਬੋਝ ਹੈ, ਕੋਈ ਗੱਲ ਹੈ, ਕੀ ਗੱਲ ਹੈ?"

ਮੇਰੇ ਵਿਆਹ ਦੀ ਮੁੰਦਰੀ ਗੁਆਚ ਗਈ ਹੈ, ਮੈਨੂੰ ਕਿਤੇ ਲੱਭੀ ਨਹੀਂ।

ਸਵਾਮੀ ਜੀ ਕਹਿਣ ਲੱਗੇ, "ਹੂੰ" ਤੇ ਅਸੀਂ ਹੋਰ ਗੱਲਾਂ ਕਰਨ ਲਗ ਪਏ।

ਥੋੜ੍ਹੇ ਦਿਨ ਬਾਅਦ ਮੈਂ ਦੁਪਹਿਰੇ ਘਰ ਆਇਆ ਥਰੀਸਾ ਸੈਂਟਰ ਵਿਚ ਹੀ ਸੀ, ਮੈਂ ਆਪਣੇ ਖਾਣ ਲਈ ਕੁਝ ਬਣਾਇਆ ਤੇ ਮੈਂ ਰਸੋਈ ਵਿਚ ਹੀ ਖੜ੍ਹੇ ਹੋ ਕੇ ਅਖਬਾਰ ਪੜ੍ਹਨ ਲਗ ਪਿਆ, ਦੁਬਾਰਾ ਉਠ ਕੇ ਮੈਂ ਹੋਰ ਲੈਣ ਗਿਆ, ਕੜਾਹੀ ਵਿਚ ਥੋੜ੍ਹੀ ਜਿਹੀ ਪਈ ਸੀ, ਮੈਂ ਕੜਾਹੀ ਖਾਲੀ ਕੀਤੀ ਜਿਵੇਂ ਹੀ ਮੈਂ ਕੜਾਹੀ ਖਾਲੀ ਕੀਤੀ ਤੇ ਪਲੇਟ ਵਿਚ ਖਾਣ ਲਈ ਪਾਇਆ, ਪਲੇਟ ਰੱਖੀ, ਮੈਂ ਦੇਖਿਆ, ਪਲੇਟ ਇਕ ਪਾਸੇ ਤੋਂ ਉਪਰ ਚੁੱਕੀ ਹੋਈ ਹੈ। ਮੈਂ ਹੈਰਾਨ ਹੋ ਗਿਆ। ਇਹ ਇਉਂ ਮੈਨੂੰ ਲੱਗਾ ਜਿਵੇਂ ਪਲੇਟ ਦੇ ਥੱਲੇ ਕੁਝ ਹੈ, ਜਿਵੇਂ ਹੀ ਮੈਂ ਪਲੇਟ ਚੁਕੀ, ਦੇਖਿਆ ਮੇਰੀ ਮੁੰਦਰੀ ਥੱਲੇ ਪਈ ਸੀ। ਇਸ ਤਰ੍ਹਾਂ ਚਮਕ ਰਹੀ ਸੀ ਜਿਵੇਂ ਨਵੀਂ ਹੋਵੇ।

ਮੈਂ ਚੁੱਪ ਰਹਿ ਗਿਆ, ਹੈਰਾਨ ਹੋ ਗਿਆ ਤੇ ਮੈਂ ਆਪਣੇ ਗੁਰੂ ਦਾ ਪਿਆਰ ਆਪਣੇ ਲਈ ਦੇਖ ਕੇ ਦਰੱਵ ਗਿਆ, ਭਾਵੁਕ ਹੋ ਗਿਆ। ਮੈਂ ਛੇਤੀ ਛੇਤੀ ਗੱਡੀ ਵਿਚ ਬੈਠਾ ਸਿੱਧਾ ਸਵਾਮੀ ਜੀ ਕੋਲ ਗਿਆ, ਉਨ੍ਹਾਂ ਦੇ ਕਮਰੇ ਵਿਚ ਚਲਾ ਗਿਆ।

ਸਵਾਮੀ ਜੀ ਆਪ ਦਾ ਬਹੁਤ ਬਹੁਤ ਧੰਨਵਾਦ, ਆਪ ਜੀ ਨੇ ਮੇਰੀ ਮੁੰਦਰੀ ਲੱਭ ਦਿਤੀ।

ਹਾਂ, ਬੇਟਾ ਪਰ ਤੈਨੂੰ ਨਹੀਂ ਪਤਾ ਕਿ ਮੈਨੂੰ ਇਸ ਨੂੰ ਲੱਭਣ ਲਈ ਕਿਥੇ ਜਾਣਾ ਪਿਆ। ਇਹ ਗੰਦੇ ਨਾਲੇ ਵਿਚ ਪਈ ਸੀ ਉਨ੍ਹਾਂ ਦੀਆਂ ਅੱਖਾਂ ਐਡੀਆਂ ਵੱਡੀਆਂ ਹੋ ਗਈਆਂ ਸੀ ਕਿ ਮੈਂ ਦੇਖਦਾ ਰਹਿ ਗਿਆ। ਸਵਾਮੀ ਜੀ ਕਹਿਣ ਲੱਗੇ, "ਹੁਣ ਗੁਸਲਖਾਨੇ ਵਿਚ ਕਦੀ ਨਾ ਉਤਾਰੀਂ।"

## ਸੈਂਟਰ ਵਿਚ ਸਭ ਨੂੰ ਜੀ ਆਇਆ

ਇਕ ਦਿਨ ਕੋਈ ਸੈਂਟਰ ਵਿਚ ਆਇਆ ਤੇ ਸਾਡੇ

(ਬਾਕੀ ਪੰਨਾ 34 ਤੇ)

# ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

***(ਮਿਤੀ 31-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)***

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-5)*

ਸੋ ਮੈਂ ਕੱਲ੍ਹ ਬੇਨਤੀ ਕਰੀ ਸੀ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਬਾਰੇ ਕਹਿੰਦੇ ਕਿ ਉਹ ਕੋਈ ਕਲਾਮ ਪੜ੍ਹਦੇ ਸੀ। ਜਿਹੜਾ ਔਰੰਗਜੇਬ ਦਾ ਜਸੂਸ ਸੀ ਉਸ ਨੇ ਕਿਹਾ ਕਿ ਜਿਸ ਦੇ ਉਤੇ ਛਿੱਟਾ ਮਾਰਦੇ ਉਹ ਉਠ ਕੇ ਖੜ੍ਹਾ ਹੋ ਜਾਂਦਾ ਸੀ, ਪਤਾ ਨਹੀਂ ਉਸ ਦਾ ਸਿਰ ਕਿਹੜੇ ਵੇਲੇ ਜੁੜ ਗਿਆ। ਉਸੇ ਵੇਲੇ ਉਠ ਕੇ ਖੜ੍ਹੇ ਹੋ ਜਾਂਦੇ। ਦੂਜੇ ਦਿਨ ਕਹਿੰਦਾ ਗੁਰੂ ਜੀ ਨੇ ਪਾਣੀ ਮੰਗਾਇਆ, ਬਾਟਾ ਰੱਖਿਆ ਤੇ ਗੁਰੂ ਮਹਾਰਾਜ ਨੇ ਕੋਈ ਕਲਾਮਾਂ ਪੜ੍ਹੀਆਂ। ਖਬਰ ਦਿੰਦਾ ਸੀ ਉਹ ਸਾਰੀ। ਗੁਰੂ ਮਹਾਰਾਜ ਨੇ ਪੰਜ ਬਾਣੀਆਂ ਪੜ੍ਹੀਆਂ। ਨੇਤਰ ਜਿਹੜੇ ਸੀ ਉਹ ਜਲ ਦੇ ਉੱਤੇ ਰੱਖੇ। ਨੇਤਰਾਂ ਵਿਚ ਸ਼ਕਤੀ ਹੁੰਦੀ ਹੈ ਬਹੁਤ ਜ਼ਬਰਦਸਤ।

ਇਸ ਤਰ੍ਹਾਂ ਕਹਿੰਦੇ ਨੇ ਕਿ ਤੌੜੀ ਲਾ ਦਿਓ। ਨਵਾਂ ਮਕਾਨ ਬਣਾ ਲਿਆ, ਤੌੜੀ ਲਾ ਦਿੱਤੀ।

ਪੁੱਛਿਆ, "ਤੌੜੀ ਕਾਸਨੂੰ ਲਾਈ ਹੈ?"

ਕਹਿੰਦੇ, "ਜੀ ਨਿਗ੍ਹਾ ਨਾ ਲਾ ਦਏ ਕੋਈ।"

ਜੇ ਨਿਗ੍ਹਾ ਵਿਚ ਸ਼ਕਤੀ ਹੈ ਤਾਂ ਹੀ ਤੌੜੀਆਂ ਲਾਉਂਦੇ ਨੇ। ਬੱਚੇ ਨੂੰ ਜੀ ਫਲਾਣਾ ਨਜ਼ਰ ਲਾ ਗਿਆ, ਨਜ਼ਰ ਲਗਦੀ ਹੈ ਬਿਲਕੁਲ। ਇਹ ਸ਼ਕਤੀ ਹੈ ਅੱਖਾਂ ਵਿਚ ਬਦ-ਅੱਖ ਕਹਿੰਦੇ ਨੇ ਇਸ ਨੂੰ 'ਬਦ-ਅੱਖ'। ਜਿਹੜੀ ਨੇਕ ਅੱਖ ਹੈ ਉਹ ਸ਼ਾਂਤੀ ਦਿੰਦੀ ਹੈ। 'ਬਦ-ਅੱਖ' ਜਿਹੜੀ ਹੈ ਉਹ ਵਿਘਨ ਪਾਉਂਦੀ ਹੈ।

ਸੋ ਮਹਾਰਾਜ ਜੀ ਨੇ ਨੇਤਰਾਂ ਦਾ ਜੋ ਸਾਰਾ ਕੇਂਦਰ ਸੀ, ਉਹ ਸਾਰੀ ਸ਼ਕਤੀ ਕੇਂਦਰਿਤ ਕਰ ਦਿੱਤੀ ਜਲ ਦੇ ਉਤੇ ਤੇ ਨਾਲ ਬਾਣੀ ਪੜ੍ਹਦੇ ਨੇ, ਨਾਲ ਖੰਡਾ ਫੇਰਦੇ ਨੇ ਉਸ ਦੇ ਵਿੱਚ। ਉਹ ਥੋੜ੍ਹਾ ਜਿਹਾ ਪਾਣੀ ਬਾਹਰ ਗਿਰ ਗਿਆ। ਦੋ ਚਿੜੇ ਆਏ ਉਨ੍ਹਾਂ ਨੇ ਪੀ ਲਿਆ। ਸੁਭਾਅ ਹੁੰਦਾ ਹੈ ਇਨ੍ਹਾਂ ਦਾ। ਦੋਵੇਂ ਲੜਨੇ ਸ਼ੁਰੂ ਹੋ ਗਏ। ਉਸ ਵੇਲੇ ਬਾਬਾ ਬੁਢਾ ਜੀ ਦੀ ਔਲਾਦ ਵਿਚੋਂ ਰਾਮ ਕੌਰ ਜੀ ਉਠ ਕੇ ਮਾਤਾ ਜੀਤੋ ਜੀ ਕੋਲ ਗਏ।

ਕਹਿਣ ਲੱਗੇ, "ਮਾਤਾ ਜੀ! ਗੁਰੂ ਮਹਾਰਾਜ ਜੀ ਨੇ ਜਲ ਬਹੁਤ ਸ਼ਕਤੀ ਵਾਲਾ ਬਣਾ ਦਿੱਤਾ। ਸਿੰਘਾਂ ਤੋਂ ਸਹਿਆ ਨਹੀਂ ਜਾਣਾ ਇਹ। ਐਨੀ ਤਾਕਤ ਪ੍ਰਵੇਸ਼ ਕਰ ਜਾਣੀ ਹੈ ਕਿ ਇਨ੍ਹਾਂ ਤੋਂ ਸਹਿ ਨਹੀਂ ਹੋਣਾ। ਤੁਸੀਂ ਕਿਰਪਾ ਕਰੋ ਇਸ ਦੇ ਵਿਚ ਮਿਠਾਸ ਪਾਓ।"

ਉਸ ਵੇਲੇ ਮਾਤਾ ਜੀ ਪਤਾਸ਼ੇ ਲੈ ਕੇ ਆਉਂਦੇ ਨੇ।

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ

ਮਹਾਰਾਜ ਕਹਿੰਦੇ, "ਅੱਛਾ ਹੋ ਗਿਆ –

*ਭਲੋ ਭਯੋ ਤੂੰ ਚਲਿ ਕਰਿ ਆਈ।*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5056***

ਬਹੁਤ ਚੰਗਾ ਹੋਇਆ –

*ਨੀਰ ਬਿਖੈ ਪਾਈ ਮਧੁਰਾਈ।*
*ਨਾਤੁਰ ਪੰਥ ਹੋਤਿ ਬਡ ਕੂਰਾ।*
*ਤੇਜ ਕ੍ਰੋਧ ਕਲਹਾ ਕਰਿ ਪੂਰਾ॥*

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5056***

ਨਹੀਂ ਤਾਂ ਇਨ੍ਹਾਂ ਨੇ ਕਿਸੇ ਦੀ ਗੱਲ ਹੀ ਨਹੀਂ ਸੀ ਸਹਿਆ ਕਰਨੀ। ਚੰਗਾ ਹੋ ਗਿਆ ਹੁਣ ਤੂੰ ਮਿੱਠਾ ਲੈ ਆਈ। ਇਹ ਜਦੋਂ ਆਪਸ ਵਿਚ ਝਗੜਿਆ ਕਰਨਗੇ, ਸੁਨਹਿਰੇ ਦੀ ਸਾਂਝ ਇਨ੍ਹਾਂ ਨੂੰ ਮੁੜ ਕੇ ਜੋੜ ਦਿਆ ਕਰੇਗੀ।"

ਸੋ ਉਸ ਵੇਲੇ ਜਦੋਂ ਅੰਮ੍ਰਿਤ ਤਿਆਰ ਹੋ ਗਿਆ। ਇਸ ਨੂੰ ਕਈ ਕਹਿੰਦੇ ਨੇ ਮਿੱਠਾ ਪਾਣੀ ਹੈ, ਮਿੱਠਾ ਪਾਣੀ ਪੀ ਲਓ। ਅਸੀਂ ਅੰਮ੍ਰਿਤ ਛਕਾ ਰਹੇ ਸੀ ਮੁੰਡੀ ਖਰੜ ਪਿੰਡ ਹੈ। ਉਥੇ ਨਿਰੰਕਾਰੀ ਬਹੁਤੇ ਸੀ। ਉਨ੍ਹਾਂ ਵਿਚੋਂ ਬੀਬੀ ਕੋਈ ਕੀਰਤਨ ਸੁਣਦੀ ਰਹੀ।

ਕਹਿੰਦੀ, "ਮੈਂ ਤਾਂ ਅੰਮ੍ਰਿਤ ਛਕਣਾ ਹੈ।" ਉਹ ਜਦੋਂ ਨਾ ਹਟੀ ਫੇਰ ਉਸ ਦੇ ਘਰ ਦੇ ਕਹਿੰਦੇ, ਚੰਗਾ ਜਾਹ ਫੇਰ ਮਿੱਠਾ ਪਾਣੀ ਪੀ ਆ, ਬਗਾੜ ਨਾ ਹੋ ਜਾਵੇ, ਥੋੜ੍ਹਾ ਪੀਈਂ, ਬੱਖੀਆਂ ਨਾ ਚੜ੍ਹ ਜਾਣ ਤੇਰੀਆ।" ਉਸ ਦੇ ਵਿਚ ਬਦ-ਰੂਹ ਆਉਂਦੀ ਸੀ। ਜਿਸ ਵਕਤ ਅੰਮ੍ਰਿਤ ਤਿਆਰ ਕਰਕੇ ਛਿੱਟਾ ਮਾਰਿਆ ਨਾਂਹ ਕੇਸਾਂ ਵਿਚ। ਚੀਕ ਮਾਰੀ ਉਸ ਨੇ ਜੋਰ ਦੀ ਕਹਿੰਦੀ, "ਮੈਂ ਜਾਂਦੀ ਹਾਂ, ਮੈਂ ਜਾਂਦੀ ਹਾਂ।" ਚੀਕਾਂ ਮਾਰਦੀ ਨੱਠ ਗਈ। ਉਸ ਕੁੜੀ ਨੂੰ ਹੋਸ਼ ਆ ਗਈ।

ਇਹ ਮਿੱਠਾ ਪਾਣੀ ਨਹੀਂ ਹੈ ਸਾਧ ਸੰਗਤ ਜੀ! ਇਹ ਤਾਂ ਅੰਦਰਲੇ ਅੰਮ੍ਰਿਤ ਨੂੰ ਪ੍ਰਗਟ ਕਰਨ ਵਾਲੀ ਇਕ ਬਹੁਤ ਵੱਡੀ ਚੀਜ਼ ਹੈ, ਜਿਹੜੀ ਅਸੀਂ ਇਸ ਦੇ ਬਾਰੇ ਦੱਸ ਨਹੀਂ ਸਕਦੇ। ਹਰ ਥਾਂ ਦੇ ਉਤੇ ਹੈ। ਇਕ ਦਮ ਬੰਦਾ ਬਦਲ ਜਾਂਦਾ ਹੈ। ਬਾਅਦ ਵਿਚ ਕੁਸੰਗ ਹੋਣ ਕਰਕੇ, ਪੂਰਾ ਤਿਆਰ ਨਾ ਹੋਣ ਕਰਕੇ ਨਹੀਂ ਉਸ ਦਾ ਅਸਰ ਅੰਦਰ ਰਹਿੰਦਾ। bad-conductor ਅੰਦਰ ਲਗਿਆ ਹੁੰਦਾ ਹੈ। ਉਹ ਇਹ ਦੇਖਾ-ਦੇਖੀ ਕਰਨ ਵਾਸਤੇ ਆਉਂਦਾ ਹੈ।

ਮਹਾਰਾਜ ਕਹਿੰਦੇ, ਪੰਜ ਕਿਸਮ ਦੀ ਸਿੱਖੀ ਹੁੰਦੀ ਹੈ।

ਦੇਖਾ ਦੇਖੀ ਦੀ, ਭੇਖ ਦੀ, ਹਿਰਸ ਦੀ, ਸਿਦਕ ਦੀ, ਭਾਵਨੀ ਦੀ।

ਸਿਦਕ ਤੇ ਭਾਵਨੀ ਦੀ ਦੋ ਤਰ੍ਹਾਂ ਦੀ ਸਿੱਖੀ ਤਾਂ ਗਿਣੀ ਗਈ ਹੈ। ਬਾਕੀ ਜਿਹੜੀ ਸਿੱਖੀ ਹੈ ਉਹ ਗਿਣਤੀ ਵਿਚ ਨਹੀਂ ਆਉਂਦੀ। ਉਹ ਆਪਣੇ ਮਤਲਬ ਵਾਸਤੇ ਹੈ, ਦੇਖਾ ਦੇਖੀ ਵਾਸਤੇ ਹੈ, ਭੇਖ ਚੰਗਾ ਲੱਗਿਆ, ਭੇਖ ਧਾਰ ਲਿਆ। ਨਿਗੁਰਾ ਨਿਗੁਰਾ ਦੀ ਲਾਹਨਤ ਤੋਂ ਬੱਚਣ ਵਾਸਤੇ ਗੁਰੂ ਧਾਰਨ ਕਰ ਲਿਆ ਲੇਕਿਨ ਤਿਆਰ ਨਹੀਂ ਹੁੰਦੇ ਕਿਉਂ? ਇਥੇ ਮੰਤਰ ਦੇਣਾ ਹੈ ਪੰਜ ਪਿਆਰਿਆਂ ਨੇ, ਜਿਸ ਨੇ ਰੱਬ ਦੇ ਨਾਲ ਮਿਲਾ ਦੇਣਾ ਹੈ, ਰੱਬ ਬਣਾ ਦੇਣਾ ਹੈ। ਮਿਲਾਉਣਾ ਕੀ ਹੈ ਉਸੇ ਨੂੰ ਰੱਬ ਬਣਾ ਦੇਣਾ ਹੈ –

*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*

***ਪੰਨਾ – 1370***

ਮਹਾਤਮਾ ਦੇਖਦੇ ਸੀ 6-6 ਮਹੀਨੇ ਨਹੀਂ ਸੀ ਅੰਮ੍ਰਿਤ ਛਕਾਉਂਦੇ। ਮਹਾਰਾਜ ਜੀ ਦਾ ਇਹ ਅਸੂਲ ਸੀ ਪਹਿਲਾਂ ਜੇ ਕਿਸੇ ਨੇ ਕਿਹਾ ਕਿ ਅੰਮ੍ਰਿਤ ਛਕਣਾ ਹੈ ਤਾਂ ਮਹਾਰਾਜ ਕਹਿੰਦੇ, ਸਵਾ ਲੱਖ ਪਾਠ ਮੂਲ ਮੰਤਰ ਦਾ ਕਰਕੇ ਆ, ਜਪੁਜੀ ਸਾਹਿਬ ਯਾਦ ਕਰ, ਜਾਪੁ ਸਾਹਿਬ ਯਾਦ ਕਰ, ਨਹੀਂ ਹੁੰਦਾ ਤਾਂ ਗੁਟਕੇ ਤੋਂ ਦੇਖ ਲੈ, ਬਾਣੀ ਪੰਜ ਯਾਦ ਕਰਕੇ ਆਵੀਂ ਫੇਰ ਅਸੀਂ ਛਕਾਵਾਂਗੇ, ਫੇਰ ਆਪਣੇ ਹੱਥ ਨਾਲ ਮਹਾਰਾਜ ਜੀ ਨੇ ਅੰਮ੍ਰਿਤ ਛਕਾਉਣਾ, ਮੈਂ ਵੀ ਨਾਲ ਹੀ ਛਕਾਉਂਦਾ ਰਿਹਾ ਸੀ।

ਇਹ ਬਹੁਤ ਅਮੁਲੀ ਚੀਜ਼ ਹੈ, ਜੇ ਅਸੀਂ ਕਹਿੰਦੇ ਹਾਂ ਕਿ ਅੰਮ੍ਰਿਤ ਛਕ ਲਓ ਤਾਂ ਸਾਡੇ ਮਨ ਵਿਚ ਹੁੰਦਾ ਹੈ ਕਿ ਪ੍ਰਮੇਸ਼ਰ ਦੇ ਲੜ ਲੱਗ ਜਾਣ, ਜਮਾਂ ਤੋਂ ਇਨ੍ਹਾਂ ਦਾ ਛੁਟਕਾਰਾ ਹੋ ਜਾਵੇ ਤੇ ਉੱਚੀ ਅਵਸਥਾ ਵਿਚ ਚਲੇ ਜਾਣ, ਮਨੁੱਖ ਜਨਮ ਐਤਕੀ ਤਾਂ ਮਿਲ ਗਿਆ ਫੇਰ ਪਤਾ ਨਹੀਂ ਕਦੋਂ ਮਿਲੇ ਕਿਉਂਕਿ ਅਸੀਂ ਪਹਿਲਾਂ ਹੀ ਬਹੁਤ ਜ਼ਿਆਦਾ ਗੇੜੇ ਖਾਧੇ ਹੋਏ ਨੇ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* ***ਪੰਨਾ – 176***

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*

***ਪੰਨਾ – 156***

83,99,999 ਜੂਨਾਂ ਜਿਹੜੀਆਂ ਅਸੀਂ ਦੇਖਦੇ ਹਾਂ ਨਾਂਹ, ਇਨ੍ਹਾਂ ਦੇ ਵਿਚੋਂ ਹੋ ਕੇ ਆਏ ਹਾਂ ਤੇ ਹੁਣ ਮਿਲ ਗਿਆ ਮਨੁੱਖਾ ਜਨਮ। ਚਾਹੇ ਤਾਂ ਸੰਭਾਲ ਲੈ ਚਾਹੇ ਮੁੜ ਕੇ ਫੇਰ ਇਸ ਦੇ ਵਿਚ ਦਾਖਲ ਹੋ ਜਾਹ। ਜੇ ਤੇਰਾ ਮਨ ਸੁਖੀ ਹੋਣ ਨੂੰ ਨਹੀਂ ਕਰਦਾ ਤਾਂ ਫੇਰ ਮੌਜ ਕਰ, ਸ਼ਰਾਬਾਂ ਪੀਵੇਂਗਾ, ਦਰਗਾਹ ਦੇ ਵਿਚ ਜਾ ਕੇ ਹਿਸਾਬ ਦੇਣਾ ਪਵੇਗਾ।

ਗੁਰੂ ਨਾਨਕ ਨੂੰ ਪੁਛਿਆ ਰੁਕਨਦੀਨ ਨੇ, "ਹੇ ਨਾਨਕ! ਸਾਨੂੰ ਵਿਸ਼ਵਾਸ ਆ ਗਿਆ ਕਿ ਜੋ ਬਚਨ ਤੂੰ ਕਹਿੰਦਾ ਹੈ, ਉਹ ਅੱਖਾਂ ਨਾਲ ਦੇਖਿਆ ਹੋਇਆ ਕਹਿੰਦਾ ਹਾਂ।"

*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥* ***ਪੰਨਾ – 894***

ਕਹਿੰਦਾ, "ਕਿਰਪਾ ਕਰਕੇ ਇਹ ਤਾਂ ਦੱਸੋ ਜਿਹੜੇ ਨਸ਼ੇ ਪੀਂਦੇ ਨੇ ਇਨ੍ਹਾਂ ਦਾ ਕੀ ਹਾਲ ਹੋਏਗਾ?"

ਮਹਾਰਾਜ ਕਹਿੰਦੇ, "ਪਿਆਰਿਆ!.......।

ਪਹਿਲਾਂ ਕਹਿੰਦੇ, "ਆਏਂ ਦੱਸੋ ਪਾਪ ਇਕੋ ਜਿਹੇ ਹੁੰਦੇ ਨੇ ਸਾਰੇ?"

ਮਹਾਰਾਜ ਕਹਿੰਦੇ, "ਨਹੀਂ, 96 ਕਰੋੜ ਆਮ ਪਾਪ ਕੋਈ ਬੰਦਾ ਕਰੇ, ਇਕ ਹੱਤਿਆ ਦੇ ਬਰਾਬਰ ਹੁੰਦਾ ਹੈ। ਹੱਤਿਆ ਛੇ ਗਿਣੀਆਂ ਗਈਆਂ ਹਨ –

1. ਆਪਣੀ ਲੜਕੀ ਨੂੰ ਮਾਰ ਦੇਣਾ।
2. ਕਿਸੇ ਦਾ ਪੈਸਾ ਲੈ ਕੇ ਦੱਬ ਲੈਣਾ।
3. ਕਿਸੇ ਦਾ ਵਿਸ਼ਵਾਸ ਲੈ ਕੇ ਘਾਤ ਕਰ ਦੇਣਾ।
4. ਮਾਂ-ਬਾਪ ਨੂੰ ਤੰਗ ਕਰਨਾ।
5. ਗਉ-ਗਰੀਬ ਨੂੰ ਮਾਰ ਦੇਣਾ।

ਇਨ੍ਹਾਂ ਛੇਆਂ ਦਾ ਹੀ 5 ਅਰਬ 76 ਕਰੋੜ ਪਾਪ ਬਰਾਬਰ ਇਕ ਹੱਤਿਆ ਹੋਇਆ ਕਰਦੀ ਹੈ। ਇਸ ਤੋਂ ਅੱਗੇ ਮਹਾਂ-ਹੱਤਿਆ ਹੋਇਆ ਕਰਦੀ ਹੈ। ਪਿਓ ਨੂੰ ਮਾਰ ਦੇਣਾ 100 ਹੱਤਿਆ ਦੇ ਬਰਾਬਰ ਹੁੰਦਾ ਹੈ, ਮਾਂ ਨੂੰ ਮਾਰ ਦੇਣਾ 1000 ਹੱਤਿਆ ਦੇ ਬਰਾਬਰ ਹੁੰਦਾ ਹੈ। ਇਸ ਨੂੰ ਮਹਾਂ-ਮਹਾਂ ਹੱਤਿਆਰਾ ਕਹਿੰਦੇ ਨੇ।

ਜਿਹੜਾ ਗੁਰੂ ਧਾਰ ਕੇ ਗੁਰੂ ਤੋਂ ਬੇਮੁਖ ਹੋ ਜਾਵੇ ਉਸ ਦੇ ਇਕ ਵਾਲ ਦੇ ਬਰਾਬਰ ਵੀ ਇਹ ਹੱਤਿਆਵਾਂ ਨਹੀਂ ਆਉਂਦੀਆਂ, ਉਹ ਐਨਾ ਹੱਤਿਆਰਾ ਹੋ ਜਾਂਦਾ ਹੈ। ਉਸ ਦੀ ਮੁਕਤੀ ਨਹੀਂ ਕਦੇ ਵੀ ਹੁੰਦੀ, ਜਦੋਂ ਤੱਕ ਸੂਰਜ-ਚੰਦ-ਤਾਰੇ ਰਹਿੰਦੇ ਨੇ ਕਿਉਂਕਿ ਗੁਰੂ ਧਾਰ ਕੇ ਬੇਮੁਖ ਹੋਇਆ ਹੋਇਆ ਹੈ –

***ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥***
***ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥***
***ਪੰਨਾ – 920***

ਉਹ ਗੁਰੂ ਦੀ ਮਿਹਰ ਹੈ। ਗੁਰੂ ਕੱਢ ਦਿੰਦਾ ਹੈ ਕਿ ਚੱਲ ਇਹ ਤਾਂ ਭੁੱਲ ਗਿਆ ਸੀ ਕਿ ਇਸ ਨੂੰ ਤਾਰ ਹੀ ਦੇਈਏ। ਬਾਰ-ਬਾਰ ਗੁਰੂ ਆਉਂਦਾ ਹੈ ਗੁਰੂ ਨੇ ਰਹਿਣਾ ਹੈ ਸੰਸਾਰ ਤੇ ਜਦੋਂ ਤੱਕ ਸੰਸਾਰ ਨੇ ਰਹਿਣਾ ਹੈ। ਉਸ ਦੀ ਕੋਈ ਸ਼ਕਲ ਹੋਵੇ, ਗੁਰੂ ਤਾਂ ਜੋਤੀ ਹੁੰਦੀ ਹੈ, ਕੋਈ ਸ਼ਕਲ ਹੋਵੇ। ਅਸੀਂ ਇਹ ਨਹੀਂ ਕਰ ਸਕਦੇ ਕਿ ਅਸੀਂ ਦੂਜੇ ਲੋਕਾਂ ਨੂੰ ਹਟਾ ਦੇਈਏ। ਸਾਡਾ ਜਿਹੜਾ ਗੁਰੂ ਹੈ ਇਹ ਗੁਰੂ ਨਹੀਂ, ਇਹ ਗੁਰੂ ਪ੍ਰਮੇਸ਼ਰ ਹੈ। ਜਿਹੜੇ ਬਾਕੀ ਲੋਕ ਗੁਰੂ ਧਾਰਦੇ ਨੇ, ਉਸ ਦੇ ਬਰਾਬਰ ਗੁਰੂ ਘਰ ਦੇ ਸੰਤ ਹੋਇਆ ਕਰਦੇ ਨੇ, ਉਹ ਗੁਰੂ ਨਹੀਂ ਕਹਾਉਂਦੇ। ਗੁਰਸਿਖ ਹੀ ਕਹਾਉਂਦੇ ਨੇ।

ਮਹਾਰਾਜ ਨੇ ਉਨ੍ਹਾਂ ਨੂੰ ਗੁਰਮੁਖ ਆਖਿਆ ਹੈ ਕਿ ਮੇਰੇ ਗੁਰਮੁਖ ਜਿਹੜੇ ਨੇ ਉਹ ਇਹ ਕੰਮ ਕਰਨਗੇ ਸਾਰਾ ਗੁਰੂ ਵਾਲਾ। ਇਹ ਗੱਲ ਸਮਝੋ ਅਸੀਂ ਐਵੇਂ ਲੜ ਪੈਂਦੇ ਹਾਂ ਕਿ ਸਾਡੇ ਤਾਂ ਗੁਰੂ ਪ੍ਰਮੇਸ਼ਰ ਨੇ ਤੇ ਗੁਰੂ ਕਹੇ ਤੇ ਅਸੀਂ ਝਗੜੇ ਪਾ ਲੈਂਦੇ ਹਾਂ ਕਿ ਇਹ ਗੁਰੂ ਕਹਿੰਦਾ ਹੈ ਜੀ, ਗੁਰੂ ਕਹਿੰਦਾ ਹੈ ਜੀ। ਅਣਜਾਣਪੁਣਾ ਸਾਡੇ ਵਿਚ ਹੈ। ਐਵੇਂ ਲੜਾਈ ਕਰੀ ਜਾਂਦੇ ਹਾਂ ਲੋਕਾਂ ਨਾਲ। ਮਹਾਰਾਜ ਕਹਿੰਦੇ –

***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥***
***ਪੰਨਾ – 853***

ਹੇ ਵਾਹਿਗੁਰੂ! ਜਗਤ ਜਲ ਰਿਹਾ ਹੈ ਰੱਖ ਲੈ, ਜਿਥੋਂ ਦੀ ਲੰਘ ਸਕਦਾ ਹੈ ਲੰਘ ਜਾਣ ਦੇ। ਸਾਡਾ ਕਿਸੇ ਨਾਲ ਦ੍ਵੈਸ਼ ਨਹੀਂ ਹੈ। ਅਸੀਂ ਅਰਦਾਸ ਕਰਦੇ ਹਾਂ –

***ਨਾਨਕ ਨਾਮ ਚੜ੍ਹਦੀ ਕਲਾ॥***
***ਤੇਰੇ ਭਾਣੇ ਸਰਬਤ ਦਾ ਭਲਾ॥***

ਸਭ ਦਾ ਭਲਾ ਮੰਗਦੇ ਹਾਂ –

***ਸਤਿਗੁਰੁ ਸਭਨਾ ਦਾ ਭਲਾ ਮਨਾਇਦਾ***
***ਤਿਸ ਦਾ ਬੁਰਾ ਕਿਉ ਹੋਇ॥*** ***ਪੰਨਾ – 302***

ਸਾਨੂੰ ਦੱਸਿਆ ਹੀ ਏਹੀ ਹੈ। ਅਸੀਂ ਕਿਸੇ ਦਾ ਵਿਸ਼ਵਾਸ਼ ਨਹੀਂ ਤੋੜਦੇ, ਕਿਸ਼ਤੀ ਵਿਚ ਬੈਠੇ ਨੂੰ ਕਹੀਏ, ਬੇੜੀ ਵਿਚ ਬਹਿ ਜਾ।

ਆਹ ਗਲਤੀ ਕੀ ਹੋਈ ਸੀ ਜਿਹੜੇ ਢਾਈ ਤਿੰਨ ਸੌ ਬੰਦਾ ਡੁੱਬਿਆ ਹੈ। ਉਹ ਵੱਡੇ ਜਹਾਜ ਕੋਲ ਨੂੰ ਚਲਿਆ ਗਿਆ ਕਿ ਇਸ ਦੇ ਵਿਚ ਚਾੜ੍ਹ ਦੇਵਾਂ ਤੇ ਨਤੀਜਾ ਕੀ ਹੋਇਆ? ਬੰਦੇ ਹੀ ਡੁੱਬ ਗਏ।

ਮੈਂ ਵਿਚਕਾਰਲੀ ਗੱਲ ਨਹੀਂ ਕਹਿੰਦਾ। ਮੈਂ ਕਹਿੰਦਾ ਹਾਂ ਜੇ ਤੁਹਾਡਾ ਭਰੋਸਾ ਪੂਰਾ ਹੈ ਤਾਂ ਤੁਹਾਡੀ ਸ਼ਰਧਾ ਲੰਘਾ ਦੇਵੇਗੀ। ਤੁਸੀਂ ਆਪਣੇ ਗੁਰੂ ਤੇ ਪੂਰਾ ਭਰੋਸਾ ਕਰੋ। ਮੈਨੂੰ ਇਥੇ ਬੁਲਾ ਲਿਆ ਭੈਣੀ ਸਾਹਿਬ। ਮੈਂ ਕਿਹਾ ਦੇਖੋ ਤੁਸੀਂ ਗੁਰੂ ਮੰਨਦੇ ਹੋ ਇਨ੍ਹਾਂ ਨੂੰ ਸਾਨੂੰ ਦ੍ਵੈਸ਼ ਨਹੀਂ ਕੋਈ ਵੀ, ਪਰ ਜਿਹੜੀ ਮੈਂ ਗੱਲ ਕਹਿਣੀ ਹੈ। ਉਹ ਧਿਆਨ ਨਾਲ ਸੁਣੋ, ਫੇਰ ਤੁਸੀਂ ਪਾਰ ਲੰਘ ਜਾਓਗੇ। ਜੇ ਇਨ੍ਹਾਂ ਨੂੰ ਬੰਦਾ ਹੀ ਸਮਝਦੇ ਹੋ ਫੇਰ ਤਾਂ ਗੱਲ ਨਹੀਂ ਬਣਨੀ ਤੁਹਾਡੀ, ਗੁਰੂ ਜਿਹੜਾ ਹੈ ਇਹ –

***ਗੁਰੁ ਪਰਮੇਸਰੁ ਏਕੋ ਜਾਣੁ॥*** ***ਪੰਨਾ – 864***

ਇਕੋ ਹੋਇਆ ਕਰਦਾ ਹੈ। ਜੇ ਤਾਂ ਤੁਹਾਡੀ ਭਾਵਨਾ ਐਸੀ ਬਣਦੀ ਹੈ, ਮੁਬਾਰਕ ਹੈ ਜੇ ਐਨੀ ਭਾਵਨਾ ਤੁਹਾਡੀ ਨਹੀਂ ਬਣਦੀ ਤਾਂ ਭਾਈ ਸਾਵਧਾਨ ਹੋ ਕੇ ਭਗਤੀ ਕਰੋ ਕਿਉਂਕਿ ਮੈਂ ਤਾਂ ਤੁਹਾਨੂੰ ਸਲਾਹ ਹੀ ਦੇਣੀ ਹੈ। ਤੁਹਾਡਾ ਵਿਸ਼ਵਾਸ਼ ਮੈਂ ਤੋੜਨ ਨਹੀਂ ਆਇਆ, ਬਣਾਉਣ ਆਇਆ ਹਾਂ।

ਵਾਹਿਗੁਰੂ ਨੇ ਅਨੇਕਾਂ ਇੰਤਜਾਮ ਕੀਤੇ ਹੋਏ ਨੇ, ਸੰਸਾਰ ਨੂੰ ਲੰਘਾਉਣ ਲਈ। ਅਸੀਂ ਵਿਸ਼ੇਸ਼ ਕਿਉਂ ਕਹਿੰਦੇ ਹਾਂ ਕਿਉਂਕਿ ਸਾਡੀ ਕਿਰਿਆ ਵਿਸ਼ੇਸ਼ ਹੈ, ਗੁਰੂ ਪ੍ਰਮੇਸ਼ਰ, ਗੁਰੂ ਅਵਤਾਰ ਨੇ ਸਾਨੂੰ ਇਹ ਰਸਤੇ ਦੱਸੇ ਨੇ ਉਸ ਦੇ ਵਾਸਤੇ ਅਸੀਂ ਹੋਕਾ ਦਿੰਦੇ ਫਿਰਦੇ ਹਾਂ ਕਿ ਤੁਸੀਂ ਸਾਵਧਾਨ ਹੋਵੋ। 83,99,999 ਜੂਨਾਂ ਵਿਚੋਂ ਨਿਕਲ ਕੇ ਹੁਣ ਤੁਹਾਡੀ ਵਾਰੀ ਆਈ ਹੋਈ ਹੈ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ - 12*

ਅਸੀਂ ਤੁਹਾਨੂੰ ਮਨੋਰੰਜਕ ਗੱਲਾਂ ਕਹਿਣ ਨਹੀਂ ਆਏ, ਅਸੀਂ ਰਾਹ ਦੱਸਣਾ ਹੈ ਕਿ ਇਸ ਰਸਤੇ ਪੈ ਜਾਓ, ਤੁਹਾਡਾ ਮਾਨਸ ਜਨਮ ਸਫਲ ਹੋ ਜਾਏਗਾ।

ਸੋ ਗੁਰੂ ਮਹਾਰਾਜ ਜੀ ਨੇ 'ਪਾਹੁਲ' ਤਿਆਰ ਕਰੀ ਇਸ ਨੂੰ 'ਪਾਹੁਲ' ਕਹਿੰਦੇ ਸੀ, ਅੰਮ੍ਰਿਤ ਤਾਂ ਅਸੀਂ ਬਾਅਦ ਵਿਚ ਕਹਿਣ ਲੱਗੇ ਹਾਂ ਤੇ ਜਦੋਂ ਤਿਆਰ ਹੋ ਗਈ ਉਸ ਵੇਲੇ ਇਸ ਦੀ ਸਿਫਤ ਕਰਦੇ ਹੋਏ ਭਾਈ ਗੁਰਦਾਸ ਦੂਜੇ ਸਾਨੂੰ ਪ੍ਰੇਰਨਾ ਕਰਦੇ ਨੇ, ਇਉਂ ਪੜ੍ਹ ਲਓ ਸਾਰੇ -

*ਧਾਰਨਾ - ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ -2, 2.*
*ਹੋਵੇ ਜਨਮ ਸੁਹੇਲਾ, ਹੋਵੇ ਜਨਮ ਸੁਹੇਲਾ -2, 2.*
*ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ, ..... -2.*

*ਹਰਿ ਸਚੇ ਤਖਤ ਰਚਾਇਆ, ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ, ਵਿਚਿ ਸਿਧਾਂ ਖੇਲਾ।*
*ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡਧਾਰ, ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
*ਭਾਈ ਗੁਰਦਾਸ ਜੀ ਦੀ ਵਾਰ 41/1*

ਸੋ ਆਪ ਨੇ ਇਕ ਵਾਰ ਲਿਖੀ ਹੈ ਭਾਈ ਗੁਰਦਾਸ ਦੂਜੇ ਨੇ, ਉਸ ਦੇ ਵਿਚ ਇਹ ਫੁਰਮਾਨ ਕਰਦੇ ਨੇ ਕਿ ਹੁਣ ਵੇਲਾ ਆ ਗਿਆ ਪਾਹੁਲ ਪੀਣ ਦਾ ਤੇ ਆਪ ਨੇ ਸਾਨੂੰ ਹੀ ਨਹੀਂ ਪਿਲਾਈ ਆਪ ਵੀ ਪੀਤੀ -

*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
*ਭਾਈ ਗੁਰਦਾਸ ਜੀ ਦੀ ਵਾਰ 41/1*

ਉਸ ਤੋਂ ਬਾਅਦ ਗੁਰੂ ਮਹਾਰਾਜ ਤੋਂ ਬਹੁਤ ਸਾਰਿਆਂ ਨੇ ਅੰਮ੍ਰਿਤ ਛਕਿਆ। ਉਸ ਵੇਲੇ ਸੰਗਤ ਵਿਚ ਆਪ ਜੀ ਨੇ ਪੰਜਾਂ ਪਿਆਰਿਆਂ ਨੂੰ ਸਾਹਮਣੇ ਖੜ੍ਹੇ ਕਰਕੇ, ਆਪ ਇਕ ਪਾਸੇ ਖੜ੍ਹੇ ਨੇ ਤੇ ਸਾਰੀ ਸੰਗਤ ਨੂੰ ਹੁਕਮ ਕੀਤਾ, ਇਉਂ ਪੜ੍ਹੋ -

*ਧਾਰਨਾ - ਮੇਰਾ ਹੀ ਰੂਪ ਹੈ,*
*ਪੰਜੇ ਇਹ ਗੁਰਮੁਖ ਪਿਆਰੇ -2, 2.*
*ਪੰਜੇ ਇਹ ਗੁਰਮੁਖ ਪਿਆਰੇ -2, 2.*
*ਮੇਰਾ ਹੀ ਰੂਪ ਹੈ, ................ -2.*

ਸਾਰੀ ਸੰਗਤ ਵੱਲ ਉਚਾ ਹੱਥ ਕਰਕੇ, ਸਿੰਘਾਂ ਵੱਲ ਇਸ਼ਾਰਾ ਕਰਕੇ, ਕੋਲ ਖੜ੍ਹੇ ਸਿੰਘ ਕਹਿਣ ਲੱਗੇ, "ਪਿਆਰਿਓ! ਇਹ ਮੇਰਾ ਰੂਪ ਬਣ ਗਏ ਨੇ।"

*ਮਮ ਸਰੂਪ ਤੁਮ ਅਬਿ ਭਏ, ਹੌਂ ਭਾ ਤੁਮਹਿਂ ਸਰੂਪ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਮੈਂ ਤੁਹਾਡਾ ਸਰੂਪ ਬਣ ਗਿਆ ਹਾਂ, ਤੁਸੀਂ ਮੇਰਾ ਸਰੂਪ ਬਣ ਗਏ। ਤੁਹਾਡੇ ਵਿਚ ਤੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਿਹਾ, ਤੁਸੀਂ ਪੂਰਨ ਬ੍ਰਹਮਗਿਆਨ ਪ੍ਰਾਪਤ ਕਰ ਲਿਆ।

*ਬ੍ਰਹਮ ਗਯਾਨ ਦਿਢ ਰਿਦੇ ਹ੍ਵੈ ਪਦ ਅਤਿ ਲੀਨਿ ਅਨੂਪ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਉਪਮਾ ਰਹਿਤ ਜਿਹੜਾ ਪਦ ਹੈ, ਉਹ ਤੁਸੀਂ ਲੈ ਲਿਆ ਹੈ।

*ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਐਨਾ ਉਚੇ ਬੋਲੇ ਤਾਂ ਕਿ ਜੋ ਦੂਰ ਤੱਕ ਸੰਗਤ ਬੈਠੀ ਸੀ ਉਹ ਸਾਰੀ ਸੁਣ ਲਵੇ।

*ਰਾਖਯੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਜਿਵੇਂ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੀ ਕਸਵੱਟੀ ਤੇ ਪੂਰੇ ਉਤਰ ਕੇ ਸਿੱਖੀ ਦਾ ਬੀਜ ਰੱਖ ਲਿਆ ਸੀ, ਅੱਜ ਸਾਡੀ ਲੱਗੀ ਹੋਈ ਕਸਵੱਟੀ ਦੇ ਵਿਚ ਇਹ ਪੂਰੇ ਉਤਰੇ ਨੇ।

*ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਹੁਣ ਸੰਗਤ ਨੂੰ ਤਾਰਨ ਵਾਸਤੇ ਇਹ ਪੰਜੇ ਜਿਹੜੇ ਨੇ ਇਹ ਸਮਰੱਥ ਹੋ ਗਏ।

ਪੰਜ ਪਿਆਰਿਆਂ ਦੀ ਜਿਹੜੀ ਪਰਨਾਲੀ ਚੱਲੀ ਹੈ ਇਹ ਕਹਿੰਦੇ ਸਮਰੱਥ ਹੈ ਤਾਰਨ ਵਾਸਤੇ, ਦੁਨੀਆਂ ਨੂੰ ਤਾਰਨ ਵਾਸਤੇ।

*ਜਾਨਹੁਂ ਮੋਹਿ ਸਮਾਨ ਤਿਨ ਭੇਦ ਰਹਯੋ ਨਹਿਂ ਰੰਚ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5053*

ਭੋਰਾ ਜਿੰਨਾ ਵੀ ਭੇਦ ਨਾ ਰਿਹਾ -

*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥ ਸਰਬ ਲੋਹ ਗ੍ਰੰਥ 'ਚੋਂ*
*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਹੁਣ ਮੇਰੇ ਵਿਚ, ਵਾਹਿਗੁਰੂ ਵਿਚ ਤੇ ਇਨ੍ਹਾਂ ਵਿਚ ਫਰਕ ਨਾ ਸਮਝਿਓ, ਇਹ ਵਾਹਿਗੁਰੂ ਦਾ ਰੂਪ ਹੋ ਚੁੱਕੇ ਨੇ। ਸੰਗਤ ਨੂੰ ਤਾਰਨ ਵਾਸਤੇ ਗੁਰੂ ਜਿੰਨੀ ਸਮਰੱਥਾ ਇਨ੍ਹਾਂ ਵਿੱਚ ਆ ਚੁੱਕੀ ਹੈ।

ਓਹੀ ਸੰਪਰਦਾਵਾਂ ਚੱਲ ਰਹੀਆਂ ਨੇ ਇਹ, ਰਾੜੇ ਵਾਲੀ ਸੰਪਰਦਾ ਇਨ੍ਹਾਂ ਵਿਚੋਂ ਹੀ ਚੱਲ ਰਹੀ ਹੈ, ਹਰਖੋਵਾਲ ਵਾਲੀ ਸੰਪਰਦਾ ਉਨ੍ਹਾਂ ਵਿਚੋਂ ਹੀ ਹੈ, ਹਰੀ ਪੁਰ ਵਾਲੇ ਨੇ ਕਿਉਂ ਵਧੀ ਜਾਂਦੇ ਨੇ, ਵੇਲ ਵਧਦੀ ਹੈ ਅੱਗੇ। ਜਿਵੇਂ ਗ੍ਰਿਹਸਥੀਆਂ ਦੀ ਵੇਲ ਵਧਦੀ ਹੈ ਨਾਂਹ, ਪੱਤਾ ਵਧਦਾ ਹੈ-

*ਵਧੀ ਵੇਲਿ ਬਹੁ ਪੀੜੀ ਚਾਲੀ॥ ਪੰਨਾ - 396*

ਪੁੱਤਰ ਹੋ ਗਿਆ ਪੱਤਾ ਨਿਕਲ ਆਇਆ, ਦੂਜਾ ਹੋ ਗਿਆ ਦੋ ਪੱਤੇ ਵੇਲ ਨੇ ਕੱਢ ਲਏ। ਵੇਲ ਤੁਰੀ ਆਉਂਦੀ ਹੈ ਜੜ੍ਹ ਇਸ ਦੀ ਪਤਾ ਨਹੀਂ ਕਿਥੇ ਲੱਗੀ ਹੋਈ ਹੈ। ਇਸ ਤਰ੍ਹਾਂ ਵੇਲ ਚਲਦੀ ਹੈ ਕਿੰਨੀ ਫੈਲ ਗਈ, ਉਹ ਇੱਕ ਵੇਲ

ਨਹੀਂ ਰਹਿੰਦੀ, ਵੇਲਾਂ ਹੀ ਵੇਲਾਂ ਹੋ ਗਈਆਂ।

ਕੱਲ੍ਹ ਸੰਤਾਂ ਨੇ ਦੱਸਿਆ ਸੀ ਕਿ ਕਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਵੇਲ ਨੂੰ ਵਧਾਇਆ ਗੁਰੂ ਨਾਨਕ ਪਾਤਸ਼ਾਹ ਨੇ। ਗੁਰੂ ਅਮਰਦਾਸ ਜੀ ਨੇ 52 ਮੰਜੀਆਂ, ਪੀੜ੍ਹੇ ਦਿੱਤੇ। ਬੀਬੀਆਂ ਨੂੰ ਵੀ ਲਾਇਆ ਇਸ ਕੰਮ ਤੇ ਭਾਈਆਂ ਨੂੰ ਵੀ ਸ਼ਕਤੀਆਂ ਦੇ ਦੇ ਕੇ ਲਾਇਆ।

ਸੋ ਗੁਰੂ ਮਹਾਰਾਜ ਕਹਿੰਦੇ ਭਾਈ ਇਹ ਹੁਣ ਅੱਗੇ ਵੇਲ ਚੱਲ ਪਈ, ਜਿਹੜਾ ਕੰਮ ਅਸੀਂ ਕਰਦੇ ਹਾਂ ਹੁਣ ਏਹੀ ਉਹ ਕੰਮ ਕਰਨਗੇ। ਉਸ ਵੇਲੇ ਬਹੁਤ ਪ੍ਰੇਮੀਆਂ ਨੇ ਅੰਮ੍ਰਿਤ ਛਕਿਆ। ਛਕਾਇਆ ਕਿਸਨੇ? ਇਨ੍ਹਾਂ ਨੇ ਹੀ ਛਕਾਇਆ ਭਾਈ ਦਇਆ ਸਿੰਘ ਤੇ ਹੋਰਨਾਂ ਨੇ। ਐਸਾ ਲਿਖਿਆ ਹੋਇਆ ਹੈ ਕਿ 20,000 ਨੇ ਅੰਮ੍ਰਿਤ ਛਕਿਆ।

ਹੁਣ ਗੁਰੂ ਮਹਾਰਾਜ ਜੀ ਸਾਰਿਆਂ ਨੂੰ ਸੰਬੋਧਨ ਕਰਕੇ ਫੁਰਮਾਨ ਕਰਦੇ ਹਨ ਕਿ ਅੱਜ ਤੋਂ ਬਾਅਦ ਨਾ ਤੁਸੀਂ ਚੰਦ ਦੀ ਪੂਜਾ ਕਰਨੀ ਹੈ, ਨਾ ਸੂਰਜ ਦੀ ਹੈ, ਨਾ ਕਿਸੇ ਮੜ੍ਹੀ ਮਸਾਣੀ ਦੀ ਕਰਨੀ ਹੈ, ਨਾ ਤੁਸੀਂ ਕਿਤੇ ਤੀਰਥਾਂ ਤੇ ਭਟਕਣਾ ਹੈ। ਤੁਹਾਡੇ ਅੰਦਰ ਨਾਮ ਦਾ ਤੀਰਥ ਹੈ ਉਸ ਤੀਰਥ ਦਾ ਇਸ਼ਨਾਨ ਕਰੋ –

***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਪੰਨਾ – 687***

ਉਹ ਤੁਹਾਨੂੰ ਦੇ ਦਿੱਤਾ ਹੈ, ਮੰਤਰ ਦੇ ਦਿੱਤਾ ਹੈ, ਵਾਹਿਗੁਰੂ ਮੰਤਰ, ਮੂਲ ਮੰਤਰ ਦੇ ਦਿੱਤਾ, ਇਨ੍ਹਾਂ ਦਾ ਅਭਿਆਸ ਕਰੋ ਪਿਆਰਿਓ! ਹੁਣ ਜਿਸ ਨੂੰ ਜਪਣਾ ਹੈ ਉਹ ਜਾਗਰਤ ਜੋਤ ਹੈ। ਉਹ ਕੋਈ ਐਵੇਂ ਨਹੀਂ ਹੈ ਸੁੰਨਾ-ਮੁੰਨਾ, ਪੱਥਰ ਨਹੀਂ ਹੈ। ਤੁਸੀਂ ਉਸ ਨੂੰ ਜਪਣਾ ਹੈ ਇਸ ਤਰ੍ਹਾਂ ਨਾਲ ਪੜ੍ਹੋ ਪਿਆਰ ਨਾਲ –

***ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ –2, 2.***
***ਜਾਗਤੀ ਜੋਤ ਨੂੰ, ਜਾਗਦੀ ਜੋਤ ਨੂੰ –2, 2.***
***ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ,... –2.***

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ,***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

***(ਸਰਬ ਲੋਹ ਗ੍ਰੰਥ 'ਚੋਂ)***

***ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ –2, 2.***
***ਵਾਹਿਗੁਰੂ-ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ –2, 2.***
***ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ,............... –2.***

ਕਹਿਣ ਲੱਗੇ ਤੁਸੀਂ ਜਾਗਦੀ ਜੋਤ ਜੋ ਵਾਹਿਗੁਰੂ ਜੀ ਸਾਰੇ ਘਟ-ਘਟ ਵਿਚ ਵਿਆਪਕ ਹੈ। ਉਸ ਦਾ ਜਾਪ ਕਰਨਾ ਹੈ ਵਾਹਿਗੁਰੂ ਮੰਤਰ ਨਾਲ ਮੂਲ ਮੰਤਰ ਨਾਲ। ਉਸ ਵੇਲੇ ਤੁਹਾਡੇ ਵਿਚ ਤੇਜ ਆਏਗਾ ਤੇ ਨਾਲ ਦੀ ਨਾਲ ਐਲਾਨ ਕਰ ਦਿੱਤਾ ਕਿ ਪਿਆਰਿਓ! ਮੇਰੇ ਵਿਚ ਤੇ ਖਾਲਸੇ ਵਿਚ ਤੇ ਪ੍ਰਮੇਸ਼ਰ ਵਿਚ ਭੇਤ ਨਹੀਂ ਕੋਈ। ਹੁਣ ਜਿਹੜਾ ਤੁਸੀਂ ਦਾਨ ਦਿੰਦੇ ਹੋ ਤੰਬਾਕੂ ਪੀਣ ਵਾਲੇ ਨੂੰ ਦੇ ਦਿਓ ਤਾਂ ਤੁਹਾਡਾ ਦਾਨ ਬਿਰਥਾ ਚਲਿਆ ਜਾਏਗਾ। ਗਲਤ ਬੰਦੇ ਨੂੰ ਦਾਨ ਦੇ ਦਿਓ, ਕਈ ਐਵੇਂ ਹੀ ਪੈਸੇ ਫੜਾਈ ਜਾਂਦੇ ਨੇ ਸਟੇਜਾਂ ਤੇ, ਪਤਾ ਹੀ ਨਹੀਂ ਕਿ ਇਸ ਨੇ ਜਾ ਕੇ ਸ਼ਰਾਬ ਪੀ ਲੈਣੀ ਹੈ, ਨਾਲ ਦੋਸ਼ੀ ਬਣ ਜਾਈਦਾ ਹੈ ਆਪ –

***ਖੇਤੁ ਪਛਾਣੈ ਬੀਜੈ ਦਾਨੁ॥ ਪੰਨਾ – 1412***

ਮਹਾਰਾਜ ਕਹਿੰਦੇ ਦਾਨ ਦਿਓ ਬੰਦਗੀ ਕਰਨ ਵਾਲੇ ਨੂੰ –

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***

***ਗਿਆਨ ਪ੍ਰਬੋਧ ਪਾ:੧੦***

ਸੰਤਾਂ ਨੇ ਕੀ ਕਰਨਾ ਹੈ ਦਾਨ ਲੈ ਕੇ ਲੰਗਰ ਚਲਾਉਣੇ ਨੇ, ਹਸਪਤਾਲ ਚਲਾਉਣੇ ਨੇ। ਆਪ ਦਾ ਕੋਈ ਉਨ੍ਹਾਂ ਨਾਲ ਲਗਾਓ ਨਹੀਂ ਹੁੰਦਾ, ਗ੍ਰਹਿਸਤੀਆਂ ਵਰਗਾ ਨਹੀਂ ਹੁੰਦਾ। ਜਦੋਂ ਜੀਅ ਕਰਦਾ ਹੈ ਛੱਡ ਕੇ ਪਾਸੇ ਹੋ ਜਾਂਦੇ ਨੇ, ਕੋਈ ਜਾਇਦਾਦ ਤਾਂ ਨਹੀਂ ਹੈ ਕਿ ਆਪਣੇ ਨਾਉ ਲਗਵਾਈ ਹੋਈ ਹੈ। ਉਹ ਤਾਂ ਪਰਉਪਕਾਰ, ਭਲੇ ਵਾਸਤੇ ਤੁਹਾਡਾ ਹੀ ਪੈਸਾ ਸਫਲਾ ਕਰਨ ਵਾਸਤੇ, ਇਕ ਦਾ ਲੱਖ ਬਣਾਉਣ ਵਾਸਤੇ, ਮਿਹਨਤਾਂ ਆਪ ਕਰਦੇ ਹੋ, ਪਰਉਪਕਾਰ ਕਰਦੇ ਨੇ ਸੰਤ। ਸੰਤਾਂ ਨੂੰ ਤਾਂ ਲੋੜ ਹੀ ਨਹੀਂ ਹੈ, ਪ੍ਰਸ਼ਾਦਾ...., ਕਿਤੇ ਬਹਿ ਜਾਓ ਉਥੇ ਆ ਹੀ ਜਾਣਾ ਹੈ, ਨਾਲੇ ਪੱਕਿਆ-ਪਕਾਇਆ ਆਏਗਾ। ਕੱਪੜੇ-ਲੀੜੇ ਐਨੇ ਆ ਜਾਣੇ ਨੇ ਢੇਰ ਲੱਗ ਜਾਣੇ ਨੇ, ਪਾਏ ਹੀ ਨਹੀਂ ਜਾਣੇ, ਰਹਿਣ ਵਾਸਤੇ ਉਸ ਨੇ ਕਹਿਣਾ ਛੱਪਰੀ ਪਾ ਦਿਓ। ਕਹਿੰਦੇ ਨਹੀਂ ਜੀ, ਅਸੀਂ ਤਾਂ ਲੈਂਟਰ ਵਾਲਾ ਘਰ ਪਾਉਣਾ ਹੈ। ਰੱਬ ਦੇ ਪਿਆਰਿਆਂ ਨੂੰ ਕੋਈ ਘਾਟਾ ਨਹੀਂ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ – 649***

ਇਕ ਮੇਰੇ ਮਿਲਣ ਵਾਲੇ ਮਹਾਤਮਾ ਸੀ। ਉਨ੍ਹਾਂ ਨਾਲ ਅੰਦਰਲੀਆਂ ਗੱਲਾਂ ਚੱਲ ਪਈਆਂ।

ਉਹ ਕਹਿੰਦੇ,"ਜਿੰਨਾ ਮੈਨੂੰ ਖਰਚ ਚਾਹੀਦਾ ਹੁੰਦੈ ਮੈਂ ਇਸ ਤਰ੍ਹਾਂ (ਫੈਲਾ ਦੇਣਾ) ਕਰ ਦੇਣਾ ਹੱਥ, ਉਨੇ ਪੈਸੇ ਮੇਰੇ ਹੱਥ ਵਿਚ ਆ ਜਾਂਦੇ ਹਨ।"

ਇਕ ਮਹਾਤਮਾ ਨਹੀਂ ਮੈਨੂੰ ਬਹੁਤ ਸੰਤਾਂ ਦਾ ਪਤਾ ਹੈ ਪਹਿਲਿਆਂ ਦਾ।

ਉਹ ਕਹਿੰਦੇ, "ਖਰਚ ਕੇ ਜਿੰਨੇ ਬਾਕੀ ਬਚਣੇ ਉਸੇ ਤਰ੍ਹਾਂ ਹੱਥ ਅੱਗੇ ਕਰ ਦੇਣਾ ਤੇ ਉਹ ਧਰਤੀ ਤੇ ਨਹੀਂ ਸੀ ਗਿਰਦੇ। ਉਥੇ ਹੀ ਖਤਮ ਹੋ ਜਾਂਦੇ ਸੀ। ਕੋਈ ਵੀ ਕੰਮ ਕਰਨਾ ਹੋਵੇ। ਮੈਂ ਇਕ ਵਾਰ ਧਾਰ ਲਿਆ ਕਿ 100 ਰੁਪਿਆ

ਆ ਜਾਵੇ ਤੇ ਇਉਂ ਹੱਥ ਕਰਿਆ ਤਾਂ 100 ਹੀ ਹੁੰਦਾ ਹੱਥ ਵਿਚ।"

ਕਹਿੰਦਾ, "ਫੇਰ ਮੈਂ ਖਾਣ-ਪੀਣ ਦਾ ਵੀ ਕਰ ਲਿਆ। ਮੈਂ ਸੋਚਿਆ ਐਵੇਂ ਜਾ ਕੇ ਖਾਂਦੇ ਹਾਂ, ਜੰਗਲ ਵਿਚ ਚਲਿਆ ਗਿਆ ਮੈਂ। ਉਥੇ ਜਿਹੜੀ ਚੀਜ਼ ਦਾ ਫੁਰਨਾ ਆਇਆ ਅੱਗੇ ਪਲੇਟ ਵਿਚ ਪਈ ਹੁੰਦੀ, ਮੇਰੇ ਨੇੜੇ ਹੀ ਪਲੇਟ ਆ ਜਾਣੀ ਉਹ ਮੈਂ ਛਕ ਲੈਣੀ।"

ਆਹ ਗੱਲਾਂ ਪ੍ਰਤਿਆ-ਪ੍ਰਤਿਆ ਦੇਖੀਆਂ ਹੋਈਆਂ ਨੇ ਜਿਹੜੀਆਂ ਮੈਂ ਤੁਹਾਨੂੰ ਕਹਿੰਦਾ ਹਾਂ, ਐਵੇਂ ਕਹਾਣੀਆਂ ਨਹੀਂ ਹਨ, ਸਚਮੁਚ ਇਹ ਬਾਤਾਂ ਨੇ।

ਫੇਰ ਆਵਾਜ਼ ਆਈ, "ਪਿਆਰਿਆ! ਸੰਤ ਜੀ! ਤੈਨੂੰ ਤਾਂ ਲੋੜ ਨਹੀਂ ਆਹ ਗ੍ਰਿਹਿਸਤੀਆਂ ਦੀ ਕਮਾਈ ਵਿਚ ਐਨੀ ਖੋਟ ਰਲ ਗਈ, ਇਹ ਦੁੱਖਾਂ ਵਿਚ ਜਾ ਰਹੇ ਨੇ ਦਾਨ ਨਾ ਕੱਢ ਕੇ, ਇਨ੍ਹਾਂ ਦਾ ਦਾਨ ਗਲਤ ਥਾਂ ਜਾ ਰਿਹਾ ਹੈ। ਉਹ ਫਲ ਨਹੀਂ ਰਿਹਾ।" ਜਿਵੇਂ ਕਬੀਰ ਸਾਹਿਬ ਤੋਂ ਸੂਤ ਲੈ ਗਿਆ ਤੇ ਜਾ ਕੇ ਜਾਲ ਬਣਾ ਕੇ ਮੱਛੀਆਂ ਫੜਨ ਲੱਗ ਗਿਆ। ਇਹ ਸਾਖੀ ਵੀ ਮਹਾਂਪੁਰਸ਼ਾਂ ਨੇ ਤੁਹਾਨੂੰ ਦੱਸੀ ਸੀ।

ਮਹਾਰਾਜ ਕਹਿੰਦੇ, ਦਾਨ ਜਿਥੇ ਫਲਦਾ ਹੈ ਨਾਂਹ, ਲੰਗਰ ਚਲਦਾ ਹੈ, ਜਿਥੇ ਸੰਗਤ ਨੂੰ ਅਰਾਮ ਪਹੁੰਚਦਾ ਹੈ। ਹੁਣ ਗੁਰਦਵਾਰੇ ਪੈਸਾ ਜਿਆਦਾ ਹੋ ਗਿਆ, ਤੁਸੀਂ ਭਾਈ! ਇਥੇ ਹਸਪਤਾਲ ਬਣਾ ਦਿਓ, ਕੋਈ ਸਕੂਲ ਬਣਾ ਦਿਓ ਬੱਚਿਆਂ ਦਾ। ਜਿਹੜੇ ਦਾਨ ਦਿੰਦੇ ਉਨ੍ਹਾਂ ਦਾ ਭਲਾ ਕਰਨਾ ਵੀ ਤੁਹਾਡਾ ਫਰਜ਼ ਹੈ। ਸਹੀ ਥਾਂ ਲਾ ਕੇ। ਤੁਹਾਨੂੰ ਵਾਹਿਗੁਰੂ ਨੇ ਲਾਇਆ ਹੈ ਡਿਊਟੀ ਦੇ ਉਤੇ। ਆਪਣਾ ਨਾਉਂ ਨਾ ਹੋਣ ਦਿਓ ਬਿਲਕੁਲ ਹੀ, ਕਹੋ ਹੀ ਨਾ ਕੁਝ ਵੀ ਕਿਸੇ ਨੂੰ, ਡਿਊਟੀ ਕਰੋ ਹੀ ਨਾ।

ਹੁਣ ਸਾਡੇ ਰਤਵਾੜੇ ਸਾਹਿਬ 3 ਡਿਸਪੈਂਸਰੀਆਂ ਚਲਦੀਆਂ ਨੇ, ਦੋਹਾਂ ਦਾ ਖਰਚਾ ਅਸੀਂ ਦਿੰਦੇ ਹਾਂ, ਇਕ ਸਰਕਾਰ ਨੇ ਲਾ ਦਿੱਤੀ ਸਾਡੇ ਨਾਲ ਹੀ ਕਿ ਚਲੋ! ਤੁਸੀਂ ਐਨਾ ਕਰਦੇ ਹੋ ਅਸੀਂ ਹਸਪਤਾਲ ਹੀ ਇਥੇ ਬਣਾ ਦਿੰਦੇ ਹਾਂ, ਉਹ ਡੰਗਰਾਂ ਵਾਲਾ ਡਾਕਟਰ ਵੀ ਉਥੇ ਲਿਆ ਕੇ ਬਿਠਾ ਦਿੱਤਾ, ਕਮਰੇ ਅਸੀਂ ਦੇ ਦਿੱਤੇ। ਦੂਜੇ ਡਾਕਟਰ ਨੇ ਸਾਡੇ ਉਹ ਸਭ ਇਲਾਜ ਕਰਦੇ ਨੇ, ਹੱਡੀਆਂ ਵਾਲੇ ਆਉਂਦੇ ਨੇ, ਦੂਜੇ ਆਉਂਦੇ ਨੇ। ਉਹ ਜਿਨ੍ਹਾਂ ਕੋਲ ਪੈਸਾ ਨਹੀਂ ਉਹ ਉਥੇ ਸਾਡੇ ਕੋਲ ਮੁਫਤ ਇਲਾਜ ਕਰਦੇ ਨੇ, ਜੇ ਤੁਸੀਂ ਜਾਓ ਤਾਂ 100/- ਰੁ: ਗੱਲ ਕਰਨ ਦਾ ਲੈਣਗੇ। ਸਮਾਗਮ ਦੇ ਵਿਚ 12,000 ਤੋਂ ਵੱਧ ਮਰੀਜ਼ਾਂ ਨੂੰ ਮੁਫਤ ਦੇਖਿਆ ਜਾਂਦਾ ਹੈ। ਲੰਗਰ ਚਲਦਾ ਹੈ ਬਿਨਾ ਰੁਕੇ ਹੈ, ਕੋਈ ਮੌਕਾ ਐਸਾ ਨਹੀਂ ਹੈ ਕਿ ਜੇ ਕੋਈ ਬੰਦਾ ਆਵੇ ਕਹੇ ਜੀ ਪ੍ਰਸ਼ਾਦੇ, ਤਾਂ ਪ੍ਰਸ਼ਾਦਾ ਤਿਆਰ-ਬਰ-ਤਿਆਰ ਪਿਆ ਹੈ। ਫਕੇ ਪਏ ਨੇ ਗਰਮ ਨਿਕਲਦੇ ਨੇ, ਜਦੋਂ ਜੀਅ ਕਰਦਾ ਹੈ ਛਕ ਲਓ ਆ ਕੇ।

ਇਕ ਨਹੀਂ ਅਨੇਕਾਂ ਗੱਲਾਂ ਚਲ ਰਹੀਆਂ ਨੇ। ਮੇਰੇ ਤਾਂ ਯਾਦ ਹੀ ਨਹੀਂ ਹਨ। ਸਿੰਘਾਂ ਦੇ ਯਾਦ ਨੇ ਕਿ ਆਹ ਵੀ ਚਲਾ ਰਹੇ ਹਾਂ ਆਪਾਂ, ਆਹ ਵੀ ਚਲਾ ਰਹੇ ਹਾਂ। ਆਹ ਮੈਗਜ਼ੀਨ ਹੀ ਹੈ। ਇਸ ਦੇ ਵਿਚ ਕੋਈ ਮਾਲਕ ਨਹੀਂ ਹੈ ਜੇ ਕਹੋ ਜੀ, ਬਾਬਾ ਜੀ ਮਾਲਕ ਹੈ, ਮੈਂ ਤਾਂ ਹਾਂ ਨਹੀਂ। ਮੈਂ ਤਾਂ ਪਿਛੇ ਨੂੰ ਹਟਦਾ ਜਾਂਦਾ ਹਾਂ ਕਿ ਲੇਖ ਲੈ ਲਿਆ ਕਰੋ ਮੇਰੇ ਤੋਂ, ਚਲਾਓ ਆਪ। ਜੇ ਤੁਹਾਨੂੰ ਘਾਟਾ ਪੈਂਦਾ ਹੈ ਤਾਂ ਮੈਂ ਪੈਸੇ ਭਰ ਦਿਆ ਕਰਾਂਗਾ, ਮੈਨੂੰ ਦਸ ਦਿਓ ਕਿ ਐਨਾ ਘਟ ਗਿਆ, ਮੈਥੋਂ ਪੈਸੇ ਲਿਆ ਕਰੋ। ਉਹ ਤੁਹਾਡੇ ਜਿਹੜੇ ਦਾਨ ਆਉਂਦੇ ਨੇ ਉਹ ਐਨੇ ਸੋਧ ਕੇ ਅਸੀਂ ਲਾਉਂਦੇ ਹਾਂ ਕਿ ਇਕ ਦਾ ਲੱਖ ਬਣੇ। ਥੋੜ੍ਹਾ ਜਿਹਾ ਵੀ ਜਿਸ ਨੇ ਦਿੱਤਾ ਉਨ੍ਹਾਂ ਦੀਆਂ ਕਮਾਈਆਂ ਵਿਚ ਬਰਕਤਾਂ ਪੈ ਗਈਆਂ।

ਆਹ ਜਿਹੜੀ ਟਰੱਕ ਯੂਨੀਅਨ ਹੈ ਮੋਹਾਲੀ ਦੀ। ਮੈਂ ਕਿਹਾ ਤੁਸੀਂ ਸ਼ਰਾਬ ਛੱਡ ਦਿਓ, ਸੇਵਾ ਕਰੋ, ਆਹ ਟਰੱਕ ਆਏ ਹੋਏ ਨੇ ਉਨ੍ਹਾਂ ਦੇ। ਥੋੜ੍ਹੇ ਸਾਲਾਂ ਵਿਚ ਦੇਖ ਲਿਓ ਤੁਹਾਡੇ ਸਾਰਿਆਂ ਕੋਲ ਕਾਰਾਂ ਹੋਣਗੀਆਂ। ਹੁਣ ਜਾ ਕੇ ਦੇਖ ਲਓ ਕਾਰਾਂ ਹੀ ਕਾਰਾਂ, ਕਾਰਾਂ ਵਾਲੀ ਯੂਨੀਅਨ ਕਹਿੰਦੇ ਨੇ ਇਸ ਨੂੰ। ਆਹ ਸਿੰਘ ਬੈਠੇ ਨੇ ਵਿਚ, ਸਭ ਕੋਲ ਕਾਰਾਂ ਹੋ ਗਈਆਂ ਉਹ ਇਕ-ਇਕ ਦੇ 7-7, 10-10, 20-20 ਟਰੱਕ ਕਿਉਂ ਹੋ ਗਏ? ਸੇਵਾ ਕਰ ਰਹੇ ਨੇ, ਦਾਨ ਕਰ ਰਹੇ ਨੇ। ਦਾਨ ਦਿੱਤਾ ਹੋਇਆ ਕਦੇ ਨਿਹਫਲ ਨਹੀਂ ਜਾਂਦਾ ਹੈ। ਮਾੜੇ ਥਾਂ ਦਿੱਤਾ ਹੋਇਆ ਲੈਣ ਵਾਲੇ ਨੂੰ ਤਾਂ ਪਾਪ ਹੁੰਦਾ ਹੀ ਹੈ, ਦੇਣ ਵਾਲੇ ਨੂੰ ਵੀ ਪਾਪ ਹੁੰਦਾ ਹੈ।

ਸੋ ਮਹਾਰਾਜ ਕਹਿੰਦੇ -

***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ, ਅਉਰ ਦਯੋ ਸਭ ਫੀਕੋ॥***
***ਮੋ ਗ੍ਰਿਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭਹੀ ਇਨਹੀ ਕੋ॥***

***ਗਿਆਨ ਪ੍ਰਬੋਧ ਪਾ: ੧੦***

ਮਹਾਰਾਜ ਕਹਿੰਦੇ, "ਅਸੀਂ ਵੀ ਦਾਨ ਕਰਦੇ ਹਾਂ, ਅਸੀਂ ਆਪਣਾ ਸੀਸ ਵੀ ਦਾਨ ਕੀਤਾ, ਆਪਣੇ ਬੱਚੇ ਵੀ ਦਾਨ ਕਰੇ, ਪਿਤਾ ਵੀ ਦਾਨ ਕਰਿਆ, ਮਾਤਾ ਨੂੰ ਵੀ ਦਾਨ ਕਰਿਆ। ਤੁਸੀਂ ਤਾਂ ਪੈਸੇ ਦਿੰਦੇ ਹੋ ਅਸੀਂ ਤਾਂ ਸਰੀਰ ਵੀ ਨਾਲ ਹੀ ਦਾਨ ਕਰ ਦਿੱਤੇ। ਮਨ ਵੀ ਦੇ ਦਿੱਤਾ, ਤਨ ਵੀ ਦੇ ਦਿੱਤਾ ਤੇ ਧਨ ਵੀ ਦੇ ਦਿੱਤਾ, ਸਾਰਾ ਕੁਝ ਕਿਉਂ ਇਹ ਬ੍ਰਹਮਗਿਆਨੀ ਆਪਣਾ ਆਪਾ ਵਾਰ ਰਹੇ ਨੇ -

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,***
***ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥***
***ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,***
***ਇਨਹੀ ਕ੍ਰਿਪਾ ਫੁਨ ਧਾਮ ਭਰੇ॥***
***ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ***
***ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥***
***ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,***
***ਨਹੀ ਮੋ ਸੇ ਗਰੀਬ ਕਰੋਰ ਪਰੇ॥ ਗਿਆਨ ਪ੍ਰਬੋਧ ਪਾ:੧੦***

ਕਿੱਡੀ ਵੱਡੀ ਬਾਤ ਮਹਾਰਾਜ ਜੀ ਨੇ ਫੁਰਮਾਨ ਕਰ ਦਿੱਤੀ। ਪਿਆਰਿਓ! ਜਿਸ ਗੁਰੂ ਦੇ ਅਸੀਂ ਲੜ ਲੱਗੇ ਹਾਂ, ਸਮਝੋ ਕਿ ਗੁਰੂ ਕਿਹੋ ਜਿਹਾ ਸੀ। ਉਨ੍ਹਾਂ ਨੇ ਫੁਰਮਾਨ ਕੀਤਾ ਕਿ ਖਾਲਸਾ ਜੇ ਤੁਸੀਂ ਉਵੇਂ ਹੀ ਰਹੇ ਜਿਵੇਂ ਅਸੀਂ ਹੁਣ ਤੁਹਾਨੂੰ ਉਤਪਨ ਕਰਿਆ ਹੈ ਫੇਰ ਕੀ ਹੋਏਗਾ? ਗੁਰੂਆਂ ਦਾ ਸਾਰਾ ਤੇਜ, ਸਾਰੀਆਂ ਸ਼ਕਤੀਆਂ ਤੁਹਾਡੇ ਵਿਚ ਰਹਿਣਗੀਆਂ। ਇਉਂ ਪੜ੍ਹ ਲਓ –

***ਧਾਰਨਾ – ਦਿੱਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ –2, 2.***
***ਤੇਜ ਆਪਣਾ ਮੈਂ ਤੈਨੂੰ ਤੇਜ ਆਪਣਾ ਮੈਂ –2, 2.***
***ਦਿੱਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ,............ –2.***

***ਜਬ ਲਗ ਖਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਹ ਗ੍ਰੰਥ 'ਚੋਂ)***

ਦੋਏ ਗੱਲਾਂ ਦੱਸ ਦਿੱਤੀਆਂ ਮਹਾਰਾਜ ਨੇ। ਜਦੋਂ ਤੱਕ ਤੂੰ ਬੰਦਗੀ ਕਰੇਂਗਾ, ਸਾਰੀ ਸ੍ਰਿਸ਼ਟੀ ਨੂੰ ਪ੍ਰਮੇਸ਼ਰ ਦਾ ਰੂਪ ਸਮਝੇਂਗਾ, ਸਾਰੀ ਸ੍ਰਿਸ਼ਟੀ ਦੇ ਵਾਸਤੇ ਕਹੇਂਗਾ ਕਿ –

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥***
***ਪੰਨਾ – 853***

ਤੇਰਾ ਚਰਿੱਤਰ ਨਿਆਰਾ ਰਹੇਗਾ, ਗਰੀਬਾਂ ਦਾ ਮਿੱਤਰ ਰਹੇਂਗਾ, ਦੀਨਾਂ ਦਾ ਸਹਾਈ ਰਹੇਂਗਾ, ਉਸ ਵੇਲੇ ਤੈਨੂੰ, ਮੈਂ ਉਚਾ ਚਰਿੱਤਰ ਦਿੱਤਾ ਹੈ। ਜੇ ਇਸ ਚਰਿੱਤਰ ਨੂੰ ਕਾਇਮ ਰੱਖੇਂ ਤਾਂ ਮੇਰਾ ਤੇਜ, ਗੁਰੂਆਂ ਦਾ ਤੇਜ ਤੇਰੇ ਵਿਚ ਵਰਤੇਗਾ।

ਮਹਾਤਮਾ ਦਾ ਕੀ ਫਰਕ ਹੁੰਦਾ ਹੈ? ਜਿਹੜੇ ਬੰਦਗੀ ਕਰਦੇ ਨੇ ਕਿੰਨਾ ਜਲਾਲ ਤੇ ਤੇਜ ਹੁੰਦਾ ਹੈ। ਹੁਣੇ ਸੰਤਾਂ ਨੇ ਦੱਸੇ ਸੀ ਬਹੁਤ ਸਾਰੇ ਬਚਨ। ਉਹ ਦਿਖਾਉਂਦੇ ਨਹੀਂ ਹੁੰਦੇ ਸੰਤ ਕਦੇ ਵੀ, ਸਮਾਅ ਕੇ ਰੱਖਦੇ ਨੇ, ਜਰ ਕੇ ਰਖਦੇ ਨੇ, ਭਲਾ ਕਰਦੇ ਨੇ ਸੰਸਾਰ ਦਾ, ਅੰਦਰ ਤੇਜ ਹੁੰਦਾ ਹੈ ਪੂਰਾ, ਜਮਦੂਤ ਦੀ ਤਾਕਤ ਨਹੀਂ ਕਿ ਆ ਜਾਵੇ। ਜਿਹੜੇ ਸੇਵਾ ਕਰਦੇ ਨੇ –

***ਸਾਧਸੰਗਿ ਧਰਮ ਰਾਇ ਕਰੇ ਸੇਵਾ॥ ਪੰਨਾ – 271***

ਧਰਮਰਾਜ ਡਰਦਾ ਸੇਵਾ ਕਰਦਾ ਹੈ ਕਿ ਇਹ ਸਾਧੂਆਂ ਦੀ ਸੰਗਤ ਵਿਚ ਰਹਿੰਦਾ ਸੀ।

***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਪੰਨਾ – 271***

ਦੇਵਤਿਆਂ ਦੇ ਦੇਸ਼ ਵਿਚ ਸੋਭਾ ਹੋਣ ਲੱਗ ਜਾਂਦੀ ਹੈ, ਜਿਹੜੇ ਜੁੜੇ ਹੋਏ ਨੇ। ਜਿਹੜੇ ਟੁੱਟੇ ਹੋਏ ਨੇ ਮਹਾਰਾਜ ਕਹਿੰਦੇ ਇਹ ਤਾਂ ਖਿਲਰੇ ਫਿਰਦੇ ਨੇ। ਵਿਸ਼ਟਾ ਦੇ ਜੀਵ ਵਿਸ਼ਟਾ ਵਿਚ ਹੀ ਫੇਰ ਸਮਾਅ ਜਾਣਾ ਹੈ ਇਨ੍ਹਾਂ ਨੇ ਕਿਉਂਕਿ ਇਨ੍ਹਾਂ ਦੇ ਭਾਗ ਵਿਚ ਹੈ ਨਹੀਂ ਇਹ ਚੀਜ਼ਾਂ।

ਸੋ ਮਹਾਰਾਜ ਜੀ ਨੇ ਇਕ ਦਿਨ ਕਰ ਕੇ ਦਿਖਾਇਆ ਕੌਤਕ ਕਿ ਭਾਈ ਬਚਿੱਤਰ ਸਿੰਘ ਇਕ ਬਹੁਤ ਵੱਡਾ ਸ਼ੇਰ ਮਾਰ ਕੇ ਲਿਆਇਆ।

ਮਹਾਰਾਜ ਕਹਿੰਦੇ, "ਇਸ ਦੀ ਖੱਲ ਬੜੇ ਧਿਆਨ ਨਾਲ ਲਾਹਿਓ।"

ਉਹ ਲਾਹ ਲਈ ਤੇ ਇਕ ਖੋਤਾ ਫੜ ਲਿਆ ਤੇ ਉਸ ਦੇ ਉਤੇ ਚਾੜ੍ਹ ਦਿੱਤੀ। ਉਸ ਖੋਤੇ ਨੂੰ ਖੇਤਾਂ ਵਿਚ ਛੱਡ ਦਿੱਤਾ ਕਣਕਾਂ ਖੜ੍ਹੀਆਂ ਸੀ, ਫਸਲਾਂ ਖੜ੍ਹੀਆਂ ਸੀ। ਉਸ ਨੇ ਕਿਹਾ ਮੌਜਾਂ ਬਣੀਆਂ, ਖੋਤਾ ਕਦੇ ਵੀ ਮੁੜ ਕੇ ਘਰ ਨੂੰ ਨਹੀਂ ਜਾਂਦਾ ਪ੍ਰਤਿਆ ਕੇ ਦੇਖ ਲਓ, ਉਸਨੂੰ ਕੰਨ ਤੋਂ ਫੜ ਕੇ ਲੈ ਜਾਣਾ ਪੈਂਦਾ ਹੈ। ਘੋੜਾ ਆ ਜਾਂਦਾ ਹੁੰਦਾ ਹੈ ਥੋੜ੍ਹਾ ਬਹੁਤਾ ਘੁੰਮ-ਘੁੰਮਾ ਕੇ, ਖੋਤਾ ਨਹੀਂ ਕਦੇ ਵੀ ਆਉਂਦਾ। ਉਸ ਨੂੰ ਤਾਂ ਮੌਜਾਂ ਹੀ ਬਣ ਗਈਆਂ ਨੇੜੇ ਕੋਈ ਜਾਵੇ ਨਾ। ਮੌਜ ਨਾਲ ਖਾਵੇ, ਮੌਜ ਨਾਲ ਬੈਠੇ, ਨਾ ਉਥੇ ਕੋਈ ਸੱਟ ਨਾ ਡੰਡੇ। ਉਹ ਵਿਚਾਰਾ ਲਭਦਾ ਫਿਰੇ ਜਿਹੜਾ ਇਸ ਦਾ ਮਾਲਕ ਸੀ।

ਅਖੀਰ ਸ਼ੇਰ ਦੀ ਦੁਹਾਈ ਮਚ ਗਈ ਕਿ ਮਹਾਰਾਜ ਖੇਤਾਂ ਵਿਚ ਸ਼ੇਰ ਆ ਗਿਆ, ਪਾਣੀ ਅਸੀਂ ਕਿਵੇਂ ਲਾਈਏ, ਗੁਡਾਈ ਅਸੀਂ ਕਿਵੇਂ ਕਰੀਏ, ਸਾਡਾ ਤਾਂ ਕੰਮ ਖੜ੍ਹ ਗਿਆ।

ਮਹਾਰਾਜ ਕਹਿੰਦੇ, "ਐਨੇ ਬੰਦੇ ਹੋ, ਤੁਸੀਂ ਇਕੱਠੇ ਹੋ ਕੇ ਘੇਰ ਲਓ।"

ਕਹਿੰਦੇ, "ਜਿਹਦੇ ਵੱਲ ਪੈ ਗਿਆ, ਮਹਾਰਾਜ! ਉਹ ਤਾਂ ਬਚਦਾ ਨਹੀਂ। ਤੁਸੀਂ ਕੋਈ ਸਿੰਘ ਭੇਜ ਦਿਓ।"

ਮਹਾਰਾਜ ਕਹਿੰਦੇ, "ਸਾਡੇ ਸਿੰਘ ਵਾਧੂ ਆਏ ਹੋਏ ਨੇ? ਤੁਸੀਂ ਕਰੋ ਹਿੰਮਤ।"

ਕਿਸੇ ਦੀ ਹਿੰਮਤ ਨਾ ਪਈ, ਜਦੋਂ ਬਾਰ-ਬਾਰ ਬੇਨਤੀਆਂ ਕਰੀਆਂ ਤਾਂ ਮਹਾਰਾਜ ਨੇ ਇਸ਼ਾਰਾ ਕਰਿਆ।

ਕਹਿੰਦੇ, "ਗੋਲੀ ਵਗੈਰਾ ਨਾ ਮਾਰਿਓ, ਉਸ ਦੇ ਕੰਨ ਤੋਂ ਫੜ ਕੇ ਲੈ ਆਓ। ਡੰਡੇ ਮਾਰਿਓ, ਦੋ ਤਿੰਨ ਡੰਡੇ ਚੰਗੇ ਲਾ ਦਿਓ ਪਿੱਠ ਤੇ।"

ਉਨ੍ਹਾਂ ਨੇ ਜਾ ਕੇ ਡੰਡੇ ਲਾ ਦਿੱਤੇ, ਅੱਗੇ ਆਉਂਦੇ ਸੀ ਗਧੇ, ਉਹ ਬੋਲਣ ਲੱਗ ਗਏ, ਇਹ ਵੀ ਬੋਲਣ ਲੱਗ ਗਿਆ, ਪਤਾ ਲੱਗ ਗਿਆ ਕਿ ਇਹ ਤਾਂ ਗਧਾ ਸੀ। ਜਿਹੜਾ ਮਾਲਕ ਸੀ ਉਸ ਨੇ ਬੋਲ ਪਛਾਣ ਲਿਆ ਕਿ ਇਹ ਤਾਂ ਮੇਰਾ ਗਧਾ ਹੈ।

ਕਹਿੰਦਾ, "ਇਹ ਤਾਂ ਮੇਰਾ ਗਧਾ ਹੈ। ਆਹ ਸ਼ੇਰ ਦੀ ਖੱਲ ਤੁਸੀਂ ਲੈ ਜਾਓ, ਗਧਾ ਮੇਰਾ ਮੋੜ ਜਾਓ।"

ਸੰਗਤ ਵਿਚ ਸਾਰੇ ਹੀ ਦੇਖ ਰਹੇ ਸੀ ਕਿ ਅੱਜ ਸਿੰਘ ਕਿਵੇਂ ਸ਼ੇਰ ਨੂੰ ਫੜਦੇ ਨੇ।

ਜਦੋਂ ਲੈ ਆਏ ਤਾਂ ਬੜਾ ਹਾਸਾ ਪਿਆ।

ਪੁੱਛਣ ਲੱਗੇ, "ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੈ?"

ਕਹਿੰਦੇ, "ਤੁਸੀਂ ਯਾਦ ਰੱਖ ਲਓਗੇ? ਜਿਹੜੇ ਤੁਹਾਡੇ ਤੋਂ ਮਗਰੋਂ ਆਉਣਗੇ ਉਨ੍ਹਾਂ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਅਸੀਂ ਤੁਹਾਨੂੰ ਅਕਾਲ ਪੁਰਖ ਦੀ ਗੋਦੀ ਵਿਚ

ਬਿਠਾਇਆ ਹੈ - 'ਖੜਗ ਕੇਤ' ਦੀ ਗੋਦ ਵਿਚ ਤੇਜ਼ ਦਿੱਤਾ ਹੈ ਤੁਹਾਨੂੰ ਪੂਰਾ, ਦੁਨੀਆਂ ਦਾ ਸਰਦਾਰ ਬਣਾਇਆ ਹੈ। ਜੇ ਤਾਂ ਤੁਸੀਂ ਬੰਦਗੀ ਕਰਦੇ ਰਹੇ, ਨਾਮ ਜਪਦੇ ਰਹੇ, ਪਰਉਪਕਾਰ ਕਰਦੇ ਰਹੇ, ਸੇਵਾ ਕਰਦੇ ਰਹੇ, ਨਿਰਮਾਣ ਹੋ ਕੇ ਸੰਸਾਰ ਨਾਲ ਵਰਤੇ, ਪਿਆਰਿਓ। ਫੇਰ ਤੁਹਾਡਾ ਇਹ ਤੇਜ ਕਾਇਮ ਰਹੇਗਾ।

ਜੇ ਤੁਸੀਂ ਖੋਤਿਆਂ ਵਾਲੀਆਂ ਗੱਲਾਂ ਕਰਨ ਲੱਗ ਗਏ, ਫੇਰ ਤੁਹਾਡਾ ਉਤੋਂ-ਉਤੋਂ ਦਿਖਾਵਾ ਰਹਿ ਜਾਏਗਾ, ਵਿਚੋਂ ਖਤਮ ਹੋ ਜਾਏਗਾ, ਜਦੋਂ ਪਤਾ ਲੱਗ ਗਿਆ ਕਿ ਇਹ ਤਾਂ ਖੋਤੇ ਨੇ, ਫੇਰ ਤੁਹਾਡੇ ਤੇ ਛੱਟ ਵੀ ਪੈ ਜਾਉ।

ਸਭ ਨੇ ਨੀਵੀਆਂ ਪਾ ਲਈਆਂ ਕਿ ਸੱਚੇ ਪਾਤਸ਼ਾਹ! ਤੁਹਾਡੀ ਕਿਰਪਾ ਹੋਵੇ ਤਾਂ ਰਹਿ ਸਕਦੇ ਹਾਂ।

ਇਕ ਦਿਨ ਮਹਾਰਾਜ ਕਹਿੰਦੇ ਅੱਜ ਸ਼ਿਕਾਰ ਜਾਣਾ ਹੈ ਭਾਈ ਕੁੱਤੇ ਲੈ ਕੇ। ਕੁੱਤੇ ਲੈ ਕੇ ਚਲੇ ਗਏ। ਚੌਲ ਬਣਾ ਲਏ ਤੇ ਉਥੇ ਸ਼ਿਕਾਰ ਲਈ ਨਠਾਈ ਗਏ ਕੁੱਤਿਆਂ ਨੂੰ, ਫੇਰ ਫੜ ਲਏ, ਦੁਪਹਿਰ ਹੋ ਗਿਆ, ਪ੍ਰਸ਼ਾਦੇ ਦਾ ਸਮਾਂ ਹੋ ਗਿਆ।

ਕਹਿੰਦੇ, "ਲੈ ਭਾਈ! ਪਹਿਲਾਂ ਕੂਕਰਾਂ ਨੂੰ ਰਜਾ ਦਿਓ। ਦੇਗਾ ਜਿਹੜਾ ਲਿਆਏ ਹੋ ਵੱਡਾ, ਉਹ ਢੇਰੀ ਕਰ ਦਿਓ ਇਥੇ।"

ਢੇਰੀ ਕਰ ਦਿੱਤਾ।

ਕਹਿੰਦੇ, "ਛੱਡ ਦਿਓ ਕੂਕਰ।"

ਕੂਕਰ ਛੱਡੇ। ਉਨ੍ਹਾਂ ਵਿਚੋਂ ਚੌਲਾਂ ਤੱਕ ਤਾਂ ਕੋਈ ਜਾਂਦਾ ਹੀ ਨਹੀਂ, ਆਪਸ ਵਿਚ ਹੀ ਲੜੀ ਜਾਂਦੇ ਨੇ, ਜਖਮੀ ਹੋ ਗਏ ਖੂਨ ਚੱਲਣ ਲੱਗ ਗਿਆ। ਜਿਹੜੇ ਚੌਲਾਂ ਦੇ ਨੇੜੇ ਗਏ, ਉਹ ਚੌਲਾਂ ਤੇ ਸੁੱਟ ਦਿੱਤੇ, ਮਿੱਟੀ ਪੈ ਗਈ, ਚੌਲ ਖਾਣ ਵਾਲੇ ਹੀ ਨਾ ਰਹੇ।

ਅਖੀਰ ਮਹਾਰਾਜ ਕਹਿੰਦੇ, "ਫੜ ਲਓ ਹੁਣ, ਬਹੁਤ ਲਹੂ-ਲੁਹਾਨ ਹੋ ਗਏ।"

ਕਹਿੰਦੇ, "ਦੇਖੋ ਪਿਆਰਿਓ! ਜਦੋਂ ਤੁਸੀਂ ਬੰਦਗੀ ਕਰੋਗੇ, ਨਾਮ ਜਪੋਗੇ ਤੁਹਾਡਾ ਚਰਿੱਤਰ ਨਿਆਰਾ ਰਹੇਗਾ, ਤੁਹਾਨੂੰ ਸਰਦਾਰੀ ਮਿਲੀ ਰਹੇਗੀ, ਰਾਜ ਵੀ ਮਿਲਿਆ ਰਹੇਗਾ, ਤੁਸੀਂ ਸਰਦਾਰ ਹੋਵੋਗੇ ਸੰਸਾਰ ਦੇ, ਪਰ ਜਦੋਂ ਤੁਸੀਂ ਇਸ ਤਰ੍ਹਾਂ ਦੇ ਨਾਲ ਆਹ ਕੂਕਰ ਬਿਰਤੀ ਧਾਰਨ ਕਰ ਲਈ ਕਿ ਨਾ ਆਪ ਖਾਣਾ ਹੈ ਨਾ ਕਿਸੇ ਨੂੰ ਖਾਣ ਦੇਣਾ ਹੈ, ਫੇਰ ਤੁਹਾਡਾ ਹਾਲ ਆਹੀ ਹੋਏਗਾ। ਜੇ ਵਰਤ ਲਓਗੇ ਤਾਂ ਰਾਜ-ਭਾਗ ਤੁਹਾਡੇ ਕੋਲ ਰਹੇਗਾ, ਜੇ ਕੁਤਿਆਂ ਵਾਂਗ ਲੜੇ, ਫੇਰ ਤੁਸੀਂ ਲਹੂ-ਲੁਹਾਨ ਹੋ ਜਾਓਗੇ। ਤੁਹਾਨੂੰ ਕਿਤੇ ਵੀ ਕਾਮਯਾਬੀ ਨਹੀਂ ਮਿਲੇਗੀ।"

ਸੋ ਇਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਦੁਨਿਆਵੀ ਸਿਖਿਆਵਾਂ ਵੀ ਦਿੱਤੀਆਂ ਤੇ ਨਾਲ ਰੂਹਾਨੀ ਦੇ ਕੇ ਕਿਹਾ ਕਿ ਇਹ ਜਿਹੜਾ ਅੰਮ੍ਰਿਤ ਤੁਹਾਨੂੰ ਛਕਾਇਆ ਹੈ ਨਾਂਹ। ਹੁਣ ਤੁਸੀਂ ਸਾਧਨਾ ਕਰਿਓ। ਆਹ ਬਾਬਾ ਜੀ ਨੇ ਮੇਰੇ ਆਉਣ ਤੋਂ ਪਹਿਲਾਂ ਬਹੁਤ ਕੁਝ ਦਸ ਦਿੱਤਾ। ਜੇ ਸਮਾਂ ਹੁੰਦਾ ਤਾਂ ਇਨ੍ਹਾਂ ਨੇ ਹੋਰ ਵੀ ਦਸਣਾ ਸੀ। ਉਥੇ ਆ ਜਾਇਓ ਰਤਵਾੜਾ ਸਾਹਿਬ, ਇਹ ਬਚਨ ਕਰਦੇ ਹੀ ਰਹਿੰਦੇ ਨੇ, ਸਮਾਗਮ ਵਿਚ ਤਾਂ ਪੰਜੇ ਹੀ ਦਿਨ ਰਹਿੰਦੇ ਨੇ। ਸੰਤਾਂ ਦੀ ਸੰਗਤ ਤਾਂ ਭਲੀ-ਹੀ-ਭਲੀ ਹੈ, ਲਭਦਾ ਹੀ ਹੈ ਕੁਝ, ਗੁਆ ਨਹੀਂ ਹੁੰਦਾ। ਇਨ੍ਹਾਂ ਦੀ ਸੰਗਤ ਵਿਚ 'ਜੋ ਕੀਨੋ ਸੋ ਲਾਭ'

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥***

***ਪੰਨਾ - 1378***

ਸਾਰਾ ਦੱਸ ਦਿੱਤਾ। ਮਹਾਰਾਜ ਕਹਿੰਦੇ ਤੁਸੀਂ ਰਸਨਾ ਨਾਲ ਵੀ ਨਾਮ ਜਪਣਾ ਹੈ, ਸਵਾਸ ਨਾਲ ਵੀ ਜਪਣਾ ਹੈ, ਧੁਨ ਨਾਲ ਵੀ ਜਪਣਾ ਹੈ, ਅੰਦਰਲੇ ਅਨਹਦ ਸ਼ਬਦ ਦੀ ਮਦਦ ਨਾਲ ਵੀ ਜਪਣਾ ਹੈ ਤੇ ਹੌਲੀ-ਹੌਲੀ, ਤਰੱਕੀ ਕਰਦੇ-ਕਰਦੇ ਐਸੀ ਅਵਸਥਾ ਤੁਹਾਡੇ ਵਿਚ ਆ ਜਾਣੀ ਹੈ ਕਿ ਹਰ ਥਾਂ ਦੇ ਉਤੇ ਨਾਮ ਹੀ ਨਾਮ ਸੁਣਾਈ ਦੇਣਾ ਹੈ ਕਿਉਂਕਿ ਨਾਮ ਪਰੀਪੂਰਨ ਹੈ। ਉਹ ਇਕ ਸ਼ਬਦ ਹੈ ਜਿਹੜਾ ਸਾਰੇ ਸੰਸਾਰ ਦੇ ਵਿਚ ਫੈਲਿਆ ਹੋਇਆ ਹੈ -

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਖਤਮ ਤਾਂ ਨਹੀਂ ਹੋਈ ਨਾਮ ਦੀ ਧੁਨ, ਸਮਾ ਗਈ, ਦਰਖਤਾਂ ਵਿਚ ਵੀ ਸਮਾਂ ਗਈ, ਬੰਦਿਆਂ ਵਿਚ ਵੀ ਸਮਾ ਗਈ। ਮਹਾਰਾਜ ਕਹਿੰਦੇ, ਜਿਨ੍ਹਾਂ ਦੇ ਅੰਦਰ ਸੁਰਜੀਤੀ ਆ ਗਈ ਉਹ ਦਰਖਤ ਵਿਚੋਂ ਵੀ ਨਾਮ ਸੁਣ ਲੈਂਦੇ ਨੇ -

***ਧਰਤਿ ਪਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ॥ ਪੰਨਾ - 540***

ਸੁਆਮੀ ਜੀ ਆਪਣੇ ਅਨੁਭਵਾਂ ਵਿਚ ਲਿਖਦੇ ਨੇ ਕਿ ਇਕ ਦਿਨ ਮੈਂ ਪਿਆ ਸੀ, ਮੈਨੂੰ ਸੰਗੀਤ ਸੁਣਨ ਲੱਗ ਗਿਆ ਘਾਹ ਵਿਚੋਂ। ਮੈਂ ਕਿਹਾ ਇਹ ਕੀ ਗੱਲ ਹੋਈ। ਅੱਗੇ ਜਾ ਕੇ ਮੈਂ ਕੰਨ ਦਰਖਤ ਨਾਲ ਲਾ ਲਿਆ, ਕਹਿੰਦੇ ਉਸਦੇ ਵਿਚੋਂ ਵੀ ਸੰਗੀਤ, ਪੱਥਰ ਨਾਲ ਲਾ ਲਿਆ, ਉਸ ਦੇ ਵਿਚੋਂ ਵੀ ਸੰਗੀਤ, ਮੈਂ ਕਿਹਾ ਇਹ ਤਾਂ ਸੰਗੀਤ ਹੀ ਵੱਜ ਰਿਹਾ ਹੈ ਸਾਰੇ।

ਉਹ ਧੁਨ ਹੈ ਨਾਮ ਦੀ ਘਟ-ਘਟ ਵਿਚ ਵਿਆਪਕ -

***ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ***
***ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ॥ ਪੰਨਾ - 441***

ਜਦੋਂ ਆਦਮੀ ਦੀ ਬਿਰਤੀ ਉਥੇ ਪਹੁੰਚਦੀ ਹੈ ਉਸ ਵੇਲੇ ਮਹਿਸੂਸ ਕੀ ਹੁੰਦਾ ਹੈ? ਕਿ ਇਹ ਤਾਂ ਸਾਰਾ ਸੰਸਾਰ ਨਾਮ ਜਪਦਾ ਹੈ, ਇਉਂ ਪੜ੍ਹ ਲਓ -

***ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ -2, 2.***
***ਵਣਾਂ ਦੇ ਪੰਖੇਰੂ ਸਾਰੇ -2, 2.***
***ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ,..-2.***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਪੰਨਾ - 1265***

ਪ੍ਰਤੱਖ ਰੂਪ ਦੇ ਵਿਚ ਧੁਨ ਸੁਣਦੀ ਹੈ ਹਰ ਥਾਂ ਤੋਂ, ਧਰਤੀ ਵਿਚੋਂ, ਆਕਾਸ਼ ਵਿਚੋਂ, ਪਤਾਲ ਵਿਚੋਂ, ਤਾਰਿਆਂ-ਸਿਤਾਰਿਆਂ ਵਿਚੋਂ ਇਕੋ ਹੀ ਧੁਨ ਨਾਮ ਦੀ। ਸੋ ਮਹਾਰਾਜ ਜੀ ਕਹਿਣ ਲੱਗੇ ਕਿ ਇਹ ਜੋ ਕਿਸੇ ਦੇ ਹਿਰਦੇ ਵਿਚ ਵਸ ਜਾਵੇ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ ਪੰਨਾ - 397***

ਉਹ ਪ੍ਰਮੇਸ਼ਰ ਹੀ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਇਹ ਨਾਮ ਜਪ ਕੇ ਪਾਹੁਲ ਦੇ ਨਾਲ ਜਿਹੜਾ ਪੰਜ ਪਿਆਰਿਆਂ ਨੇ ਮੰਤਰ ਦਿੱਤਾ ਹੈ, ਤੁਸੀਂ ਨਾਮ ਦੇ ਮੰਡਲ ਵਿਚ ਪਹੁੰਚ ਜਾਓਗੇ ਤੇ ਜਿਹੜਾ ਨਾਮ ਹੈ, ਅੰਮ੍ਰਿਤ ਹੈ। ਇਸ ਨੂੰ ਤਾਂ ਖੋਜਦੇ ਨੇ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ॥ ਪੰਨਾ - 918***

ਉਹ ਅੰਮ੍ਰਿਤ ਹੈ ਕਿਥੇ? ਅਸੀਂ ਕਹਿੰਦੇ ਹਾਂ ਕਿ ਅਸੀਂ ਤਾਂ ਅੰਮ੍ਰਿਤ ਛਕ ਲਿਆ। ਅੰਮ੍ਰਿਤ ਦਾ ਰਸਤਾ ਖੋਲ੍ਹਦੇ ਹਾਂ, ਅੰਮ੍ਰਿਤ ਦੇ ਰਾਹ ਤੇ ਤੁਰਦੇ ਹਾਂ। ਦੋਏ ਅੰਮ੍ਰਿਤ ਨੇ ਇਹ।

ਇਹ ਬੇਅੰਤ ਕੰਮ ਕਰਦਾ ਹੈ, ਰੋਗਾਂ ਦਾ ਖਾਤਮਾ ਕਰਦਾ ਹੈ। ਹਉਮੈ ਦਾ ਖਾਤਮਾ ਕਰਕੇ ਜੰਮਣ ਮਰਣ ਵਿਚੋਂ ਮੁਕਤ ਕਰਾ ਦਿੰਦਾ ਹੈ ਤੇ ਇਸ ਦੇ ਵਾਸਤੇ ਘਾਲ ਕਮਾਈ ਕਰਨੀ ਪੈਂਦੀ ਹੈ। ਬਿਨਾਂ ਭਾਗਾਂ ਤੋਂ ਅੰਮ੍ਰਿਤ ਨਹੀਂ ਮਿਲਦਾ ਤੇ ਅੰਦਰਲੇ ਅੰਮ੍ਰਿਤ ਕੁੰਡ ਤੱਕ ਪਹੁੰਚ ਨਹੀਂ ਸਕਦਾ।

ਜਦੋਂ ਗੁਰੂ ਨੇ ਤੁਹਾਨੂੰ ਕੁੰਜੀ ਦੇ ਦਿੱਤੀ, ਪੰਜ ਪਿਆਰਿਆਂ ਨੇ ਤੁਹਾਡੇ ਹਵਾਲੇ ਦੇਣੀ ਹੈ, ਹੈ ਗੁਰੂ ਦੀ ਕੁੰਜੀ ਗੁਰੂ ਗ੍ਰੰਥ ਸਾਹਿਬ ਦੀ ਉਹ ਟਰੱਸਟੀ ਨੇ ਪੰਜ ਪਿਆਰੇ। ਜਦੋਂ ਉਨ੍ਹਾਂ ਨੇ ਅਰਦਾਸ ਕਰਨੀ ਹੈ ਉਦੋਂ ਗੁਰੂ ਨੇ ਉਨ੍ਹਾਂ ਨੂੰ ਕੁੰਜੀ ਦੇਣੀ ਹੈ, ਇਕੱਲੇ-ਇਕੱਲੇ ਕੋਲ ਕੁੰਜੀ ਨਹੀਂ ਹੁੰਦੀ, ਸਾਂਝੀ ਹੁੰਦੀ ਹੈ ਇਕਠਿਆਂ ਪਾਸ। ਕੁੰਜੀ ਹਵਾਲੇ ਹੋ ਜਾਂਦੀ ਹੈ। ਜੇ ਤਾਂ ਹੋਣ ਮਾਇਆ ਦੇ ਪੁਜਾਰੀ, ਫੇਰ ਤਾਂ ਨਹੀਂ ਇਹ ਕਲਾ ਵਰਤਦੀ, ਜੇ ਬੰਦਗੀ ਕਰਨ ਵਾਲੇ ਨੇ ਕਲਾ ਵਰਤ ਜਾਂਦੀ ਹੈ। ਉਹ ਕਲਾ ਵਰਤ ਕੇ ਕੁੰਜੀ ਦੇ ਦਿੰਦਾ ਹੈ। ਜੇ ਤਾਂ ਕੁੰਜੀ ਦਾ ਪ੍ਰਯੋਗ ਕਰ ਲਿਆ ਤਾਂ ਤਾਂ ਪਿਆਰਿਓ! ਬੱਜਰ ਕਪਾਟ ਖੁੱਲ੍ਹ ਜਾਂਦੇ ਨੇ, ਜੇ ਨਾ ਕਰਿਆ ਘਰ ਲਿਜਾ ਕੇ ਰੱਖ ਦਿੱਤੀ, ਮੁੜ ਕੇ ਸ਼ਰਾਬਾਂ-ਕਬਾਬਾਂ, ਨਿੰਦਿਆ-ਚੁਗਲੀ, ਈਰਖਾ-ਬਖੀਲੀ ਉਹੀ ਗੱਲਾਂ ਵਿਚ ਪੈ ਗਿਆ, ਫੇਰ ਮੱਧਮ ਹੁੰਦੀ-ਹੁੰਦੀ ਮੱਧਮ ਹੋ ਜਾਂਦੀ ਹੈ। ਉਹ ਰਸ ਜਾਂਦਾ ਰਹਿੰਦਾ ਹੈ। ਦੋਸ ਇਹ ਲਗਦਾ ਹੈ ਕਿ ਉਹ ਬੇਮੁਖ ਹੋ ਜਾਂਦਾ ਹੈ ਤੇ ਉਸਦਾ ਤਰਨਾ ਹੀ ਮੁਸ਼ਕਲ ਹੋ ਜਾਂਦਾ ਹੈ। ਸੋ ਇਹ ਚਾਬੀ ਮਿਲਦੀ ਹੈ ਇਉਂ ਪੜ੍ਹ ਲਓ-

***ਧਾਰਨਾ - ਵਾਹਵਾ-ਵਾਹਵਾ ਬਈ ਬੱਜਰ ਕਪਾਟਾਂ ਦੀ -2, 2.***
***ਕੁੰਜੀ ਅੰਮ੍ਰਿਤ ਛਕ ਕੇ ਮਿਲਦੀ, ਬਜਰ ਕਪਾਟਾਂ ਦੀ -2, 2.***
***ਵਾਹਵਾ-ਵਾਹਵਾ ਬਈ ਬੱਜਰ ਕਪਾਟਾਂ ਦੀ,............ -2.***

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥***
***ਪੰਨਾ - 205***

ਉਹ ਮੰਤਰ ਦੀ ਕੁੰਜੀ ਫੜਾ ਦਿੰਦੇ ਨੇ -

***ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥***
***ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥***
***ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥***
***ਤਿਨੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥***
***ਪੰਨਾ - 1239***

ਸੋ ਇਹ ਜੋ ਅੰਮ੍ਰਿਤ ਹੈ ਮਹਾਰਾਜ ਕਹਿੰਦੇ ਪਿਆਰਿਓ! ਇਹ ਪ੍ਰਮੇਸ਼ਰ ਦਾ ਨਾਮ ਹੈ -

***ਧਾਰਨਾ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ -2, 4.***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ..........॥***
***ਪੰਨਾ - 538***

ਮਿਲਦਾ ਕਿਵੇਂ ਹੈ? ਕਹਿੰਦੇ ਗੁਰੂ ਦੀ ਮੱਤ ਧਾਰਨ ਕਰਕੇ -

***.............. ਅੰਮ੍ਰਿਤੁ ਗੁਰਮਤਿ ਪਾਏ ਰਾਮ॥***
***ਪੰਨਾ - 538***

ਕੰਮ ਕੀ ਕਰਦਾ ਹੈ?

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ............॥***
***☆ਪੰਨਾ - 538***

ਮਾਇਆ ਤੇ ਹਉਮੈ ਦੀ poison (ਜ਼ਹਿਰ) ਚੜ੍ਹੀ ਹੋਈ ਹੈ ਮਨੁੱਖ ਨੂੰ -

***............ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥***
***ਪੰਨਾ - 538***

ਜਦੋਂ ਅੰਮ੍ਰਿਤ ਮਿਲ ਗਿਆ ਫੇਰ ਇਹ ਵਿਹੁ ਲਹਿ ਜਾਂਦੀ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥***
***ਪੰਨਾ - 644***

ਸੋ ਇਸ ਤਰ੍ਹਾਂ ਦੇ ਨਾਲ ਸਾਧ ਸੰਗਤ ਜੀ ਜੋ ਬੇਨਤੀਆਂ ਕੀਤੀਆਂ ਨੇ। ਇਸ ਪਿੰਡ ਦੇ ਅੰਦਰ ਮੇਰਾ ਖਿਆਲ ਹੈ ਪਹਿਲਾਂ ਵੀ 1000 ਦੇ ਕਰੀਬ ਅੰਮ੍ਰਿਤਧਾਰੀ ਸਿੰਘ ਹੋ ਚੁੱਕੇ ਨੇ। ਆਹ ਜਿੰਨੇ ਆਉਂਦੇ ਨੇ, ਆਹ ਬੜੀ ਦੂਰ ਪਹੁੰਚਦੇ ਨੇ, ਦੀਵਾਨ ਤਾਂ ਇਹ ਉਥੇ ਵੀ ਸੁਣਦੇ ਨੇ ਜਿਥੋਂ ਇਹ ਆਏ ਨੇ। ਦੂਰ-ਦੂਰ ਤੋਂ ਆਏ ਨੇ, ਪਾਉਂਟਾ ਸਾਹਿਬ ਕਿੱਡੀ ਦੂਰ ਹੈ, ਦੇਹਰਾਦੂਨ ਤੋਂ ਤੇ ਏਧਰੋਂ ਖਟੜਿਆਂ ਦੇ ਵਾਲੇ, ਘਨੌਰ ਦੀ ਸੰਗਤ ਆਈ ਹੋਈ ਹੈ ਟਰੱਕ ਭਰ ਕੇ, ਕਿੱਡੀ ਦੂਰ ਹੈ। ਸਾਡੇ ਤੋਂ 75 ਕਿਲੋ ਮੀਟਰ ਤੋਂ ਉਤੇ ਹੈ ਜਾਂ ਫਰੀਦਕੋਟ ਦੀ ਸੰਗਤ ਐਥੇ ਪਹੁੰਚੀ ਹੋਈ ਹੈ, ਦੁਆਬੇ ਤੋਂ ਸੰਗਤ ਆਈ ਹੋਈ ਹੈ। ਇਹ ਆਉਂਦੇ ਕਿਉਂ ਨੇ? ਮੈਂ ਇਸ ਗੱਲ ਨੂੰ ਸੋਚਦਾ ਹਾਂ। ਇਹ ਇਸ ਤਰ੍ਹਾਂ ਆਉਂਦੇ ਨੇ ਕਿ ਇਸ ਪਿੰਡ ਨੂੰ ਇਹ ਤੀਰਥ ਵਰਗਾ ਸਮਝਦੇ ਨੇ ਧਮੋਟ ਨੂੰ, ਇਨ੍ਹਾਂ ਦੇ ਮਨ ਵਿਚ ਸਤਿਕਾਰ ਹੈ ਇਥੇ ਦਾ। ਕੋਈ ਕਹਿ ਦੇਵੇ ਧਮੋਟ ਦਾ ਆਇਆ ਹੈ, ਉਸੇ

ਵੇਲੇ ਪਾਸੇ ਹੋ ਜਾਂਦੇ ਨੇ। ਮੈਨੂੰ ਦੱਸਣ ਆਉਂਦੇ ਨੇ ਜੀ ਧਮੋਟ ਤੋਂ ਆਏ ਨੇ, ਚਾਹੇ ਮੈਂ ਜਾਣਦਾ ਹਾਂ ਚਾਹੇ ਨਹੀਂ ਜਾਣਦਾ। ਪਰ ਇਨ੍ਹਾਂ ਦੇ ਮਨ ਵਿਚ ਬੜੀ ਸ਼ਰਧਾ ਹੈ ਇਸ ਪਿੰਡ ਦੀ। ਚਰਨਧੂੜ ਲੈ ਜਾਂਦੇ ਨੇ ਇਕੱਠੀ ਕਰਕੇ, ਇਸ ਤੋਂ ਜਿਆਦਾ ਕੀ ਸ਼ਰਧਾ ਹੋ ਸਕਦੀ ਹੈ। ਸੋ ਤੁਸੀਂ ਇਸ ਪਿੰਡ ਦੇ ਵਾਸੀ ਹੋ, ਮੈਨੂੰ ਬੜੀ ਖੁਸ਼ੀ ਹੈ ਕਿ ਤੁਹਾਡੇ ਮਨ ਦੇ ਅੰਦਰ ਬੜਾ ਚਾਓ ਹੈ ਦੀਵਾਨਾਂ ਦਾ, ਲਵਾਉਂਦੇ ਹੋ ਹਰ ਸਾਲ। ਵਾਹਿਗੁਰੂ ਤੁਹਾਡੀ ਸ਼ਰਧਾ ਨੂੰ ਫਲ ਲਾਵੇ ਪਰ ਨਾਲ ਦੀ ਨਾਲ ਇਹ ਹੈ ਕਿ ਗੁਰੂ ਵਾਲੇ ਬਣ ਜਾਓ ਸਾਰੇ, ਨਿਗੁਰਾ ਨਾ ਕੋਈ ਰਹੇ ਕਿਉਂਕਿ –

............ ***ਨਿਗੁਰੇ ਕਾ ਹੈ ਨਾਉ ਬੁਰਾ॥***

***ਪੰਨਾ – 435***

ਨਰਕਾਂ ਵਿਚ ਜਾਂਦੇ, ਭੂਤ-ਪ੍ਰੇਤ ਬਣਦੇ ਚੰਗੇ ਨਹੀਂ ਲਗਦੇ ਕਿ ਸਾਡੇ ਪਿੰਡ ਦੇ ਲੋਕ ਭੂਤ-ਪ੍ਰੇਤ ਬਣਨ। ਉਨਸ ਤਾਂ ਹੁੰਦੀ ਹੈ ਇਥੇ ਹੀ ਜੰਮਿਆਂ ਤੇ ਇਥੇ ਹੀ ਪਲਿਆਂ ਹਾਂ। ਜਿਥੇ ਅਸੀਂ ਬੈਠੇ ਹਾਂ, ਆਹੀ ਮਿੱਟੀ ਸਾਨੂੰ ਲੱਗੀ ਹੋਈ ਹੈ, ਉਡ-ਉਡ ਕੇ ਆਹੀ ਮਿੱਟੀ ਪੈਂਦੀ ਸੀ ਸਾਡੇ ਤੇ ਜਿਥੇ ਆਪਾਂ ਬੈਠੇ ਹਾਂ। ਸੋ ਇਸ ਦਾ ਭਲਾ ਲੋਚੀਦਾ ਹੈ ਕਿ ਭਲਾ ਹੋ ਜਾਵੇ, ਗੁਰੂ ਵਾਲੇ ਬਣ ਜਾਣ ਸਾਰੇ। ਬਾਕੀ ਸ਼ਰਾਫਤ ਬਹੁਤ ਹੈ ਪਿੰਡ ਦੇ ਅੰਦਰ, ਮਰਿਆਦਾ ਵਿਚ ਰਹਿੰਦਾ ਹੈ। ਕਲਜੁਗ ਵੀ ਆ ਗਿਆ ਤਾਂ ਵੀ ਮਰਿਆਦਾ ਦੇ ਵਿਚ ਰਹਿੰਦੇ ਨੇ। ਐਡਾ ਭੁਚਾਲ ਪਿਆ ਹੋਇਆ ਹੈ ਰਾਜਨੀਤੀ ਦਾ, ਫੇਰ ਵੀ ਸ਼ਾਂਤੀ ਹੈ ਇਨ੍ਹਾਂ ਦੇ ਮਨਾਂ ਵਿਚ ਪਰ ਜਦੋਂ ਤੁਸੀਂ ਗੁਰੂ ਵਾਲੇ ਬਣ ਜਾਓਗੇ, ਗੁਰੂ ਤੁਹਾਡੀ ਪਿੱਠ ਦੇ ਉਤੇ ਹੱਥ ਰਖੇਗਾ।

ਰਾਜਨੀਤਕ ਪਾਰਟੀਆਂ ਵਿਚ ਨਾ ਸਾਨੂੰ ਕਿਸੇ ਨਾਲ ਹਿਤ ਹੈ, ਨਾ ਵੈਰ ਹੈ, ਕੋਈ ਆ ਜਾਵੇ ਦੀਵਾਨ ਦੇ ਅੰਦਰ ਚਾਹੇ ਮੁੱਖ ਮੰਤਰੀ ਆ ਜਾਵੇ ਚਾਹੇ ਦੂਜੀ ਪਾਰਟੀ ਵਾਲਾ ਆ ਜਾਵੇ, ਠੀਕ ਹੈ ਜਿਵੇਂ ਸ੍ਰੋਤੇ ਸੁਣਦੇ ਨੇ, ਉਵੇਂ ਜਿਵੇਂ ਉਹ ਸੁਣ ਲੈਣਗੇ, ਸਾਡੇ ਮਨ ਵਿਚ ਨਹੀਂ ਕੋਈ ਵੀ ਗੱਲ। ਸਾਨੂੰ ਤਾਂ ਸਾਰੇ ਆਤਮਾ ਨਜਰ ਆਉਂਦੀ ਹੈ।

ਸੋ ਇਸ ਕਰਕੇ ਪਿਆਰਿਓ! ਬੇਨਤੀ ਹੈ 'ਨਦੀ ਨਾਵ ਸੰਜੋਗੀ ਮੇਲੇ' ਹੁੰਦੇ ਨੇ। ਪਿਛਲੇ ਸਾਲ ਤੋਂ ਕਿੰਨੇ ਪ੍ਰੇਮੀ ਇਸ ਪਿੰਡ ਵਿਚੋਂ ਵਿਛੜ ਚੁੱਕੇ ਨੇ, ਮੈਂ ਕੱਲ ਵੀ ਕਿਹਾ ਸੀ। ਉਹ ਲਿਹਾਜ ਨਹੀਂ ਕਰਦੀ –

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***

***ਪੰਨਾ – 254***

ਜਮਾਂ ਦਾ ਫੰਧਾ ਕਿਸ ਦੇ ਗੱਲ ਵਿਚ ਪੈ ਜਾਵੇ। ਸੋ ਇਸ ਕਰਕੇ ਉਸ ਤੋਂ ਪਹਿਲਾਂ ਪਹਿਲਾਂ ਗੁਰੂ ਵਾਲੇ ਬਣੋਂ। ਗੁਰਦਵਾਰਿਆਂ ਵਿਚ ਆਇਆ ਕਰੋ, ਨਾਮ ਸਿਮਰਨ ਕਰਿਆ ਕਰੋ। ਆਹ ਪਾਉਂਟੇ ਸਾਹਿਬ ਵਾਲੇ ਪ੍ਰੇਮੀ ਬੈਠੇ ਨੇ, ਹੋਰ ਪ੍ਰੇਮੀ ਬੈਠੇ ਨੇ, ਅਮਰੀਕਾ ਤੋਂ ਆਏ ਬੈਠੇ ਨੇ। ਆਹ ਜਿਹੜਾ ਅਸੀਂ ਟੇਪ ਦੇ ਵਿਚ ਨਾਮ ਜਪਿਆ ਹੈ ਨਾਂਹ, ਉਹ ਪੂਰੀ ਟੇਪ ਕਰ ਲਈ ਇਨ੍ਹਾਂ ਨੇ। ਮੈਂ ਉਥੇ ਬੋਲਿਆ ਸੀ ਸਮਾਗਮ ਵਿਚ। ਇਹ ਸਾਰੀ ਦੁਨੀਆਂ ਵਿਚ ਫੈਲ ਗਈਆਂ, ਮੈਨੂੰ ਦਸਦੇ ਨੇ ਕਿ ਜੀ! ਅਸੀਂ ਗੁਰਦਵਾਰੇ ਚਲੇ ਜਾਂਦੇ ਹਾਂ ਟੇਪ ਲਾ ਲੈਂਦੇ ਹਾਂ। ਉਹ ਪਹਿਲਾਂ 10 ਵਾਰੀ ਵਾਹਿਗੁਰੂ ਕਹਾਉਂਦੀ ਹੈ ਫੇਰ ਅਸੀਂ ਨਾਲ ਬੋਲਦੇ ਹਾਂ। ਫੇਰ 10 ਮਿੰਟ ਚੁੱਪ ਹੋ ਜਾਂਦੀ ਹੈ ਅਸੀਂ ਵੀ ਚੁਪ ਹੋ ਜਾਂਦੇ ਹਾਂ। ਅਸੀਂ ਨਾਮ ਜਪਦੇ ਹਾਂ ਅੰਦਰ। ਫੇਰ ਦਸੀਂ ਮਿੰਟੀ (10 ਮਿੰਟ ਪਿਛੋਂ) 8 ਵਾਰੀ ਬੋਲ ਪੈਂਦੀ ਹੈ, ਫੇਰ ਅਸੀਂ ਨਾਲ ਬੋਲਦੇ ਹਾਂ, ਫੇਰ ਉਹੀ ਧੁਨ ਸਾਡੇ ਅੰਦਰ ਫੇਰ ਜਾਗ ਪੈਂਦੀ ਹੈ, 20 ਮਿੰਟ ਤੋਂ ਬਾਅਦ 6 ਵਾਰੀ ਬੋਲਦੀ ਹੈ। ਅਸੀਂ ਫੇਰ ਉਸੇ ਧੁਨ ਨੂੰ ਸੁਣਦੇ ਹਾਂ। ਅੱਧੇ ਘੰਟੇ ਤੱਕ ਅੰਦਰ ਧਿਆਨ ਟਿਕ ਜਾਂਦਾ ਹੈ। ਫੇਰ 4 ਵਾਰੀ ਬੋਲਦੀ ਹੈ, 40 ਵੇਂ ਮਿੰਟ ਤੇ 2 ਵਾਰੀ ਬੋਲਦੀ ਹੈ ਤੇ 45ਵੇਂ ਤੇ ਇਕ ਵਾਰੀ। ਕਹਿੰਦੇ ਫੇਰ ਅਸੀਂ ਨਾਮ ਜਪੀਂ ਜਾਂਦੇ ਹਾਂ। ਐਨੀ ਸਹਾਇਤਾ ਹੋ ਗਈ ਸਾਨੂੰ। ਪਤਾ ਹੀ ਨਹੀਂ ਅਸੀਂ ਦੱਸ ਨਹੀਂ ਸਕਦੇ ਐਨੀਆਂ ਚਿੱਠੀਆਂ ਆਉਂਦੀਆਂ ਹਨ ਕਿ ਕਿਹੜੇ ਮੂੰਹ ਨਾਲ ਅਸੀਂ ਕਹੀਏ ਕਿ ਤੁਹਾਨੂੰ ਕੀ ਮਿਲੇ।

ਹੁਣ ਮੀਡੀਆ ਵਿਗਿਆਨ ਦਾ ਯੁੱਗ ਆ ਗਿਆ, ਵਰਤੋ ਇਸ ਮੀਡੀਆ ਨੂੰ ਵਰਤੋ, ਵਰਤ ਕੇ ਬੰਦਗੀ ਕਰੋ। ਅੱਜ ਖ਼੍ਵਾਰ ਅਸੀਂ ਹੋ ਰਹੇ ਹਾਂ, ਸਿੱਖ ਤਾਂ ਅਸੀਂ ਬਣ ਗਏ, ਅੰਮ੍ਰਿਤ ਵੀ ਛਕ ਲਿਆ, ਬਹੁਤਿਆਂ ਨੇ ਤਾਂ ਛਕਿਆ ਹੀ ਨਹੀਂ।

ਇਥੇ ਨੇੜੇ ਹੀ ਇਕ ਜਥੇਦਾਰ ਸੀ, ਇਲਾਕੇ ਦਾ ਬਹੁਤ ਵੱਡਾ। ਅਸੀਂ ਅੰਮ੍ਰਿਤ ਛਕਾਉਣਾ ਸੀ। ਇਹ ਬੀਬੀ ਤੁਹਾਡੇ ਉਠ ਕੇ ਬਾਹਰ ਨੂੰ ਚਲੇ ਗਏ, ਉਥੇ ਉਹ ਜਥੇਦਾਰ ਮਿਲ ਗਿਆ।

ਉਹ ਕਹਿੰਦਾ, "ਜੀ! ਕੱਲ੍ਹ ਨੂੰ ਅੰਮ੍ਰਿਤ ਛਕਾਉਣਾ ਹੈ?"

ਇਹ (ਬੀਬੀ ਜੀ) ਕਹਿੰਦੇ, "ਗੱਲ ਸੁਣ! ਆਹ ਤੇਰੀ ਕਿਰਪਾਨ ਬਨਾਉਟੀ ਹੈ ਜਾਂ ਅਸਲੀ ਹੈ?"

ਚੁਪ ਕਰ ਗਿਆ, ਕਹਿੰਦਾ, "ਬੀਬੀ! ਜੇ ਝੂਠ ਬੋਲਾਂ ਉਹ ਵੀ ਮਾੜੀ ਗੱਲ ਹੈ, ਮੇਰੀ ਤਾਂ ਬਨਾਉਟੀ ਹੀ ਪਾਈ ਹੋਈ ਹੈ, ਅੰਮ੍ਰਿਤ ਨਹੀਂ ਮੈਂ ਛਕਿਆ ਤੇ ਹੁਣ ਮੈਂ ਜਥੇਦਾਰ ਹਾਂ। ਮੈਨੂੰ ਅੰਮ੍ਰਿਤ ਇਕੱਲੇ ਨੂੰ ਛਕਾ ਦਿਓ, ਮੇਰੀ ਬਦਨਾਮੀ ਨਾ ਹੋਵੇ।"

ਇਹ ਕਹਿੰਦੇ, "ਤੇਰੀ ਬਦਨਾਮੀ ਨਹੀਂ, ਮੇਰੇ ਕੋਲ ਤੂੰ ਗੱਲ ਕਰੀ ਹੈ, ਮੈਂ ਕਿਸੇ ਕੋਲ ਗੱਲ ਕਰਨੀ ਨਹੀਂ। ਬਦਨਾਮੀ ਤੇਰੀ ਕੋਈ ਨਹੀਂ ਹੁੰਦੀ, ਤੂੰ ਸਿੱਧਾ ਹੋ ਕੇ ਗੁਰੂ ਦੀ ਸ਼ਰਨ ਲੈ। ਤੂੰ ਉਤੇ ਤਾਂ ਕਕਾਰ ਧਾਰੀ ਬੈਠਾ ਹੈ ਤੇ ਅੰਦਰੋਂ ਅੰਮ੍ਰਿਤ ਛਕਿਆ ਹੀ ਨਹੀਂ ਤੇ ਜਥੇਦਾਰ ਤੂੰ ਇਲਾਕੇ ਦਾ ਬਣਿਆ ਹੋਇਆ ਹੈਂ।"

ਸੋ ਇਹ ਚੀਜ਼ਾਂ ਸਾਡੇ ਵਿਚ ਆ ਗਈਆਂ ਤੇ ਅਸੀਂ ਨਾਮ ਨਾਲੋਂ ਟੁੱਟ ਗਏ। ਦਿਖਾਵਾ ਰਹਿ ਗਿਆ ਪਿਆਰਿਓ! ਜੇ ਇਜ਼ਤ ਲੈਣੀ ਹੈ, ਸ਼ਾਂਤੀ ਲੈਣੀ ਹੈ ਤਾਂ ਗੁਰੂ ਵਾਲੇ ਬਣ ਜਾਓ ਤੇ ਪੰਜ ਪਿਆਰਿਆਂ ਤੋਂ ਨਾਮ ਲੈ ਕੇ ਨਾਮ ਦੀ

ਕਮਾਈ ਕਰੋ। ਸੋ ਇਸ ਤਰ੍ਹਾਂ ਸਾਡਾ ਜੀਵਨ ਸਫਲ ਹੋ ਜਾਵੇਗਾ।

ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ ਭਾਈ! ਜਿਹੜੇ ਅਜੇ ਤੱਕ ਨਹੀਂ ਬੋਲੇ ਉਹ ਵੀ ਸਾਰੇ ਆਪਣੀ ਰਸਨਾ ਪਵਿੱਤਰ ਕਰੋ।

(ਪੰਨਾ 23 ਦੀ ਬਾਕੀ)

ਕੰਮ ਬਾਰੇ ਪੁੱਛਣ ਲੱਗਾ, ਉਹ ਡਾਕਟਰ ਸੀ ਇਸੇ ਕਰਕੇ ਸਾਰੇ ਉਸ ਨੂੰ ਬਹੁਤ ਚੰਗੀ ਤਰ੍ਹਾਂ ਦੱਸ ਰਹੇ ਸੀ ਤੇ combine theraphy program (ਸਾਰੇ ਤਰੀਕਿਆਂ ਨੂੰ ਮਿਲਾ ਕੇ ਜਿਥੇ ਇਲਾਜ ਕੀਤਾ ਜਾਂਦਾ ਹੈ, ਭਾਵ ਹੋਮਿਓਪੈਥੀ, ਆਯੁਰਵੈਦਿਕ, ਯੋਗਾ ਸਾਰੇ ਸਿਸਟਮ) ਇਹ ਪ੍ਰੋਗਰਾਮ ਕੇਵਲ ਸਵਾਮੀ ਜੀ ਨੇ ਹੀ ਪਹਿਲੀ ਵਾਰੀ ਅਮਰੀਕਾ ਵਿਚ ਸ਼ੁਰੂ ਕੀਤਾ ਸੀ ਤੇ ਇਹ ਆਪਣੀ ਤਰ੍ਹਾਂ ਦਾ ਹੀ ਸੀ। ਜਦੋਂ ਵੀ ਕੋਈ ਮਰੀਜ਼ ਆਉਂਦਾ ਅਸੀਂ ਉਸ ਨੂੰ ਇਹ ਦਸਦੇ ਕਿ ਤੇਰਾ ਇਲਾਜ ਇਸ ਤਰ੍ਹਾਂ ਕੀਤਾ ਜਾਵੇਗਾ ਤੇ ਜਦੋਂ ਕੋਈ ਦੇਖਣ ਆਉਂਦਾ ਉਸ ਨੂੰ ਵੀ ਅਸੀਂ ਦੱਸਦੇ ਕਿ ਕਿਸ ਤਰ੍ਹਾਂ ਨਾਲ ਇਲਾਜ ਕੀਤਾ ਜਾਂਦਾ ਹੈ ਕਿਵੇਂ ਸਾਰੇ ਸਿਸਟਮ ਇਕੱਠੇ ਕੀਤੇ ਜਾਂਦੇ ਹਨ, ਅੰਦਰ ਸਾਫ ਕਰਨਾ, ਕਸਰਤ ਕਰਨੀ, ਖ਼ੁਰਾਕ, ਸਰੀਰ ਨੂੰ ਨਿਸਲ ਕਰਕੇ ਕਸਰਤ ਕਰਨਾ, ਭਜਨ ਸਿਮਰਨ ਕਰਨਾ ਇਸ ਸਭ ਕੁਝ ਨਾਲ ਜੀਵਨ ਸੁਚੱਜੇ ਢੰਗ ਨਾਲ ਜੀਵਿਆ ਜਾ ਸਕਦਾ ਹੈ, ਦੇਖਣ ਵਾਲੇ ਆਏ ਸੱਜਣ ਬਹੁਤ ਸਾਰੇ ਵਿਚਾਰ ਲੈ ਕੇ ਮੁੜੇ।

ਇਸ ਡਾਕਟਰ ਦੀ ਤਰ੍ਹਾਂ ਬਹੁਤ ਸਾਰੇ ਸੱਜਣ ਆਉਂਦੇ, ਸਵਾਮੀ ਜੀ ਦੇ ਵਿਚਾਰ ਲੈ ਕੇ ਚਲੇ ਜਾਂਦੇ, ਸਵਾਮੀ ਜੀ ਨੂੰ ਪ੍ਰਸ਼ਨ ਪੁਛਦੇ ਉਨ੍ਹਾਂ ਦੀ ਸਲਾਹ ਲੈਂਦੇ ਤੇ ਚਲੇ ਜਾਂਦੇ। ਆਉਣ ਵਾਲਿਆਂ ਵਿਚ ਹਰ ਤਰ੍ਹਾਂ ਦੇ ਲੋਕ ਹੁੰਦੇ, ਫਿਲਮੀ ਸਿਤਾਰੇ, ਸਿਆਸਤਦਾਨ, ਵਿਗਿਆਨਕ, ਮਜ਼ਹਬੀ ਆਗੂ, ਪੱਤਰਕਾਰ, ਵੱਡੇ ਵੱਡੇ ਵਪਾਰੀ, ਸਾਰੇ ਸਵਾਮੀ ਜੀ ਦਾ ਗਿਆਨ ਲੈਣ ਆਉਂਦੇ। ਮੈਨੂੰ ਬਹੁਤ ਗੁੱਸਾ ਆਉਂਦਾ, ਕਦੀ ਵੀ ਕਿਸੇ ਨੇ ਜਾ ਕੇ ਧੰਨਵਾਦ ਦਾ ਪੱਤਰ ਨਹੀਂ ਲਿਖਿਆ। ਨਾ ਹੀ ਕਦੀ ਕੋਈ ਵਾਪਸ ਦੱਸਣ ਆਇਆ ਕਿ ਉਸ ਨੇ ਬਹੁਤ ਕੁਝ ਸਿਖਿਆ ਤੇ ਕਮਾਇਆ ਜਾਂ ਕਦੀ ਕਿਸੇ ਨੇ ਕੁਝ ਭੇਜਿਆ ਹੋਵੇ। ਸਵਾਮੀ ਜੀ ਨੇ ਮੈਨੂੰ ਬੁਲਾਇਆ।

ਸਵਾਮੀ ਜੀ ਮੈਨੂੰ ਕਹਿਣ ਲੱਗੇ, "ਜਸਟਿਨ ਮੇਰਾ ਸਾਰਾ ਕੰਮ ਏਥੇ ਸੈਂਟਰ ਵਿਚ ਤਾਂ ਨਹੀਂ ਹੈ। ਤੁਸੀਂ ਕੀ ਸੋਚਦੇ ਹੋ ਕਿ ਮੇਰੇ ਗੁਰੂਦੇਵ ਦਾ ਕੰਮ ਕਿਸੇ ਚਾਰ ਦੀਵਾਰੀ ਵਿਚ ਬੰਦ ਕੀਤਾ ਜਾ ਸਕਦਾ ਹੈ।

ਕਈ ਵਾਰੀ ਵਿਗਿਆਨਕ ਖੋਜਕਾਰ ਸਵਾਮੀ ਜੀ ਨੂੰ ਮਿਲਣ ਆਉਂਦੇ। ਜੌਨ ਵਾਈਟ, ਸਟੈਨਿਸਲੋਵ, ਔਟੋ ਸਸ਼ਮਿਟ (Johan white, starsilov and Prof Otto Sehmilt) ਕੁਝ ਹੀ ਨਾਮ ਹਨ। ਇਕ ਖੋਜਕਾਰ ਆਇਆ ਉਹ ਮੈਨੂੰ ਖਾਸ ਤੌਰ ਤੇ ਯਾਦ ਹੈ, ਮੈਨੂੰ ਸਵਾਮੀ ਜੀ ਨੇ ਹੁਕਮ ਕੀਤਾ ਕਿ ਮੈਂ ਬੈਠ ਕੇ ਨੋਟ ਲੈ ਲਵਾਂ, ਉਹ ਸਵਾਮੀ ਜੀ ਤੋਂ ਆਉਣ ਵਾਲੀਆਂ ਆਪੱਤੀਆਂ, ਬਿਪਤਾਵਾਂ ਬਾਰੇ ਪੁਛ ਰਿਹਾ ਸੀ। ਉਸ ਨੇ ਭੁਚਾਲਾਂ ਬਾਰੇ ਪੁਛਿਆ, ਅੱਗ ਬਾਰੇ, ਮੌਸਮਾਂ ਬਾਰੇ, ਅਕਾਲ ਅਨਾਜ ਦੀ ਕਮੀ ਬਾਰੇ, ਜਿੰਨੀਆਂ ਵੀ ਕੁਦਰਤੀ ਬਿਪਤਾ ਹੋ ਸਕਦੀਆਂ ਹਨ। ਸਾਰਿਆਂ ਬਾਰੇ ਪੁਛਿਆ, ਸਵਾਮੀ ਜੀ ਨੇ ਸਮਾਧੀ ਲਗਾ ਲਈ ਤੇ ਜੋ ਕੁਝ ਪੁਛਦਾ ਰਿਹਾ, ਸਵਾਮੀ ਜੀ ਦੱਸੀ ਗਏ, ਜਿਵੇਂ ਉਹ ਦੇਖ ਕੇ ਬੋਲ ਰਹੇ ਹੋਣ। ਜਦੋਂ ਉਹ ਖੋਜਕਾਰ ਚਲਾ ਗਿਆ, ਸਵਾਮੀ ਜੀ ਬੜੇ ਉਦਾਸ ਹੋ ਕੇ ਕਹਿਣ ਲੱਗੇ, ਬੜੇ ਦੁਖ ਦੀ ਗੱਲ ਹੈ ਕਿ ਇਸ ਨੇ ਇਹ ਨਹੀਂ ਪੁਛਿਆ ਕਿ ਇਨ੍ਹਾਂ ਆਫਤਾਂ ਨੂੰ ਰੋਕਿਆ ਕਿਵੇਂ ਜਾ ਸਕਦਾ ਹੈ ਜਾਂ ਇਨ੍ਹਾਂ ਤੋਂ ਬਚਿਆ ਕਿਵੇਂ ਜਾ ਸਕਦਾ ਹੈ।

ਇਹ ਹੋਰ ਸੱਜਣ ਆਪਣੇ ਘਰੋਂ ਉਤਰ ਦਿਸ਼ਾ ਤੋਂ ਗੱਡੀ ਚਲਾ ਕੇ ਗਲੈਨਵਿਉ ਪਹੁੰਚੇ, ਉਹ ਸਵਾਮੀ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸੀ, ਉਨ੍ਹਾਂ ਨੇ ਸਵਾਮੀ ਜੀ ਬਾਰੇ ਬਹੁਤ ਸੁਣਿਆ ਸੀ ਤੇ ਪੜ੍ਹਿਆ ਸੀ। ਉਹ ਸੈਂਟਰ ਵਿਚ ਵੜੇ ਹੀ ਤੇ ਸਵਾਮੀ ਜੀ ਨੂੰ ਮਿਲਣ ਚਲੇ ਗਏ, ਜਿਹੜੇ ਲੋਕ ਰੀਸੈਪਸ਼ਨ ਤੇ ਬੈਠੇ ਸੀ, ਉਨ੍ਹਾਂ ਨੇ ਪੁਛਿਆ ਕਿ ਕੀ ਉਨ੍ਹਾਂ ਨੇ ਟਾਇਮ ਲਿਆ ਹੋਇਆ ਹੈ।

ਉਹ ਕਹਿਣ ਲੱਗੇ, "ਨਹੀਂ ਮੇਰਾ ਜੀ ਕੀਤਾ, ਮੈਂ ਸਵਾਮੀ ਜੀ ਨੂੰ ਮਿਲ ਆਵਾਂ, ਉਹ ਮੁਸਕਰਾ ਕੇ ਕਹਿ ਰਹੇ ਸੀ ਤੇ ਮੈਂ ਸੋਚਿਆ ਉਹ ਜ਼ਰੂਰ ਮੈਨੂੰ ਮਿਲ ਹੀ ਜਾਣਗੇ।"

ਰੀਸੈਪਸ਼ਨ ਤੇ ਬੈਠੀ ਬੀਬੀ ਜ਼ਰਾ ਗੁੱਸੇ ਵਿਚ ਸੀ, ਉਹ ਕਹਿਣ ਲੱਗੀ ਕਿ ਸਵਾਮੀ ਜੀ ਨੂੰ ਇਸ ਤਰ੍ਹਾਂ ਤਾਂ ਮਿਲਿਆ ਨਹੀਂ ਜਾ ਸਕਦਾ। ਤੁਸੀਂ ਆਓ ਤੇ ਮਾਰਚ ਕਰਕੇ ਉਨ੍ਹਾਂ ਦੇ ਕਮਰੇ ਵਿਚ ਚਲੇ ਜਾਓ ਤੇ ਸਵਾਮੀ ਜੀ ਸਭ ਕੁਝ ਛੱਡ ਕੇ ਤੁਹਾਨੂੰ ਮਿਲ ਲੈਣਗੇ। ਐਨ ਉਸੇ ਸਮੇਂ ਸਵਾਮੀ ਜੀ ਬਾਹਰ ਨਿਕਲੇ ਤੇ ਉਸ ਸੱਜਣ ਨੂੰ ਉਨ੍ਹਾਂ ਨੇ ਦੇਖਿਆ ਤੇ ਕਹਿਣ ਲੱਗੇ, "ਗੁੱਡ ਈਵਨਿੰਗ, ਤੁਸੀਂ ਕਿਥੋਂ ਆਏ ਹੋ? ਤੁਹਾਡਾ ਨਾਮ ਕੀ ਹੈ?"

ਸਵਾਮੀ ਜੀ ਨੇ ਉਸ ਦੇ ਗਲੇ ਦੁਆਲੇ ਬਾਂਹ ਪਾਈ ਤੇ ਉਸ ਨੂੰ ਲੈ ਕੇ ਤੁਰ ਪਏ। ਉਸੇ ਸਮੇਂ ਉਸ ਨੂੰ ਮੰਤਰ ਦੀਕਸ਼ਾ ਦਿਤੀ ਤੇ ਸ਼ਾਮ ਦੇ ਪ੍ਰਵਚਨਾਂ ਵਿਚ ਬੈਠਣ ਲਈ ਕਿਹਾ।

ਹਾਲ ਵਿਚ ਆਉਣ ਤੋਂ ਪਹਿਲਾਂ ਉਹ ਤੇ ਸਵਾਮੀ ਵੱਖਰੇ ਵੱਖਰੇ ਹੋ ਗਏ, ਪ੍ਰਵਚਨਾਂ ਤੋਂ ਬਾਅਦ ਪੀਟਰ ਵਿਸਕੌਨਸਨ ਚਲਾ ਗਿਆ। ਜਦੋਂ ਉਹ ਜਾ ਰਿਹਾ ਸੀ ਉਹ ਸੋਚਣ ਲੱਗਾ ਮੈਂ ਤਾਂ ਸਵਾਮੀ ਜੀ ਨਾਲ ਤਿੰਨ ਮਿੰਟ ਵੀ ਨਹੀਂ ਲਗਾਏ।

ਜਦੋਂ ਉਹ ਇਹ ਸੋਚ ਹੀ ਰਿਹਾ ਸੀ, ਸਵਾਮੀ ਜੀ ਦੀ ਆਵਾਜ਼ ਉਸ ਨੂੰ ਸੁਣੀ, ਬੜੀ ਸਪਸ਼ਟ ਆਵਾਜ਼ ਸੀ। ਸਵਾਮੀ ਜੀ ਕਹਿ ਰਹੇ ਸੀ, ਮੈਂ ਤੁਹਾਡੇ ਵਿਗਿਆਨਕ ਕੰਮ ਬਾਰੇ ਜਾਣਦਾ ਹਾਂ। ਮੈਂ ਉਸ ਵਿਚ ਤੇਰੀ ਸਹਾਇਤਾ ਕਰਾਂਗਾ। ਫੇਰ ਸਵਾਮੀ ਜੀ ਨੇ ਉਸ ਨੂੰ ਦੱਸਿਆ ਕਿਵੇਂ ਕੰਮ ਕਰਨਾ ਹੈ ਤੇ ਕੀ ਕਰਨਾ ਹੈ। ਉਸ ਨੂੰ ਕੰਮ ਕਰਨ ਲਈ ਗੁੱਝੀਆਂ ਸ਼ਕਤੀਆਂ ਦੀ ਦਿਸ਼ਾ ਦਿਤੀ। ਆਵਾਜ਼ ਦੀਆਂ ਗੁੱਝੀਆਂ ਸ਼ਕਤੀਆਂ ਬਾਰੇ ਦੱਸਿਆ ਤੇ ਉਸ ਨੂੰ ਟੈਕਨੌਲੌਜੀ ਤੇ ਚੇਤਨਤਾ ਬਾਰੇ ਕੰਮ ਕਰਨ ਨੂੰ ਕਿਹਾ। ਸਵਾਮੀ ਜੀ ਦੀ

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

***ਡਾ. ਭਾਈ ਵੀਰ ਸਿੰਘ ਜੀ***

## 13.

***ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥***
***ਪੰਨਾ - 1286***

ਇਕ ਦਿਨ ਬਾਬਾ ਖੂਹ ਤੇ ਬੈਠਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਦੁਪਹਿਰਾਂ ਦਾ ਵੇਲਾ ਤੇ ਵਿਸਾਖ ਦੀ ਰੁੱਤ ਸੀ, ਪੱਛੋਂ ਦੀ ਸੁਹਾਵੀ ਹਵਾ ਰੁਮਕ ਰਹੀ ਸੀ ਕਿ ਗਾਮਾਂ ਮੋਚੀ ਭੱਜਾ ਆਇਆ ਤੇ ਆਖਣ ਲੱਗਾ, 'ਬਾਬਾ! ਢੇਰੀਆਂ ਕੋਲ ਮੱਕੂ ਬੱਢਾ ਪਿਆ ਈ।'

ਬਾਬਾ - ਕੌਣ ਕੌਣ ਲੜ ਪਏ ਹਨ?

ਗਾਮਾ - ਲੜੇ ਤਾਂ ਕੋਈ ਨਹੀਂ। ਉਹ ਬਾਬਾ! ਧੂਤੂ ਕਰਦੀ ਗੱਡੀ ਪੁੱਠੀ ਹੋਈ ਪਈ ਹੈ। ਹੇਠਾਂ ਇਕ ਸਾਹਿਬ ਤੇ ਮੇਮ ਤੇ ਇਕ ਗੱਡੀਵਾਨ ਪਏ ਚੂੰ ਚੂੰ ਕਰਦੇ ਹਨ। ਖੂਬ ਮੱਕੂ ਬੱਢਾ ਏ।

ਬਾਬਾ - ਫੇਰ ਤੂੰ ਕੱਢਣਾ ਸੀ?

ਗਾਮਾ - ਬਾਬਾ! ਏਹਨਾਂ ਲੋਕਾਂ ਦਾ ਕੀ ਪਤਾ ਹੈ। ਖਬਰੇ ਪਿੱਛੋਂ ਆਖ ਦੇਣ ਕਿ ਏਸ ਨੇ ਹੀ ਗੱਡ ਪਾਸੇ ਪਾਈ ਹੈ ਤੇ ਪੁਲਸ ਪਈ ਪੁੱਛੇ ਸਬੂਤ ਕਰੋ ਕਿ ਗੱਡ ਤੁਸਾਂ ਨਹੀਂ ਡੇਗੀ? ਤੇ ਜੇ ਕਿਤੇ ਮਰ ਜਾਣ ਤਾਂ ਪਈ ਚੋਰੀ ਲੱਗੇ ਕਿ ਏਹਨਾਂ ਦੇ ਖੀਸੇ ਵਿਚੋਂ ਹੀਰੇ ਕੱਢ ਲਏ ਨੇ। ਬਾਬਾ! ਮੇਰੀ ਕੌਣ ਉਗਾਹੀ ਭਰੂ ਜੋ ਮੈਂ ਤਾਂ ਨੇਕੀ ਕੀਤੀ ਸੀ? ਦੱਸ ਖਾਂ?

ਬਾਬਾ ਉਸ ਦੀ ਸੋਚ ਪਰ ਹੱਸ ਪਿਆ ਤੇ ਆਖਣ ਲੱਗਾ, 'ਗਾਮਿਆਂ! ਸੱਚ ਆਖਿਆ ਈ। ਅਸੀਂ ਲੋਕ ਅਨਪੜ੍ਹ ਸਾਂ ਪਰ ਸੱਚ ਬੋਲਦੇ ਸਾਂ। ਸਿੱਖਾਂ ਦੇ ਵੇਲੇ ਬੜੇ ਘੱਟ ਮੁਕੱਦਮੇਂ ਹੁੰਦੇ ਸਨ, ਲੋਕੀਂ ਕੂੜ ਨਹੀਂ ਸੀ ਮਾਰਦੇ ਤੇ ਪੰਚੈਤਾਂ ਵਾਲੇ ਘਰਾਂ ਵਿਚ ਨਿਬੇੜੇ ਕਰ ਦੇਂਦੇ ਸਨ। ਐਹੋ ਜਿਹੀਆਂ ਊਜਾਂ ਕੋਈ ਨਹੀਂ ਸੀ ਦੇਂਦਾ ਤੇ ਲੋਕੀਂ ਬਿਨਾਂ ਝੱਕ ਨੇਕੀਆਂ ਕਰ ਲੈਂਦੇ ਸਨ। ਹੁਣ ਤਾਂ ਕੂੜ ਹੀ ਪਰਧਾਨ ਹੋ ਗਿਆ ਹੈ। ਕੂੜ ਪਰਧਾਨ ਹੋਣ ਕਰਕੇ ਇਕ ਦੂਜੇ ਤੇ ਅਮੰਨਾਂ ਨਹੀਂ ਆਉਂਦਾ। ਸ਼ੱਕ ਤੇ ਸ਼ੁਬੇ ਭਰਮ ਤੇ ਭਰਮ ਹੀ ਪਏ ਸਭ ਨੂੰ ਖਾਂਦੇ ਹਨ। ਜਾਹ ਖਾਂ ਗਾਹ ਤੋਂ ਦੋ ਚਾਰ ਭਰਾਵਾਂ ਨੂੰ ਹਾਕ ਮਾਰ ਲਿਆ, ਵੀਰਾ! ਚੱਲੀਏ ਤੇ ਭਲਾ ਕਰੀਏ, ਓਹ ਜਾਣੇ ਅੱਗੋਂ ਮੰਦਾ ਪੱਲੇ ਪਿਆ ਤਾਂ ਸਾਡਾ ਗੁਰੂ ਰਾਖਾ।'

ਗੱਲ ਕੀ ਪੰਜ ਸੱਤ ਜਣੇਂ ਕੱਠੇ ਹੋ ਕੇ ਗਏ। ਅੱਗੇ ਵਾਹਣ ਦੇ ਵਿਚ ਮੋਟਰਕਾਰ ਢੱਠੀ ਪਈ ਸੀ, ਹੇਠਾਂ ਇਕ ਸਾਹਿਬ ਜੀ ਤੇ ਇਕ ਮੇਮੜੀ ਜੇਹੀ ਤੇ ਇਕ ਕਾਲਾ ਧੂਤ ਕ੍ਰਾਂਟਾ ਜੇਹਾ ਦਬੇ ਪਏ ਸਨ। ਉਂਞ ਉਹ ਮੋਟਰ ਦੇ ਪੁਲਾੜ ਵਿਚ ਸਨ, ਹਵਾ ਲਗਦੀ ਸੀ, ਪਰ ਘੁੱਟੇ ਨੱਪੇ ਐਸੇ ਪਏ ਸਨ ਕਿ ਨਿਕਲ ਨਹੀਂ ਸਨ ਸਕਦੇ।

ਪੰਜਾਂ ਸੱਤਾਂ ਆਦਮੀਆਂ ਨੇ 'ਧੂਤੂ ਗੱਡੀ' ਨੂੰ ਇਕ ਪਾਸਿਓਂ ਚਾਇਆ ਤੇ ਤ੍ਰੈ ਬੰਦੇ ਹੇਠੋਂ ਕੱਢੇ। ਤਿੰਨਾਂ ਨੂੰ ਸੱਟਾਂ ਲਗੀਆਂ ਸਨ, ਜ਼ਖਮ ਸਨ, ਪਰ ਤਤਫੱਟ ਮਾਰੂ ਸੱਟ ਕੋਈ ਨਹੀਂ ਸੀ। ਉਂਞ ਚਿਹਰੇ ਪੀਲੇ ਡੱਡ ਹੋ ਰਹੇ ਸਨ ਤੇ ਦਮ ਜ਼ਰਾ ਘੁਟ ਘੁਟ ਕੇ ਆ ਰਿਹਾ ਸੀ। ਜ਼ਨਾਨੀ ਤਾਂ ਨੀਮ ਬਿਹੋਸ਼ ਸੀ ਤੇ ਮਰਦ ਸਿਸਕਦੇ ਪਰ ਹੋਸ਼ ਵਿਚ ਸੀ ਬਾਬੇ ਹੁਰੀਂ ਇਨ੍ਹਾਂ ਦੀ ਦਾਰੀ ਤੇ ਆਰਾਮ ਦਾ ਫਿਕਰ ਕਰ ਰਹੇ ਸਨ ਕਿ ਏਨੇਂ ਨੂੰ ਇਕ ਵਾਹਰ ਆ ਗਈ, ਮੋਢੇ ਡਾਂਗਾਂ ਰਖੀਆਂ ਹੋਈਆਂ ਤੇ ਕੂਕਦੇ ਆ ਰਹੇ ਸਨ, "ਮਾਰੋ ਮਾਰੋ ਮਾਰੋ, ਜਾਣਾ ਨਾ ਪਾਵੇ, ਅੰਤ ਦੇਖੋ 'ਧੁਤੂ ਗੱਡੀ' ਢੈ ਪਈ ਜੇ 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ।" ਜਦ ਇਹ ਬਾਉਲੀ ਹੋਈ ਭੀੜ ਨੇੜੇ ਆਈ ਤਾਂ ਬਾਬਾ ਤਾੜ ਗਿਆ ਕਿ ਧੁਤੂ ਗੱਡੀ ਦੇ ਸਵਾਰਾਂ ਦੀ ਸੁੱਖ ਨਹੀਂ ਤੇ ਜੇ ਹੁਣ ਕੋਈ ਮਾਰਿਆ ਗਿਆ ਤਾਂ ਗਾਮੇਂ ਦੀ ਗੱਲ ਸੱਚ ਹੋਊ, ਸਾਰੇ ਬੱਧੇ ਜਾਣਗੇ, ਅਗੋਂ ਹੈ ਟੋਪੀ ਵਾਲਾ, ਅਨਰਥ ਹੀ ਹੋ ਜਾਊ। ਸਚੀ ਮੁਚੀਂ ਮੈਨੂੰ ਭੀ ਨੇਕੀ ਦੀ ਕੇਹੀ ਬਾਣ ਪੈ ਗਈ ਹੈ। ਸਭ ਤੋਂ ਉੱਚਾ ਕੰਮ ਵਾਹਿਗੁਰੂ ਦਾ ਸਿਮਰਨ ਹੈ, ਮੈਂ ਉਠ ਕੇ ਇਨ੍ਹਾਂ ਆਪਣੇ ਕੀਤੇ ਤੇ ਆਪਣੇ ਫੇੜੇ ਦੇ ਦੁਖ ਪਾਉਂਦੇ ਦੁਖੀਆਂ ਨੂੰ, ਇਨ੍ਹਾਂ ਦੇ ਕੀਤੇ ਫਲ ਤੋਂ, ਜੋ ਭੂੰਡਾਂ ਵਾਂਗ ਇਨ੍ਹਾਂ ਦੇ ਉਦਾਲੇ ਹੁੰਦੇ ਹਨ, ਛੁਡਾਉਣ ਟੁਰ ਪੈਂਦਾ ਹਾਂ। ਸੋ ਭੂੰਡ ਫੇਰ ਮੇਰੇ ਉਦਾਲੇ ਹੋ ਜਾਂਦੇ ਹਨ, ਪਰ ਹੱਛਾ ਵਾਹ ਵਾਹ, ਸਿੰਘ ਧਰਮ ਹੈ, ਓ ਦਿਲਾ! ਕਾਂਪ ਨਾਂ ਖਾਹ, ਤਕੜਾ ਹੋ, ਜਦ ਸਿੰਘ ਆ ਖੜੋਤਾ ਤਾਂ ਫੇਰ ਕੀ। ਤਕੜਾ ਹੋ, ਸੱਚ ਨੂੰ ਕਾਹਦਾ ਡਰ ਹੈ? ਤੇ ਸੱਚ ਪਰ ਜਾਨ ਜਾਏ ਤਾਂ ਜਾਏ। ਐਉਂ ਤਕੜੇ ਹੋ ਕੇ, ਆਪਾ ਸੰਭਾਲ ਕੇ ਬਾਬੇ ਨੇ ਵਾਹਰ ਨੂੰ ਕਿਹਾ, ਮਿਤਰੋ! ਖੜੋ ਜਾਓ, ਕਾਹਲੀ ਨਾ ਕਰੋ, ਤੁਹਾਡੀਆਂ ਢੱਕਾਂ ਕਾਬੂ ਹਨ, ਹੁਣ ਖਬਰਦਾਰ! ਡਾਂਗਾਂ ਨੀਵੀਆਂ ਕਰੋ।

ਵਾਹਰ ਵਿਚੋਂ ਇਕ - ਕੌਣ ਹੈ ਓਏ ਡਾਂਗਾਂ ਨੀਵੀਆਂ ਕਰਾਉਣ ਵਾਲਾ? ਮਾਰੋ, ਪਹਿਲੇ ਏਸੇ ਨੂੰ ਪਾਰ ਕਰੋ।

ਦੂਜਾ - ਨਾ ਓਏ, ਬਾਬਾ ਆ ਗਿਆ ਜੇ, ਬਾਬਾ।

ਤੀਜਾ - ਬਾਬਾ ਆ ਗਿਆ?

ਚੌਥਾ - ਓਏ ਸੰਭਲੋ, ਭਰਾਵੋ ਬਾਬੇ ਨੇ ਸਾਹਿਬ ਨੂੰ ਫੜ ਲਿਆ ਜੇ, ਬੱਲੇ ਓਇ ਬਾਬਾ! ਵਾਹ ਬਈ ਬਾਬਾ!

ਐਉਂ ਪਲੋ ਪਲੀ ਵਿਚ ਬਾਬੇ ਦੇ ਨਾਮ ਦੀ ਤਾਰ ਫਿਰ ਗਈ ਤੇ ਸਭ ਐਉਂ ਖੜੋ ਗਏ ਜੀਕੂੰ ਗਿੱਝੇ ਹੋਏ ਸ਼ੇਰ ਆਪਣੇ ਪਾਲੂ ਪਾਸ ਖੜੋ ਜਾਂਦੇ ਹਨ।

ਬਾਬਾ – (ਗੱਜ ਕੇ) ਭਰਾਵੋ! ਧੂਤੂ ਗੱਡੀ ਡਿੱਗ ਪਈ ਹੈ, ਵਿਚ ਚੜ੍ਹੇ ਸਾਡੇ ਪਾਸ ਹਨ। ਹੁਣ ਆਓ ਸਹਿਜ ਨਾਲ ਦੱਸੋ ਕੀ ਗੱਲ ਹੇ ਤੇ ਕੀ ਚਾਹੁੰਦੇ ਹੋ?

ਏਨੇ ਨੂੰ ਨੱਥੂ ਅਗੇ ਵਧਿਆ ਤੇ ਆਪਣਾ ਮੋਇਆ ਪੁਤਰ, ਜੋ ਅੱਠਾਂ ਕੁ ਬਰਸਾਂ ਦਾ ਸੀ, ਬਾਬੇ ਦੇ ਅੱਗੇ ਸੁੱਟ ਕੇ ਹਾਲ ਹਾਲ ਪਾਕੇ ਪਿੱਟਣ ਲੱਗ ਪਿਆ, ਆਪ ਵੇਖ ਧੂਤੂ ਗੱਡੀ ਵਾਲਾ ਮੈਨੂੰ ਅੰਨ੍ਹਾਂ ਕਰ ਆਇਆ ਹੈ। ਇੰਨੇ ਨੂੰ ਇਕ ਹੋਰ ਘਸੀਟਾ ਅੱਗੇ ਵਧਿਆ, ਕਹਿਣ ਲੱਗਾ। 'ਮੇਰੇ ਪੁਤਰ ਦੀ ਟੰਗ ਵੱਢ ਆਇਆ ਜੇ'। ਪਿੱਛੋਂ ਇਕ ਕਸਾਈ ਹੱਥ ਛੁਰੀ ਲਈ ਆ ਗਿਆ, 'ਮੇਰੀਆਂ ਬੱਕਰੀਆਂ ਨੂੰ ਪਿੰਜਾਂ ਹੇਠ ਰਗੜ ਕੇ ਨਾਸ਼ ਕਰ ਆਇਆ ਜੇ।

ਹੁਣ ਬਾਬੇ ਨੇ ਗੱਲ ਸਮਝ ਲਈ। ਬੜੀ ਮੁਸ਼ਕਲ ਦਾ ਮਾਮਲਾ ਆ ਗਿਆ। ਇਹ ਵਾਹਰ ਦੂਸਰੇ ਪਿੰਡ ਦੀ ਹੈ। ਆਪਣਾ ਪਿੰਡ ਹੁੰਦਾ ਤਾਂ ਬਾਬਾ ਛੇਟੀ ਨਜਿੱਠ ਲੈਂਦਾ। ਭਾਵੇਂ ਦੂਜੇ ਪਿੰਡ ਵਾਲੇ ਵੀ ਬਾਬੇ ਦਾ ਮਾਣ ਰੱਖਦੇ ਹਨ ਪਰ ਫਿਰ ਬੀ ਬਾਬਾ ਸੋਚੀ ਪਾ ਗਿਆ। ਪਲ ਮਗਰੋਂ ਕਹਿਣ ਲੱਗਾ, 'ਆਲਾ ਸਿੰਘਾ ਲੰਬਰਦਾਰਾ! ਬਈ ਹੁਣ ਦੱਸ ਜੋ ਸਾਡੇ ਭਰਾ ਕੀ ਕਰਨਾ ਲੋੜਦੇ ਹਨ?'

ਆਲਾ ਸਿੰਘ – ਮੈਂ ਕੀ ਦੱਸਾਂ? ਮੇਰੀ ਤਾਂ ਅੱਜ ਲੰਬਰਦਾਰੀ ਗਈ। ਓਧਰ ਉਹ ਸਾਹਿਬ ਹਨ, ਜੇ ਉਹਨਾਂ ਦਾ ਵਾਲ ਵਿੰਗਾ ਹੋ ਗਿਆ ਤਾਂ ਸਰਕਾਰ ਨੇ ਮੈਨੂੰ ਨਹੀਂ ਛੱਡਣਾ। ਏਧਰ ਭਰਾਵਾਂ ਦੇ ਜਿਗਰ ਵੱਢੇ ਗਏ ਹਨ, ਇਹ ਮੇਰੀ ਇਕ ਨਹੀਂ ਸੁਣਦੇ ਸਗੋਂ ਮਾਰਨ ਨੂੰ ਤਿਆਰ ਹਨ।

ਨੱਥੂ – ਫੇਰ ਜੇ ਸਾਡੇ ਪੁੱਤ ਮੋਇਆ ਭੀ ਤੇਰਾ ਕਾਲਜਾ ਨਹੀਂ ਪਾਟਦਾ ਤਾਂ ਤੈਨੂੰ ਅਸਾਂ ਵੱਢ ਕੇ ਨੀਂਹ ਹੇਠਾਂ ਦੇਣਾ ਹੈ?

ਬਾਬਾ – ਵੀਰਾ ਨੱਥਿਆ! ਜੇਰਾ ਕਰ, ਭਰਾਵਾ! ਤੇਰਾ ਕਾਲਜਾ ਨਹੀਂ ਪਾਟਾ, ਸਾਡਾ ਪਾਟਾ ਹੈ, ਤੇਰਾ ਪੁੱਤਰ ਨਹੀਂ ਮੌਇਆ ਸਾਡਾ ਮਾਇਆ ਹੈ, ਅਸੀਂ ਭਰਾ ਜੋ ਹੋਏ, ਆਲਾ ਸਿੰਘ ਨੂੰ ਤੂੰ ਕੋਈ ਦੁਪਰਿਆਰਾ ਹੈਂ? ਜੇਹਾ ਤੇਰਾ ਪੁੱਤ ਤੇਰਾ ਤੇਹਾ ਆਲਾ ਸਿੰਘ ਦਾ।

ਨੱਥੂ – ਤੇਰੇ ਬਚੜੇ ਜੀਉਣ, ਚਾਲੀ ਸੇਰੀ ਗੱਲ ਕੀਤੀ । ਹੁਣ ਤੇਰਾ ਭਲਾ ਹੋਵੇ, ਇਨ੍ਹਾਂ ਨੂੰ ਮੇਰੇ ਅੱਗੇ ਰੱਖ, ਮੈਂ ਇਨ੍ਹਾਂ ਤ੍ਰੈਆਂ ਨੂੰ ਮਾਰ ਲਵਾਂ ਤੇ ਪੁੱਤ੍ਰ ਦੇ ਨਾਲ ਚਾਰ ਲੋਥਾਂ ਕੱਠੀਆਂ ਦਫਨਾਵਾਂ। ਬੱਸ ਬਾਬਾ ਠੰਢ ਪਾ ਦੇਹ।

ਬਾਬਾ – ਪੁੱਤ੍ਰ! ਹੋਊ ਤਾਂ ਖਬਰੇ ਏਸੇ ਤਰ੍ਹਾਂ ਕਿ ਰਤਾ ਘੱਟ ਵੱਧ, ਕਿਉਂਕਿ ਰਾਜੇ ਦਾ ਨਿਆਂ ਇਹੋ ਹੈ ਕਿ ਖੂਨੀ ਖੂਨ ਦੇ ਬਦਲੇ ਆਪਣੀ ਜਾਨ ਦੇਂਦਾ ਹੈ, ਪਰ ਪਲ ਭਰ ਇਕ ਗੱਲ ਸੋਚ ਲੈ ਕਿ ਹੁਣ ਬਦਲਾ ਲੈਣਾ ਹਈ ਕਿ ਪਲ ਠਹਿਰ ਕੇ?

ਨੱਥੂ – ਹੁਣੇ।

ਗਾਮਾ – ਹੁਣੇ।

ਘਸੀਟਾ – ਹੁਣੇ।

ਬਾਬਾ – ਵੀਰੋ! ਰਤਾ ਸੋਚ ਕਰ ਲਓ।

ਘਸੀਟਾ – ਕੋਈ ਸੋਚ ਨਹੀਂ। ਬਾਬਾ! ਢਿੱਲ ਨਾਂ ਕਰ।

ਬਾਬਾ – ਹੁਣ ਇਹ ਦੋਸ਼ੀ ਹਨ ਤੇ ਤੁਸੀਂ ਬੇਦੋਸ਼ ਹੋ ਜਿਨ੍ਹਾਂ ਪਰ ਜ਼ੁਲਮ ਹੋਇਆ ਹੈ, ਜੇ ਤੁਸੀਂ ਹੁਣ ਆਪ ਇਨ੍ਹਾਂ ਨੂੰ ਡੰਡ ਦੇ ਦਿੱਤਾ ਤਾਂ ਤੁਸੀਂ ਨਾਲ ਦੋਸ਼ੀ ਹੋ ਜਾਓਗੇ, ਫੇਰ ਸਰਕਾਰੇ ਇਨ੍ਹਾਂ ਨੂੰ ਭੀ ਡੰਡ ਮਿਲੂ ਤੇ ਤੁਸਾਨੂੰ ਭੀ।

ਨੱਥੂ – ਦੇਖੀ ਜਾਊ। ਹੱਥੋਂ ਹੱਥ ਨਬੇੜੇ। ਬਾਬਾ – ਸੋਚਾਂ ਨਾ ਸੋਚ। ਹੁਣ ਵੇਲਾ ਏ, ਪਿੱਛੋਂ ਟੋਪੀ ਵਾਲੇ ਨੂੰ ਕਿਨ੍ਹੇ ਕੁਛ ਆਖਣਾ ਏ? ਇਹ ਵੇਲਾ ਫੇਰ ਹੱਥ ਨਹੀਂ ਆਉਣਾ। ਕੱਢ ਲੈਣ ਦੇਹ ਜੀਅ ਦਾ ਗੁੰਮਰ।

ਬਾਬਾ – ***"ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ॥***

***ਪੰਨਾ – 918***

ਜੇ ਤੁਸੀਂ ਨਿਆਂ ਕਰਾਉਣਾ ਹੈ ਤਾਂ ਸਰਕਾਰ ਤੋਂ ਕਰਾਓ, ਜੋ ਤੁਸੀਂ ਸਲਾਮਤ ਰਹੋ ਤੇ ਦੋਸ਼ੀ ਨੂੰ ਡੰਡ ਮਿਲੇ। ਜੋ ਮਰ ਚੁਕੇ ਹਨ ਓਹ ਕਿਸੇ ਭੀ ਤਰ੍ਹਾਂ ਜੀਉ ਨਹੀਂ ਸਕਦੇ। ਮੈਂ ਤੁਹਾਡੀ ਸਲਾਮਤੀ ਲਈ ਆਖਦਾ ਹਾਂ। ਜੋ ਮਰੇ ਸੋ ਭਾਣਾ ਵਰਤ ਗਿਆ, ਹੁਣ ਤੁਸੀਂ ਨਾਲ ਕਿਉਂ ਮਰਦੇ ਹੋ?

ਘਸੀਟਾ – ਸਾਡੀ ਕੌਣ ਸੁਣੇਗਾ?

ਬਾਬਾ – ਜਦੋਂ ਸਾਰਾ ਪਿੰਡ ਇਕੋ ਉਗਾਹੀ ਦੇਵੇਗਾ ਤਦ ਸਰਕਾਰ ਕੀ ਕਰੇਗੀ? ਐਵੇਂ ਛੱਡ ਦੇਵੇਗੀ?

ਗਾਮਾ – ਬਾਬਾ – ਗੱਲ ਜਦ ਸ਼ਹਿਰੀਂ ਜਾ ਵੜੀ ਤੇ ਲੰਮੇ ਲੰਮੇ ਟੋਪਾਂ ਵਾਲੇ ਬਲਿਸ਼ਟਰ ਬੋਰੀਆਂ ਦੰਮਾਂ ਦੀਆਂ ਲੈ ਕੇ ਆ ਗਏ ਤਾਂ ਧੂਤੂ ਗੱਡੀ ਵਾਲੇ ਬਰੀ!

ਬਾਬਾ – ਉਗਾਹੀ ਕਿਸ ਦੀ ਲੈਣਗੇ?

ਗਾਮਾ – ਸਾਡੀ।

ਬਾਬਾ – ਤੁਸੀਂ ਕੂੜ ਬੋਲੋਗੇ?

ਗਾਮਾ – ਸਾਰਾ ਪਿੰਡ ਇਕ ਆਵਾਜ਼ ਬੋਲੇਗਾ।

ਬਾਬਾ – ਫੇਰ ਬਲਿਸ਼ਟਰ ਕੀ ਕਰ ਲੈਣਗੇ?

ਨੱਥੂ – ਹਾਇ ਰੱਬਾ! ਹੁਣ ਫੇਰ ਕੀ ਕਰੀਏ?

ਬਾਬਾ – ਮੈਥੋਂ ਪੁਛਦੇ ਹੋ?

ਨੱਥੂ – ਹੋਰ ਕਿਸ ਤੋਂ ਪੁੱਛੀਏ? (ਕਲੇਜੇ ਮੁੱਕੀ ਮਾਰ ਕੇ) ਹਾਇ ਮੇਰੇ ਲਾਲ! ਹਾਇ ਓਏ ਰੱਬਾ!

ਬਾਬਾ – ਜੇ ਤਾਂ ਵੱਡਾ ਜੇਰਾ ਕਰੋ, ਤਾਂ ਮਾਫ ਕਰੋ। ਹੋਣਹਾਰ ਹੋ ਗਈ। ਬਦਲੇ ਲੀਤਿਆਂ ਕੋਈ ਮੋਏ ਜੀਉਂ ਨਹੀਂ ਪੈਣੇ, ਸਾਨੂੰ ਠੰਢ ਨਹੀਂ ਪੈਣੀ। ਤੇ ਜੇ ਮਾਫ ਨਾ ਕਰੋ, ਤਾਂ ਧਰਮ ਨਿਆਂ ਦਾ ਰਸਤਾ ਫੜੋ। ਠਾਣੇ ਜਾਓ, ਰਪੋਟ ਲਿਖਾਓ ਢੱਕਾਂ ਨੂੰ ਨਾਲ ਲੈ ਜਾਓ, ਚਾਹੇ ਮੇਰੇ ਕੋਲ ਛੱਡ ਜਾਓ, ਮੈਂ ਮਜਾਲ ਹੈ ਇਹਨਾਂ ਨੂੰ ਇਕ ਕਦਮ ਪੁੱਟਣ ਦਿਆਂ। ਠਾਣਾ ਚਲਾਨ ਕਰੇਗਾ, ਤੁਸੀਂ ਉਗਾਹੀਆਂ ਦੇਣੀਆਂ, ਇਨ੍ਹਾਂ ਨੂੰ ਡੰਡ ਮਿਲੇਗਾ ਕੈਦ, ਕਾਲੇ ਪਾਣੀ, ਫਾਂਸੀ, ਜਿੱਦਾਂ ਦਾ ਅਪਰਾਧ ਸਾਬਤ ਹੋਊ।

ਖੈਰਾ – ਬਾਬਾ! ਤੂੰ ਠੰਢਾ ਘੜਾ, ਆਪਣੇ ਪਿੰਡ ਨੂੰ ਬੀ ਤੂੰ ਖੱਸੀ ਕਰ ਘੱਤਿਆ ਤੇ ਅੱਜ ਸਾਨੂੰ ਵੀ ਅੰਦਰਾਣੀ ਘੋਟ ਪਿਲਾਈ ਹਈ। ਕੇਹੀਆਂ ਬਰਫ ਦੀਆਂ ਢੀਮਾਂ ਸੱਟੀਆਂ ਨੀ, ਸਾਡੇ ਰੋਹ ਦੇ ਭਾਂਬੜ ਨੂੰ ਨਾਸ਼ ਕਰ ਦਿੱਤਾ ਹਈ? ਚੜ੍ਹੇ ਰੰਗ ਵਿਚ ਜਰਵਾਣਿਆਂ ਦਾ ਲਹੂ ਪੀ ਲੈਂਦੇ, ਠੰਢ ਪੈ ਜਾਂਦੀ। ਹੁਣ ਸਾਰਿਆਂ ਨੂੰ ਸੋਚੀਂ ਪਾ ਦਿੱਤਾ ਈ, ਸਾਰੇ ਪਏ ਮੇਮਣਿਆਂ ਵਾਂਙੂ ਤੱਕਦੇ ਹਨ, ਉਠ ਕੇ ਗਿੱਚੀਆਂ ਨਹੀਂ ਨੱਪ ਦੇਂਦੇ।

ਬਾਬਾ – ਆਉਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ ਹੈ।

ਖੈਰਾ – ਹੁਣੇ ਲੱਗ ਗਿਆ ਹੈ ਕਿ ਬੱਕਰੀਆਂ ਬਣਾ ਛੋੜਿਆ ਈ। ਹੁਣ ਦੱਸ ਕੀ ਕਰੀਏ?

ਇਸ ਤਰ੍ਹਾਂ ਦੀਆਂ ਗੱਲਾਂ ਬਾਤਾਂ ਵਿਚ ਦੂਰੋਂ ਧੂੜ ਦਿੱਸੀ ਤੇ ਸਭ ਦੇ ਧਿਆਨ ਓਧਰੇ ਹੋ ਗਏ। ਗੱਲ ਇਹ ਸੀ ਕਿ ਪਿੰਡ ਦੇ ਕਿ ਜੁਲਾਹੇ ਨੇ ਇਹ ਜਾਣ ਕੇ ਕਿ ਲੋਕੀ ਇਕ ਸਾਹਿਬ ਨੂੰ ਮਾਰਨ ਚੱਲੇ ਹਨ, ਅੱਬਲ ਤਾਂ ਇਹ ਵਾਹਰ ਧੂਤੂ ਗੱਡੀ ਨੂੰ ਅੱਪੜਣ ਨਹੀਂ ਲੱਗੀ ਪਰ ਜੇ ਕਿਤੇ ਜਾ ਭੀ ਮਿਲੇ ਤਾਂ ਸਾਰਾ ਪਿੰਡ ਮਾਰਿਆ ਜਾਊ ਤੇ ਜੇ ਮੈਂ ਠਾਣਾਂ ਲੈ ਆਵਾਂ ਤੇ ਵੇਲੇ ਸਿਰ ਅਪੜਾ ਦਿਆਂ ਤੇ ਸਾਹਿਬ ਬਚ ਜਾਏ ਤਾਂ ਖਬਰੇ ਮੁਰੱਬੇ ਲੱਭ ਜਾਣ, ਮੈਂ ਭੀ ਰੱਛ ਪੈੜੇ ਖੱਡੀਆਂ ਛੱਡ ਕੇ ਜ਼ਿਮੀਦਾਰ ਬਣ ਜਾਵਾਂ।

ਸੋ ਇਹ ਇਕ ਘੋੜੀ ਲੈ ਕੇ ਆਪਣੇ ਪਿੰਡ ਦੇ ਠਾਣੇ ਵੱਲ ਗਿਆ ਸੀ ਤੇ ਉਥੋਂ ਸਾਂਢਣੀਆਂ ਤੇ ਚੜ੍ਹ ਕੇ ਗਾਰਦ ਭੱਜੀ ਆ ਰਹੀ ਸੀ। ਜਿਸ ਵੇਲੇ ਪੁਲਸ ਪਹੁੰਚੀ, ਅਜੇ ਸਾਰੇ ਓਥੇ ਹੀ ਸਨ। ਠਾਣੇਦਾਰ ਨੇ ਬਾਬੇ ਨੂੰ ਡਿੱਠਾ ਤੇ ਤਾੜ ਗਿਆ ਕਿ ਏਸ ਸੋਹਣੇ ਮਨੁੱਖ ਨੇ ਕੋਈ ਸੁਹਣੀ ਗੱਲ ਕੀਤੀ ਹੋਊ। ਸੋ ਉਸ ਨੇ ਸਾਰਾ ਹਾਲ ਬਾਬੇ ਦੀ ਜ਼ਬਾਨੀ ਸੁਣ ਲਿਆ। ਫੇਰ ਹੋਰਨਾਂ ਨੂੰ ਪੁੱਛਿਆ, ਜਾਂ ਸਭ ਦੀ ਉਗਾਹੀ ਇਕੋ ਨਿਕਲੀ ਤਾਂ ਉਸ ਨੇ ਰਪਟ ਲਿਖ ਲਈ ਤੇ ਆਖਿਆ, ਕਿ ਹੁਣ ਮੈਂ ਸਾਹਿਬ ਜੀ ਤੋਂ ਹਾਲ ਪੁੱਛਾਂ।

ਸਾਹਿਬ ਜੀ ਹੁਣ ਰੂੰ ਵਰਗੇ ਚਿੱਟੇ ਹੋ ਰਹੇ ਸਨ। ਓਹ ਬਾਬੇ ਤੇ ਗੁੱਸੇ ਭਰੇ ਜ਼ਿਮੀਦਾਰਾਂ ਦੀਆਂ ਗੱਲਾਂ ਤੋਂ ਕੰਬ ਰਹੇ ਸਨ ਕਿ ਹੁਣ ਬਚਣਾ ਔਖਾ ਹੈ, ਪੁਲਸ ਆਈ ਵੇਖ ਕੇ ਕੁਝ ਢਾਰਸ ਬੱਝੀ, ਪਰ ਕਲੇਜਾ ਉਵੇਂ ਕੰਬ ਰਿਹਾ ਸੀ। ਇਕ ਖੂਨ ਹੋਏ, ਦੂਜੇ ਮੋਟਰ ਤੋਂ ਢੱਠੇ, ਸੱਟਾਂ ਖਾਧੀਆਂ, ਤੀਜੇ ਜਾਨ ਜੋਖੋਂ ਪਈ ਸੀ। ਖੈਰ! ਪੁਲਸ ਨੇ ਜਦ ਨਾਮ ਹੁਲੀਆ ਲਿਖਿਆ ਤਾਂ ਪਤਾ ਲੱਗਾ ਕਿ ਆਪ ਮਾਧੋ ਦਾਸ ਹਿੰਦੂ ਹਨ, ਬਰਿਸਟਰ ਹਨ, ਯੂਰਪੀਨ ਨਹੀਂ, ਐਵੇਂ ਵਲੈਤ ਗਏ ਟੋਪੀ ਪਾਉਣੀ ਸਿੱਖ ਆਏ ਹਨ। ਠਾਣੇਦਾਰ ਦਾ ਜੋਸ਼ ਤਾਂ ਹੁਣ ਮੱਧਮ ਪੈ ਗਿਆ, ਤੇ ਤਫਤੀਸ਼ ਦਾ ਫਰਜ਼ ਪੂਰਾ ਕਰਨ ਲੱਗੇ। ਸਾਰੀ ਗੱਲ ਲਿਖ ਲਿਖਾ ਕੇ ਆਪ ਨੇ ਬੈਰਿਸਟਰ ਜੀ ਨੂੰ ਕਿਹਾ ਕਿ ਆਪ ਨੂੰ ਠਾਣੇ ਲੈ ਚੱਲਣਾ ਹੈ।

ਬਾਬੇ ਨੇ ਆਖਿਆ – 'ਠਾਣੇਦਾਰ ਜੀ! ਤੁਸੀਂ ਹੁਣ ਏਨ੍ਹਾਂ ਨੂੰ ਕੀ ਕਰੋਗੇ?'

ਠਾਣੇਦਾਰ – ਲੋਥਾਂ, ਵਾਰਸ ਤੇ ਮੁਲਜ਼ਮ, ਸਾਰੇ ਹਸਪਤਾਲ ਘੱਲੇ ਜਾਣਗੇ।

ਬਾਬਾ – ਏਹ ਸਾਰੇ ਫੱਟੜ ਹਨ ਤੇ ਮਰ ਰਹੇ ਹਨ, ਜ਼ਾਮਨੀ ਤੇ ਛੱਡ ਸਕਦੇ ਹੋ ਕਿ ਲੈ ਹੀ ਜਾਸੋ?

ਠਾਣੇਦਾਰ – ਜ਼ਾਮਨੀ ਤੇ ਛੱਡਣਾ ਔਖਾ ਹੈ।

ਬਾਬਾ – ਫੇਰ ਜੇ ਦੋ ਘੜੀਆਂ ਤੁਸੀਂ ਠਹਿਰ ਜਾਓ ਤਾਂ ਪਿੰਡੋਂ ਰੋਟੀ ਪਾਣੀ ਆ ਜਾਵੇ, ਤੁਸੀਂ ਬੀ ਛਕ ਲਓ ਤੇ ਇਹ ਸਾਡੇ ਦੁਖੀ ਭਰਾ ਭੀ ਛਕ ਲੈਣ ਤੇ ਧੂਤੂ ਗੱਡੀ ਵਾਲਿਆਂ ਨੂੰ ਵੀ ਕੁਛ ਪਾਣੀ ਧਾਣੀ ਪਿਵਾ ਦੇਈਏ, ਆਖਰ ਰੱਬ ਦੇ ਬੰਦੇ ਹਨ ਤੇ ਇਨ੍ਹਾਂ ਤੋਂ ਮੂਰਖਤਾ ਹੋਈ ਹੈ, ਹੋਰ ਕੋਈ ਬੰਦੇ ਮਾਰਨ ਤਾਂ ਏਹ ਸ਼ਹਿਰੋਂ ਨਹੀਂ ਸਨ ਆਏ?

ਠਾਣੇਦਾਰ ਮੰਨੂੰ ਤਾਂ ਨਹੀਂ ਸੀ ਤੇ ਉਹ ਮਾਧੋ ਦਾਸ ਨੂੰ ਬੈਰਿਸਟਰ ਸੁਣ ਕੇ ਵੀ ਕਰੜਾਈ ਤੇ ਹੀ ਸੀ ਪਰ ਬਾਬੇ ਦੇ ਕਹਿਣ ਕਹਾਉਣ ਤੇ ਆਪਣੀ ਭੁੱਖ ਦੇ ਕਾਰਨ ਅਟਕਣਾ ਮੰਨ ਗਿਆ। ਹੁਣ ਬਾਬੇ ਦੇ ਪਿੰਡੋਂ ਰੋਟੀ, ਦੁੱਧ, ਮੱਖਣ, ਲੱਸੀ ਆ ਗਿਆ। ਸਾਰੇ ਖਾਣ ਪੀਣ ਲੱਗੇ। ਨੱਥੂ ਤੇ ਗਾਮੇ ਆਦਿਕਾਂ ਦੇ ਸੰਘੋਂ ਗ੍ਰਾਹੀ ਨ ਲਹੇ, ਪਰ ਬਾਬੇ ਨੇ ਪਿਆਰ ਦੇ ਦੇ ਕੇ ਥੋੜਾ ਅੰਨ ਪਾਣੀ ਖੁਆਇਆ। ਉਧਰ ਬਾਬੇ ਦੇ ਪੁੱਤ ਤੇ ਹੋਰਨਾਂ ਨੇ ਮੋਟਰ ਵਾਲਿਆਂ ਦੇ ਜ਼ਖਮ ਪਾਣੀ ਵਿਚ ਫਟਕੜੀ ਪਾ ਕੇ ਧੋਤੇ ਤੇ ਘਿਉ ਵਿਚ ਹਲਦੀ ਸਾੜਕੇ ਫੇਹੇ ਧਰ ਕੇ ਬੰਨ੍ਹ ਦਿਤੇ ਤੇ ਗਰਮ ਦੁੱਧ ਪਿਲਾਇਆ।

ਬਾਬੇ ਨੇ ਠਾਣੇਦਾਰ ਨੂੰ ਪੁਛਿਆ, 'ਠਾਣੇਦਾਰ ਜੀ! ਹੁਣ ਤੁਸੀਂ ਕੀ ਕਰੋਗੇ?' ਉਸ ਨੇ ਕਿਹਾ ਕਿ 'ਠਾਣੇ ਜਾਕੇ ਜ਼ਖਮੀਆਂ ਨੂੰ ਹਸਪਤਾਲ ਭੇਜਸਾਂ'।

ਬਾਬਾ – ਹਸਪਤਾਲ ਕਿੰਨੀ ਦੂਰ ਹੈ?

ਠਾਣੇਦਾਰ – ਪੰਦਰਾਂ ਮੀਲ ਤੇ।

ਬਾਬਾ – ਇੰਨੀ ਦੂਰ ਜ਼ਖਮੀਆਂ ਦਾ ਪਹੁੰਚਣਾ ਖਰਾ ਔਖਾ ਕੰਮ ਹੋਵੇਗਾ, ਜੇਕਰ ਤੁਸੀਂ ਮੇਰੀ ਜ਼ਾਮਨੀ ਲੈਕੇ ਫੱਟੜਾਂ ਨੂੰ ਮੇਰੇ ਪਾਸ ਛੱਡ ਦਿਓ ਤਾਂ ਏਥੇ ਸਾਡੇ ਨਾਲ ਦੇ ਪਿੰਡ ਦਾ ਡਾਕਟਰ ਬੱਗਾ ਸਿੰਘ ਦਾਰੂ ਕਰੇਗਾ, ਉਹ ਘਰ ਛੁਟੀ

(ਬਾਕੀ ਪੰਨਾ 50 ਤੇ)

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

## 15

## ਸਿੰਘਾਂ ਦਾ ਜੇਲ੍ਹ ਵਿਚੋਂ ਹਰਨ ਹੋਣਾ

ਆਈ.ਜੀ. ਇਸ ਵਾਰੀ ਜੇਲ੍ਹ ਵਿਜ਼ਿਟ (ਦੌਰੇ) ਤੋਂ ਜਾਂਦਾ ਹੋਇਆ ਇਹ ਭੀ ਲਿਖਤੀ ਆਰਡਰ ਦੇ ਗਿਆ ਸੀ ਕਿ ਜਿਨ੍ਹਾਂ ਪੁਲੀਟੀਕਲ ਪੰਜਾਬੀਆਂ ਦਾ ਅੱਛਾ ਵਰਤਾਓ ਹੈ, ਉਨ੍ਹਾਂ ਨੂੰ ਸਪੈਸ਼ਲ ਸੈਲਾਂ ਵਾਲੇ ਬਲਾਕ ਵਿਚ ਭੇਜਿਆ ਜਾਵੇ, ਜਿਥੇ ਉਹ ਦਿਨੇ ਖੁਲ੍ਹੇ ਰਿਹਾ ਕਰਨ ਅਤੇ ਖਾਸ ਖਾਸ ਨਾਉਂ ਭੀ ਲਿਖ ਗਿਆ ਸੀ ਜਿਨ੍ਹਾਂ ਨੂੰ ਜ਼ਰੂਰੀ ਤੌਰ ਤੇ ਉਨ੍ਹਾਂ ਨੰਬਰਾਂ ਵਿਚ ਰਖਣਾ ਸੀ। ਉਨ੍ਹਾਂ ਵਿਚ ਮੇਰਾ ਨਾਉਂ ਭੀ ਸੀ। ਅਤੇ ਇਨ੍ਹਾਂ ਸਾਰਿਆਂ ਦੀਆਂ ਬੇੜੀਆਂ ਲਾਹੁਣ ਦਾ ਹੁਕਮ ਭੀ ਹੋਇਆ ਅਤੇ ਮੇਰੀ ਬੇੜੀ ਤਾਂ ਆਪਣੇ ਸਾਹਮਣੇ ਹੀ ਲੁਹਾ ਗਿਆ। ਸੋ ਸਭ ਤੋਂ ਪਹਿਲਾਂ ਮੇਰੀ ਬੇੜੀ ਹੀ ਲੱਥੀ, ਅਤੇ ਲਗੀ ਭੀ ਪਹਿਲਾਂ ਹੀ ਸੀ। ਪਰੰਤੂ ਜੇਲ੍ਹਰ ਨੇ ਐਨ ਇਸ ਦੇ ਉਲਟ ਨਥਾ ਸਿੰਘ ਧੁੰਨ ਵਰਗਿਆਂ ਮਨਚਲਿਆਂ ਨੂੰ ਹੀ ਸਪੈਸ਼ਲ ਨੰਬਰ ਵਿਚ ਲੈ ਜਾਣ ਲਈ ਚੁਣਿਆ। ਜਦੋਂ ਬੁਰੇ ਦਿਨ ਆਉਂਦੇ ਹਨ ਤਾਂ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਦੇ ਸਾਜ ਸਾਜੇ ਜਾਂਦੇ ਹਨ। ਗੱਲ ਕੀ ਸਾਡੇ ਵਿਚੋਂ 19 ਸਾਥੀਆਂ ਨੂੰ ਉਸ ਸਪੈਸ਼ਲ ਨੰਬਰ ਵਿਚ ਲੈ ਗਿਆ ਅਤੇ ਇਨ੍ਹਾਂ ਸਾਰਿਆਂ ਦੀਆਂ ਬੇੜੀਆਂ ਭੀ ਲੁਹਾ ਦਿਤੀਆਂ। ਬਾਕੀਆਂ ਦੀਆਂ ਸਨੇ ਸਨੇ ਲੁਹਾਈਆਂ ਅਤੇ ਕਈਆਂ ਦੀਆਂ ਰਹਿਣ ਭੀ ਦਿਤੀਆਂ। ਪਰ ਉਨ੍ਹਾਂ ਵਿਚੋਂ ਕਿਸੇ ਨੂੰ ਭੀ ਸਪੈਸ਼ਲ ਨੰਬਰ ਵਿਚ ਨਾ ਲੈ ਗਿਆ, ਜਿਨ੍ਹਾਂ ਨੂੰ ਕਿ ਆਈ. ਜੀ. ਆਪ ਤਜਵੀਜ਼ ਕਰ ਗਿਆ ਸੀ। ਖਾਸ ਕਰ ਮੇਰੇ ਨਾਲ ਤਾਂ ਉਸ ਦਾ ਖਾਸ ਵੈਰ ਹੋ ਗਿਆ। ਹੋਰ ਭੀ ਤੰਗ ਕਰਨ ਲਗਾ। ਉਨ੍ਹਾਂ ਨੂੰ ਉਥੇ ਲਿਜਾ ਕੇ ਕੇਹੜਾ ਸੁਖ ਦਿਤਾ ਸਗੋਂ ਦੁਖੀ ਹੀ ਕੀਤਾ। ਅਸਾਡੀ ਖਾਧ ਖੁਰਾਕ ਵਿਚੋਂ ਗੱਪਰਾਂ ਖਾਣ ਲਗ ਪਿਆ। ਖਾਂਦਾ ਤਾਂ ਅਗੇ ਹੀ ਸੀ ਪਰ ਹੁਣ ਜਾਣ ਬੁਝ ਕੇ ਆਟੇ ਵਿਚ ਮਿਟੀ ਮਿਲਾ ਕੇ ਦੇਣੀ ਸ਼ੁਰੂ ਕਰ ਦਿੱਤੀ। ਪਾਣੀ ਅਗੇ ਹੀ ਹਜ਼ਾਰੀ ਬਾਗ ਦਾ ਖਰਾਬ ਸੀ। ਹੁਣ ਮਿਟੀ ਭੀ ਹੱਡਾਂ ਵਿਚ ਬੈਠਣ ਦੇ ਸਾਮਾਨ ਬਣ ਗਈ। ਜਦ ਨੱਕ ਵਿਚ ਜਾਨ ਆ ਗਈ ਤਾਂ ਸਾਡੇ ਸਭ ਸਾਥੀਆਂ ਨੇ ਦਰੋਗੇ ਨੂੰ ਖਰਾ ਸੁਆਦ ਚਖਾਉਣ ਲਈ ਠਾਣ ਲਈ। ਦਰੋਗੇ ਤੇ ਸੁਪ੍ਰੰਟੰਡੰਟ ਨੂੰ ਜ਼ਬਾਨੀ ਅਤੇ ਲਿਖਤੀ ਕਈ ਨੋਟਸ ਦਿਤੇ ਗਏ ਕਿ ਆਪਣੀਆਂ ਕਰਤੂਤਾਂ ਤੋਂ ਬਾਜ਼ ਆ ਜਾਓ ਨਹੀਂ ਤਾਂ ਪਛਤਾਓਗੇ। ਪਰ ਉਹ ਹੰਕਾਰੇ ਹੋਏ ਕਦ ਮੰਨਦੇ ਸਨ। ਓੜਕ ਆਈ.ਜੀ. ਨੂੰ ਦਰੋਗੇ ਤੇ ਸੁਪ੍ਰੰਟੰਡੰਟ ਦੇ ਰਾਹੀਂ ਇਕ ਵਿਸਥਾਰ ਪੂਰਬਕ ਸ਼ਕਾਇਤ ਨਾਮਾ ਲਿਖ ਕੇ ਦਿਤਾ ਜਿਸ ਵਿਚ ਇਹ ਭੀ ਸਪਸ਼ਟ ਕੀਤਾ ਗਿਆ ਸੀ ਕਿ ਜੇਕਰ ਆਪ ਅਜੇ ਭੀ ਦਰੋਗੇ ਹੋਰਾਂ ਨੂੰ ਐਥੋਂ ਨਹੀਂ ਬਦਲੋਗੇ ਤਾਂ ਕੋਈ ਖਾਸ ਸਾਕਾ ਵਰਤ ਜਾਏਗਾ। ਪਰ ਇਨ੍ਹਾਂ ਹੈਂਕੜ ਬਾਜ਼ਾਂ ਨੇ ਉਹ ਸ਼ਕਾਇਤ ਨਾਮਾ ਉਥੇ ਹੀ ਆਪਣੇ ਪਾਸ ਦਬਾ ਰਖਿਆ। ਆਈ.ਜੀ. ਤਾਈਂ ਪਹੁੰਚਣ ਹੀ ਨਹੀਂ ਦਿੱਤਾ। ਖਾਸਾ ਚਿਰ ਉਡੀਕ ਕੀਤੀ ਕਿ ਹੁਣ ਭੀ ਕੁਛ ਸ਼ੁਨਵਾਈ ਹੁੰਦੀ ਹੈ। ਓੜਕ ਅੱਕ ਥੱਕ ਕੇ ਸਪੈਸ਼ਲ ਬਲਾਕੀ ਅਠਾਰਾਂ ਉੱਨੀ ਸਾਥੀਆਂ ਨੇ ਹਰਨ ਹੋਣ ਦੇ ਤਿਆਰੇ ਬਜਾ ਲਏ।

## ਅਠਾਰਾਂ ਸਿੰਘਾਂ ਦਾ ਹਰਨ ਹੋਣਾ

ਇਹ ਫਰਵਰੀ 1918 ਦਾ ਜ਼ਿਕਰ ਹੈ। ਦਾਸ ਉਸ ਵੇਲੇ ਹਸਪਤਾਲ ਵਿਚ ਹੈਸੀ। ਉਥੋਂ ਹੀ ਮੇਰੀ ਸੰਮਤੀ ਲੈਣ ਲਈ ਸਪੈਸ਼ਲ ਬਲਾਕੀ ਸਾਥੀਆਂ ਵਲੋਂ ਇਕ ਗੁਪਤ ਪਤ੍ਰ ਮੇਰੇ ਪਾਸ ਪੁੱਜਾ। ਦਾਸ ਨੇ ਉਨ੍ਹਾਂ ਨੂੰ ਸਪਸ਼ਟ ਤੌਰ ਤੇ ਵਰਜ ਭੇਜਿਆ ਕਿ 'ਕਾਹਲੀ ਮਤ ਕਰੋ, ਤੇਲ ਦੇਖੋ ਤੇਲ ਦੀ ਧਾਰ ਦੇਖੋ, ਲੜਾਈ ਦਾ ਨਤੀਜਾ ਤਾਂ ਦੇਖ ਲਵੋ।' ਮੈਂ ਉਨ੍ਹਾਂ ਨੂੰ ਪੂਰਨ ਵਿਸ਼ਵਾਸ ਦਿਵਾਇਆ ਕਿ 'ਲੜਾਈ ਦੇ ਖਤਮ ਹੋ ਜਾਣ ਪਰ ਚਾਹੇ ਜਰਮਨ ਦੀ ਜੈ ਹੋਵੇ, ਚਾਹੇ ਅੰਗਰੇਜਾਂ ਦੀ, ਚਾਹੇ ਸੁਲ੍ਹਾ ਸਫਾਈ ਦੋਹਾਂ ਧਿਰਾਂ ਦੀ ਹੋ ਜਾਵੇ, ਹਰ ਹਾਲਤ ਵਿਚ ਸਾਡੇ ਵਿਚੋਂ ਬਹੁਤ ਸਾਰੇ ਸੱਜਣ ਰਿਹਾ ਹੋ ਜਾਣਗੇ। ਕੋਈ ਵਿਰਲਾ ਵਾਂਜਾ ਹੀ ਭਾਵੇਂ ਰਹਿ ਜਾਵੇ। ਔਖੇ ਸੌਖੇ ਹੋ ਕੇ ਲੜਾਈ ਦਾ ਨਤੀਜ ਤਾਂ ਦੇਖੋ, ਫੇਰ ਤੁਸਾਡੀਆਂ ਖੁਲ੍ਹੀਆਂ ਵਾਗਾਂ ਹਨ। ਪਰੰਤੂ ਹਰ ਹਾਲਤ ਵਿਚ ਭਗੌੜੇ ਹੋਕੇ ਰਹਿਣ ਦੀ ਜ਼ਿੰਦਗੀ ਨਾਲੋਂ ਤਾਂ ਰਣ ਜੂਝਣ ਦੀ ਜ਼ਿੰਦਗੀ ਜ਼ਿਆਦਾ ਸੋਭਨੀਕ ਹੈ।' ਪਰ ਉਹ ਕਾਹਲੇ ਪਏ ਹੋਏ ਕਦੋਂ ਮੰਨਦੇ ਸਨ? ਬੰਗਾਲੀ ਨਜ਼ਰਬੰਦ ਦੇਸ਼ ਭਗਤਾਂ ਵਲੋਂ ਭੀ ਦਾਸ ਪਾਸ ਸੰਦੇਸਾ ਆਇਆ ਕਿ ਹੋਲੇ ਮਹੱਲੇ ਤਾਈਂ ਉਨ੍ਹਾਂ ਨੂੰ ਜ਼ਰੂਰ ਅਟਕਾਓ। ਫੇਰ ਬਾਹਰ ਦੀ ਹਾਲਤ ਦੇਖ ਕੇ ਅਧਿਕ ਵੀਚਾਰ ਕੀਤੀ ਜਾਵੇਗੀ। ਦਾਸ ਨੇ ਬੰਗਾਲੀ ਨਜ਼ਰਬੰਦ ਸੱਜਣਾਂ ਦਾ ਇਹ ਸੰਦੇਸਾ ਵੀ ਉਨ੍ਹਾਂ ਨੂੰ ਪੁਚਾ ਦਿਤਾ ਅਤੇ ਦਾਸ ਨੂੰ ਖਿਆਲ ਸੀ ਕਿ ਉਹ ਬਿਨਾਂ ਪੂਰਨ ਸਰਬ ਸੰਮਤੀ ਦੇ ਹਰਨ ਹੋਣ ਦੀ ਕਾਹਲੀ ਨਹੀਂ ਕਰਨਗੇ। ਪ੍ਰੰਤੂ ਯੂ.ਪੀ. ਦੇ ਇਕ ਰਾਜਸੀ ਕੈਦੀ ਰਾਜਪੂਤ ਕੇਸਰੀ ਸਿੰਘ ਨੇ ਭਾਈ ਹੀਰਾ ਸਿੰਘ ਨੂੰ ਬੋਲੀ ਮਾਰ ਦਿਤੀ ਕਿ ਕਹਿਣਾ ਹੀ ਸੁਖਾਲਾ ਹੈ, ਕਰ ਕੇ ਦਿਖਾਉਣਾ ਔਖਾ ਹੈ। ਇਹ ਬੋਲੀ ਸੀ ਕਿ ਬਾਣ ਸੀ। ਤਾਬੜ ਤੋੜ ਉਸੇ ਰਾਤ ਹੀ ਚੰਪਤ ਹੋਣ ਦੀਆਂ ਚੇਟਕਾਂ ਚੜ੍ਹ ਮਚੀਆਂ।

ਦਾਸ ਉਸੇ ਆਥਣ ਹਸਪਤਾਲ ਵਿਚੋਂ ਖਾਰਜ ਹੋ ਕੇ ਆਪਣੇ ਬਲਾਕ (ਪੰਜਾਬ ਸੈਲ ਬਲਾਕ ਨੰਬਰ 3) ਵਿਚ ਆ ਗਿਆ, ਪਰ ਮੈਂ ਆਪਣੇ ਜਾਣੇ ਇਹ ਧੀਰਜ ਬੰਨ੍ਹੀ ਬੈਠਾ ਹਾਂ ਕਿ ਸਪੈਸ਼ਲ ਬਲਾਕ ਵਾਲੇ ਸਾਥੀਆਂ ਦੀ ਹਰਨ ਹੋਣਵਾਲੀ ਸਲਾਹ ਹੁਣ ਜ਼ਰੂਰ ਮੱਠੀ ਹੋ ਗਈ ਹੋਣੀ ਹੈ। ਇਸ ਕਰਕੇ ਹੁਣ ਸ਼ੱਕ ਭੀ ਨਹੀਂ ਸੀ ਕਿ ਇਤਨੀ ਛੇਤੀ ਹੀ ਤਾਬੜ ਤੋੜੀ ਤਿਆਰੇ ਬਜਾਏ ਜਾਣਗੇ। ਆਥਣ ਦਾ ਪ੍ਰਸ਼ਾਦਾ ਛਕੇ ਪਸਚਾਤ ਫੇਰ ਇਕ ਉਡਦਾ ਸੰਦੇਸਾ ਜ਼ਬਾਨੀ

ਆਇਆ ਕਿ ਅੱਜ ਰਹਿਰਾਸ ਕੀਰਤਨ ਸੋਹਿਲੇ ਪਸਚਾਤ ਗੱਜ ਵੱਜ ਕੇ ਜੈਕਾਰਾ ਗਜਾਇਆ ਜਾਵੇਗਾ ਅਤੇ ਏਧਰ ਸਾਡੇ ਨਾਲ ਹੁਣੇ ਥੋੜਾ ਚਿਰ ਪਹਿਲਾਂ ਹੀ ਸੁਪ੍ਰੰਟੰਡੰਟ ਤੇ ਦਰੋਗਾ ਇਕਰਾਰ ਕਰ ਗਏ ਸਨ ਕਿ ਜੇ ਤੁਸੀਂ ਬਹੁਤ ਗੱਜ ਕੇ ਜੈਕਾਰਾ ਨਾ ਗਜਾਇਆ ਕਰੋ ਤਾਂ ਤੁਹਾਨੂੰ ਸਾਰਿਆਂ ਨੂੰ ਚਾਰ ਨੰਬਰ ਸਪੈਸ਼ਲ ਬਲਾਕ ਵਿਚ ਹੀ ਲਿਜਾ ਕੇ ਇਕੱਠੇ ਕਰ ਦੇਵਾਂਗੇ। ਸੋ ਇਸ ਖਿਆਲ ਅਨੁਸਾਰ ਕਿ ਕੱਲ੍ਹ ਨੂੰ ਤਾਂ ਸਾਰਿਆਂ ਨੇ ਇਕੱਠੇ ਹੋ ਹੀ ਜਾਣਾ ਹੈ ਚਾਰ ਨੰਬਰ ਸਪੈਸ਼ਲ ਬਲਾਕ ਵਾਲਿਆਂ ਸਜਣਾਂ ਸਾਥੀਆਂ ਨੂੰ ਉਨ੍ਹਾਂ ਦੇ ਉਡੰਤ ਸੁਨੇਹੇ ਦੇ ਉਤਰ ਵਿਚ ਮੇਰੇ ਮੂੰਹੋਂ ਤੁਰੰਤ ਇਹੋ ਅੱਖਰ ਨਿਕਲੇ ਕਿ ਉਨ੍ਹਾਂ ਨੂੰ ਕਹਿ ਦਿਓ ਕਿ ਅੱਜ ਦਾ ਦਿਨ ਮਤ ਜੈਕਾਰਾ ਗਜਾਉਣ, ਕਲ੍ਹ ਨੂੰ ਸਾਰਿਆਂ ਦੇ ਇਕੱਠੇ ਕਰਨ ਦਾ ਵਾਇਦਾ ਹੋਇਆ ਹੈ। ਖ਼ਬਰ ਨਹੀਂ ਉਨ੍ਹਾਂ ਪਾਸ ਇਹ ਸੰਦੇਸਾ ਪੁਜਾ ਯਾ ਨਹੀਂ। ਕਿਉਂਕਿ ਲਾਕ ਅਪ (lock-up) ਹੋਣ ਵਾਲੀ ਹੀ ਸੀ। ਜੇ ਪੁਜਾ ਹੋਊ ਤਾਂ ਉਨ੍ਹਾਂ ਗੌਲਿਆ ਨਹੀਂ। ਗੌਲਣ ਭੀ ਕੀ? ਉਨ੍ਹਾਂ ਦਿਨੇ ਹੀ ਹਰਨ ਹੋਣ ਦੀ ਸਮੱਗਰੀ ਇਕੱਠੀ ਕਰ ਛੱਡੀ ਹੋਈ ਸੀ। ਪਰ ਅਸੀਂ ਤਾਂ ਇਸ ਵਲੋਂ ਨਿਰੋਲ ਅਵੇਸਲੇ ਹੀ ਹੋਏ ਹੋਏ ਸੀ। ਹਸਬ-ਮਾਮੂਲ ਡੇਢ ਦੋ ਬਜੇ ਰਾਤ ਦੇ ਉਠ ਕੇ ਇਸ਼ਨਾਨ ਕਰ ਗੁਰਬਾਣੀ ਦੇ ਪਾਠ ਭਜਨ-ਅਭਿਆਸ ਵਿਚ ਜੁਟੇ ਹੋਏ ਸਾਂ। ਭਾਈ ਅਤਰ ਸਿੰਘ ਜੀ ਨੇ ਸਾਡੇ ਪਿਛਵਾੜੇ ਲਗਦੇ ਬਲਾਕ ਪੰਜਾਬੀ ਸੈਲ ਨੰਬਰ 1 ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪ੍ਰੇਮ ਪਾਠ ਉਚਾਰਨਾਂ ਅਰੰਭ ਦਿਤਾ ਸੀ। ਉਨ੍ਹਾਂ ਦਾ ਪ੍ਰੇਮ ਪਾਠ ਟਿਕੀ ਰਾਤ ਤਿਨਾਂ ਪੰਜਾਬੀ ਨੰਬਰਾਂ ਵਿਚ ਸਹਿਜ ਹੀ ਸੁਣਿਆ ਕਰਦਾ ਸੀ। ਅਜੇ ਬਾਵਨ ਅੱਖਰੀ ਦੇ ਪਾਠ ਦੀ ਸਰੋਤ ਕੰਨਾਂ ਵਿਚ ਪੈਣ ਹੀ ਲਗੀ ਸੀ ਕਿ ਕੜੱਕ ਕਰਕੇ ਦਾਸ ਦੀ ਭਜਨ ਅਭਿਆਸੀ ਸੁਰਤ ਗਗਨ ਮੰਡਲਾਂ ਵਿਖੇ ਜਾ ਚੜ੍ਹੀ ਅਤੇ ਉਥੇ ਚੜ੍ਹੀ ਚੜ੍ਹਾਈ ਨੇ ਹੀ ਬਾਕੀ ਸਾਰਾ ਪਾਠ ਸ੍ਰੀ ਬਾਵਨ ਅੱਖਰੀ ਦੀ ਬਾਣੀ ਦਾ ਸੁਣਿਆ। ਭੋਗ ਪੈਣ ਸਮੇਂ ਯਾ ਪੈਣ ਸਾਰ ਹੀ ਨਜ਼ਾਰਾ (□□□□□□) ਡਿਠਾ ਕਿ ਮੇਰੀ ਕੋਠੀ ਦਾ ਬੂਹਾ ਚਪੱਟ ਖੁਲ੍ਹਾ ਹੈ ਅਤੇ ਬਾਹਰ ਭਾਈ ਹੀਰਾ ਸਿੰਘ ਜੀ, ਭਾਈ ਸੁਚਾ ਸਿੰਘ ਜੀ ਆਦਿ ਤਿੰਨ ਚਾਰ ਸੱਜਣ ਖੜੇ ਹਨ। ਪਰ ਅੰਦਰ ਨਹੀਂ ਆ ਸਕਦੇ। ਮੈਂ ਹੰਬਲਾ ਮਾਰ ਕੇ ਉਠਿਆ, ਪ੍ਰਤੱਖ ਉਠਿਆ ਕਿ ਉਹ ਤਾਂ ਅੰਦਰ ਆ ਹੀ ਨਹੀਂ ਸਕਦੇ, ਮੈਂ ਹੀ ਬਾਹਰ ਜਾ ਕੇ ਮਿਲਾਂ। ਮੈਂ ਉਠ ਕੇ ਧਾਈ ਕਰ ਕੇ ਬਾਹਰ ਜਾਣ ਨੂੰ ਬੂਹਾ ਲੰਘਣ ਲਈ ਔਰਲਿਆ ਤਾਂ ਕੜੱਕ ਕਰਕੇ ਮੇਰਾ ਸਿਰ ਲੋਹੇ ਦੇ ਜੰਗਲੇ ਵਿਚ ਲਗਾ। ਅਤੇ ਤੜੱਕ ਦੇ ਕੇ ਸੁਰਤ ਸੁਆਸ ਕੁੜੱਕੀ ਹਿਠਾਹਾਂ ਨੂੰ ਕੜੱਕ ਉਤਰੀ। ਤਾਂ ਮੈਂ ਕੀ ਦੇਖਾਂ ਕਿ ਜੰਗਲਾ ਬੰਦ ਹੈ। ਮੱਥੇ ਨੂੰ ਹੱਥ ਲਾਇਆ ਤਾਂ ਵੱਡਾ ਸਾਰਾ ਗੁੰਭੜ ਪਿਆ ਹੋਇਆ ਹੈ। ਅਗਾਹਾਂ ਨਜ਼ਰ ਮਾਰੀ ਤਾਂ ਭਾਈ ਹੀਰਾ ਸਿੰਘ ਤੇ ਭਾਈ ਸੁਚਾ ਸਿੰਘ ਜੀ ਹੋਰੀਂ ਸੱਚ ਮੁੱਚ ਹੀ ਮੇਰੀ ਕੋਠੀ ਦੇ ਜੰਗਲੇ ਦੇ ਜਿੰਦਰੇ ਨੂੰ ਚਿਮੜੇ ਹੋਏ ਹਨ ਪਰ ਉਨ੍ਹਾਂ ਖੁਲ੍ਹਦਾ ਨਹੀਂ ਸੀ। ਮੈਂ ਉਨ੍ਹਾਂ ਪਾਸੋਂ ਨੂੰ ਆਖਿਆ ਕਿ 'ਕੀ ਇਹ ਪਰਤੱਖ ਨਜ਼ਾਰਾ ਹੈ ਕਿ ਮੈਂ ਸੁਪਨਾ ਹੀ ਦੇਖ ਰਿਹਾ ਹਾਂ'? ਉਨ੍ਹਾਂ ਆਖਿਆ ਕਿ 'ਹਰਨ ਹੋਣ ਲਈ ਤਿਆਰ ਹੋ ਜਾਵੋ, ਸਪੈਸ਼ਲ ਨੰਬਰ ਦੀਆਂ ਫੌਜਾਂ ਤਾ ਉਸ ਬਲਾਕ ਦੇ ਜਿੰਦਰਿਆਂ ਅੰਦਰੋਂ ਗੱਜ ਨਿਕਲੀਆਂ ਹਨ। ਆਪ ਸੱਜਣਾਂ ਨੂੰ ਲੈ ਕੇ ਭੱਜਣ ਦੀ ਦੇਰੀ ਹੈ'। ਉਨ੍ਹਾਂ ਵਿਚੋਂ ਇਕ ਸੱਜਣ ਦੇ ਹੱਥ ਬੱਤੀ ਹੈ ਤੇ ਦੋ ਤਿੰਨ ਸੱਜਣ ਚਾਬੀਆਂ ਦਾ ਗੁੱਛਾਂ ਲਈ ਤਾਲਾ ਖੋਲ੍ਹਣ ਦੀ ਵਾਹ ਲਾ ਰਹੇ ਹਨ। ਅੱਧਾ ਕੁ ਘੰਟਾ ਖੋਲ੍ਹਦਿਆਂ ਨੂੰ ਲੱਗ ਗਿਆ। ਦੋ ਗੁੱਛੇ ਚਾਬੀਆਂ ਦੇ ਉਨ੍ਹਾਂ ਪਾਸ ਸਨ। ਪਰ ਦੋਹਾਂ ਵਿਚੋਂ ਕੋਈ ਚਾਬੀ ਨਾ ਲਗੇ। ਦਾਸ ਨੇ ਗੁੱਛੇ ਅੰਦਰੋਂ ਹੱਥ ਕੱਢ ਕੇ ਫੜ ਕੇ ਜੋ ਦੇਖੇ ਤਾਂ ਉਨ੍ਹਾਂ ਉਤੇ ਦੋ ਨੰਬਰ ਲਿਖਿਆ ਹੋਇਆ ਸੀ! ਤਾਂ ਮੈਂ ਆਖਿਆ, 'ਇਹ ਤਾਂ ਦੋਈ ਗੁੱਛੇ ਪੰਜਾਬੀ ਨੰਬਰ 2 ਦੇ ਅੰਦਰਲੇ ਬਾਹਰਲੇ ਜਿੰਦਿਆਂ ਦੀਆਂ ਚਾਬੀਆਂ ਦੇ ਗੁੱਛੇ ਹਨ। ਤੁਸੀਂ ਕਾਹਨੂੰ ਟੱਕਰਾਂ ਮਾਰਦੇ ਹੋ, ਤੁਸਾਂ ਤੋਂ ਖੁਲ੍ਹਣੇ ਨਹੀਂ'। ਉਨ੍ਹਾਂ ਵਿਚੋਂ ਦੋ ਬਾਹਰ ਖੜੋਤੇ ਹੋਰ ਸੱਜਣ ਅਸਲੀ ਗੁੱਛਾ ਲੈਣ ਲਈ ਸਪੈਸ਼ਲ ਬਲਾਕ ਨੂੰ ਭੱਜੇ। ਪਰ ਐਤਨੇ ਨੂੰ ਅਲਾਰਮ ਦੀ ਘੰਟੀ ਹੋ ਗਈ। ਤਾਂ ਉਹ ਪੁੱਛਣ ਲਗੇ ਕਿ 'ਭਾਈ ਸਾਹਿਬ ਜੀ! ਹੁਣ ਕੀ ਕਰੀਏ'? ਦਾਸ ਨੇ ਆਖਿਆ ਕਿ 'ਭਾਣੇ ਦੀ ਖੇਡ ਹੈ। ਬਿਹਤਰ ਇਹ ਹੈ ਕਿ ਤੁਸੀਂ ਵਾਪਸ ਆਪਣੀਆਂ ਕੋਠੀਆਂ ਵਿਚ ਜਾ ਬੈਠੋ। ਭਾਣੇ ਅੰਦਰ ਤੁਹਾਡਾ ਬਾਹਰ ਜਾਣਾ ਮੰਨਜ਼ੂਰ ਨਹੀਂ ਭਾਸਦਾ। ਪਰ ਹੁਣ ਤੁਸਾਡਾ ਮੁੜ ਕੇ ਵਾਪਸ ਕੋਠੀਆਂ ਵਿਚ ਜਾਣਾ ਭੀ ਔਖਾ ਹੈ। ਗਾਰਦਾਂ ਚੜ੍ਹੀਆਂ ਆਉਂਦੀਆਂ ਹੋਣਗੀਆਂ। ਭਗਉੜੇ ਤਾਂ ਤੁਸੀਂ ਹੋ ਹੀ ਚੁਕੇ ਹੋ। ਜੇ ਕਾਮਯਾਬੀ ਨਾਲ ਜੇਲ੍ਹ ਹਾਤੇ ਦੀ ਬਾਹਰਲੀ ਵੱਡੀ ਫਸੀਲ ਟਪ ਸਕਦੇ ਹੋ ਤਾਂ ਦੇਰ ਨਾ ਕਰੋ, ਟਪ ਜਾਓ ਅਤੇ ਅਸਾਡਾ ਕੁਛ ਖਿਆਲ ਨਾ ਕਰੋ। ਅਸਾਡੀ ਖ਼ਾਤਰ ਤੁਸੀਂ ਔਖ ਵਿਚ ਨਾ ਪਵੋ। ਜੋ ਕੁਛ ਪਿਛੇ ਅਸਾਡੇ ਸਿਰ ਤੇ ਵਰਤੇਗੀ ਅਸੀਂ ਸਹਿ ਲਵਾਂਗੇ ਪਰ ਤੁਸਾਡੀ ਬਹਾਦਰੀ ਵਿਚ ਕੋਈ ਫਰਕ ਨਾ ਆਵੇ। ਇਤਨਾ ਧਿਆਨ ਰਖਣਾ ਕਿ ਫਸੀਲ ਤੋਂ ਬਾਹਰ ਉਤਰਨ ਲਗੇ ਚੌਕਸਾਈ ਨਾਲ ਉਤਰਨਾ, ਮਤੇ ਕੋਈ ਸੱਟ ਫੇਟ ਵੱਜੇ। ਉਹ ਅਗੇ ਹੀ ਏਤਨੀ ਗੱਲ ਚਾਹੁੰਦੇ ਸੀ। ਤੁਰਤ ਫੁਰਤ ਫਸੀਲ ਦੇ ਜਾ ਉਦਾਲੇ ਹੋਏ ਜੋ ਅਸਾਡੇ ਬਲਾਕ ਦੇ ਨੇੜੇ ਹੀ ਸੀ ਪਰ ਅਜੇ ਫਸੀਲ ਤੇ ਪਹੁੰਚੇ ਹੀ ਸੀ ਕਿ ਅੰਦਰੋਂ ਕਸੀ ਕਸਾਈ ਸਨਧ ਬਧ ਸੰਗੀਨਾਂ ਵਾਲੀ ਜੇਲ੍ਹ ਸਿਪਾਹੀਆਂ ਦੀ ਗਾਰਦ ਆ ਗਈ ਅਤੇ ਬਾਹਰਵਾਰ ਮਿਲਿਟਰੀ ਪੁਲਿਸ ਦੀਆਂ ਗਾਰਦਾਂ ਫਾਲਨ ਹੋਣ ਲਗ ਗਈਆਂ। ਝਟ ਪਟ ਦੋ ਚਾਰ ਲੰਮੇ ਲੰਮੇ ਮਜ਼ਬੂਤ ਸਿੰਘਾਂ ਦੀਆਂ ਉਪਰਥਲੀ ਮੋਢਿਆਂ ਉਤੇ ਚੜ੍ਹ-ਖੜੀਆਂ ਸੀੜ੍ਹੀਆਂ ਬਣ ਗਈਆਂ। ਅਜੇ ਚਾਰ ਕੁ ਸਜਣ ਹੀ ਧੁਰ ਸਿਖਰ ਫਸੀਲ ਉਤੇ ਚੜ੍ਹੇ ਸਨ ਕਿ ਅੰਦਰਲੀ ਜੇਲ੍ਹ ਗਾਰਦ ਐਨ ਸਿਰ ਤੇ ਆ ਗਈ ਤੇ ਤਿਲਕਧਾਰੀ ਜਮਾਂਦਾਰ ਨੇ ਕਿਹਾ, 'ਕਹਾਂ ਜਾਓਗੇ', ਤਾਂ ਉਪਰੋਂ ਇਕ ਸਿੰਘ ਨੇ ਹੇਠਲੇ ਸਿੰਘਾਂ ਨੂੰ ਲਲਕਾਰਾ ਮਾਰਿਆ ਕਿ 'ਮਾਰੋ ਸਿੰਨ੍ਹ ਕੇ ਬੰਬ! ਕੀ ਦੇਖਦੇ ਹੋ, ਉਦੋਂ ਹੀ ਮਾਰੋਗੇ ਜਦੋਂ ਮੌਰੀਂ ਆ ਚੜ੍ਹਨਗੇ? ਜਕਾਂ ਤਕਾਂ ਕੀ ਤਕਦੇ ਹੋ, ਦਿਓ ਤੋੜਾ ਬੰਬ ਨੂੰ।' ਵੇਲੇ ਸਿਰ ਔੜਿਆ ਹਥਿਆਰ ਬੰਬ ਗੋਲੇ ਤੋਂ ਭੀ ਵਧ ਹੁੰਦਾ ਹੈ। ਬੰਬ ਆਦਿ ਤਾਂ ਸਿੰਘਾਂ ਪਾਸ ਕੁਛ ਨਹੀਂ ਸੀ। ਉਨ੍ਹਾਂ ਕੋਲ ਤਾਂ ਸਿਰਫ ਜਿੰਦਰੇ ਹੀ ਸਨ, ਸ੍ਰੀ ਮਾਨ ਭਾਈ ਗੁਜਰ ਸਿੰਘ ਜੀ ਨੂੰ ਜੋ ਉਸਾਣ ਆਇਆ ਤੇ ਉਪਰੋਂ ਹਲਾ-ਸ਼ੇਰੀ ਮਿਲੀ ਤਾਂ ਤੁਰੰਤ ਹੀ ਦੀਆਂ ਸਲਾਈ ਵਿਚੋਂ ਇਕ ਸੀਖ ਕਢ ਕੇ ਘਸਾਈ ਤੇ ਇਕ ਜਿੰਦਰਾ ਵਗਾਹ ਕੇ ਮਾਰਿਆ ਜੋ ਭੱਜੇ ਜਾਂਦੇ ਤਿਲਕਧਾਰੀ ਦੀ ਪਿੱਠ

ਉਤੇ ਲੱਗਾ। ਅੱਗ ਚਮਕਣ ਦੀ ਦੇਰ ਸੀ ਕਿ ਸਾਰੀ ਗਾਰਦ ਪਿਛਲੇ ਪੈਰੀਂ ਆਪਣੀ ਜਾਨ ਲੈ ਕੇ ਨੱਸ ਭੱਜੀ। ਸਾਹ ਨਾਲ ਸਾਹ ਨਾ ਰਲੇ। ਧੁਰ ਜੇਲ੍ਹੋਂ ਬਾਹਰ ਜਾ ਕੇ ਦਮ ਲਿਆ। ਓਧਰ ਫਸੀਲ ਤੇ ਖੜੇ ਪਹਿਲੇ ਪੂਰ ਦੇ ਕਈ ਅਲੇਲ ਸਿੰਘਾਂ ਨੇ ਹੌਸਲੇ ਵਿਚ ਆ ਕੇ ਖੜਿਆਂ ਨੇ ਹੀ ਫਸੀਲੋਂ ਬਾਹਰ ਵਾਰ ਛਾਲਾਂ ਮਾਰ ਦਿਤੀਆਂ, ਪਰ –

***"ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥***

ਪਹਿਲੇ ਪੂਰ ਦੇ ਛਾਲਾਂ ਮਾਰਨ ਵਾਲੇ ਪੰਜ ਛੇ ਸਜਣ ਤਾਂ ਡਿਗਦੇ ਹੀ ਤਕੜੇ ਜਖਮੀ ਹੋ ਗਏ। ਬਾਕੀਆਂ ਦੇ ਪੈਰ ਫਟ ਗਏ। ਉਹ ਤਾਂ ਭੱਜਣੋਂ ਭੀ ਰਹਿ ਖੜੋਤੇ। ਇਹ ਤਲਖ ਤਜਰਬਾ ਦੇਖ ਕੇ ਬਾਕੀ ਦੇ ਰਹਿੰਦੇ ਸਜਣ ਤਾਂ ਫੇਰ ਫਸੀਲ ਤੋਂ ਲਮਕ ਕੇ ਛਾਲਾਂ ਮਾਰ ਉਤਰੇ ਸੋ ਸਭ ਸਹੀ ਸਲਾਮਤ ਉਤਰ ਆਏ। ਇਨ੍ਹਾਂ ਲਮਕਣ ਵਾਲਿਆਂ ਸਹੀ ਸਲਾਮਤ ਸੱਜਣਾਂ ਵਿਚੋਂ ਅਜੇ ਪਹਿਲਾ ਸਿੰਘ ਇੰਦਰ ਸਿੰਘ (ਸ਼ੇਖ ਦੌਲਤ ਵਾਲਾ) ਹੀ ਉਤਰਿਆ ਸੀ ਕਿ ਬਾਹਰੋਂ ਮਿਲਿਟਰੀ ਪੁਲਿਸ ਆ ਗਈ। ਦੋਂਹ ਚੌਂਹ ਨੇ ਆ ਕੇ ਭੱਜੇ ਜਾਂਦੇ ਇੰਦਰ ਸਿੰਘ ਨੂੰ ਫੜ ਕੇ ਨੱਪ ਲਿਆ। ਤਾਂ ਕੋਲੇ ਹੀ ਛਾਲ ਮਾਰ ਕੇ ਜ਼ਖਮੀ ਹੋਏ ਸੱਜਣਾਂ ਵਿਚੋਂ ਇਕ ਸੱਜਣ ਵੀਰ ਲਾਲ ਸਿੰਘ (ਨਾਰੰਗਵਾਲ) ਢੱਠਾ ਪਿਆ ਸੀ। ਉਸ ਨੇ ਜੋ ਦੇਖਿਆ ਕਿ ਵੀਰ ਇੰਦਰ ਸਿੰਘ ਕਸੂਤਾ ਕੁੜਿੱਕੀ ਵਿਚ ਆਣ ਫਸਿਆ ਹੈ, ਹਿੰਮਤ ਕਰਕੇ ਤੱਤੇ ਘਾਉ ਹੀ ਖੜੋ ਕੇ ਸਾਵਧਾਨ ਹੋ ਕੇ ਇਕ ਮਿਲਟਰੀ ਪੁਲਸੀਏ ਦੇ ਹੱਥੋਂ ਸੰਮਾਂ ਵਾਲੀ ਡਾਂਗ ਖੋਹ ਲਈ ਅਤੇ ਖੋਹ ਕੇ ਇਕ ਇਕ ਹੀ ਜੜੀ ਸੀ ਕਿ ਕਿਲਕਾਰੀਆਂ ਮਾਰ ਕੇ ਪਿਛਾਹਾਂ ਨੂੰ ਹੀ ਪੱਤਰਾ ਵਾਚ ਨਸੇ ਅਤੇ ਨਸਦੇ ਨਸਦੇ ਹੋਰ ਅਗੇ ਆਉਣ ਵਾਲੇ ਮਿਲਿਟਰੀ ਪੁਲਿਸ ਦੇ ਜੁਆਨਾਂ ਨੂੰ ਇਸ ਤਰ੍ਹਾਂ ਦੁਹਾਈ ਮਚਾਉਣ ਲਗੇ, 'ਅਰੇ ਪੰਜਾਬੀ ਸਿੱਖ ਹੈਂ ਰੇ! ਮਤ ਆਨਾ। ਅਪਨੀ ਜਾਨ ਲੇ ਕਰ ਭਾਗ ਜਾਓ, ਮਤ-ਆਨਾ ਰੇ, ਪੰਜਾਬੀ ਸਿੱਖ ਰੇ!' ਬਸ ਇਹ ਕਿਲਕਾਰੀ ਸੁਣਨ ਸਾਰ ਹੀ ਸਾਰੀ ਮਿਲਿਟਰੀ ਪੁਲਿਸ ਪਿਛਲ ਖੋਰੀ ਭੱਜ ਗਈ। ਮੈਦਾਨ ਸਾਫ ਹੋ ਗਿਆ, ਅਗੇ ਰੋਕਣ ਵਾਲਾ ਕੋਈ ਨਹੀਂ। ਫਸੀਲ ਟੱਪ ਕੇ ਅਠਾਰਾਂ ਦੇ ਅਠਾਰਾਂ ਸਿੰਘ ਹੀ ਪਾਰ ਪਏ। ਸਾਰੀ ਜੇਲ੍ਹ ਵਿਚ ਹਾਹਾਕਾਰ ਮਚ ਗਈ। ਜੇਲ੍ਹ ਵਾਲੇ ਅੰਦਰ ਅੰਦਰ ਹੀ ਕਾਵਾਂ ਰੌਲੀ ਪਾਉਣ। ਤੋੜਾ ਦਗਣ ਸਮੇਂ ਸਭ ਹੀ ਪਿੱਠ ਦੇ ਭੱਜੇ ਸਨ। ਰਾਤ ਦੇ ਬਾਰਾਂ ਬਜੇ ਤੋਂ ਤਿੰਨ ਬਜੇ ਤੜਕੇ ਤਾਈਂ ਖਾਲਸਾ ਜੇਲ੍ਹ ਅੰਦਰ ਖੁਲ੍ਹਾ ਬਿਚਰਦਾ ਰਿਹਾ, ਉਦੋਂ ਤਾਂ ਸਭ ਸੁਸਰੀ ਹੋ ਕੇ ਸੁੱਤੇ ਰਹੇ ਅਤੇ ਕਾਇਰ ਹੋ ਕੇ ਛਾਪਲੇ ਰਹੇ। ਏਨ੍ਹਾਂ ਅਠਾਰਾਂ ਹਰਨੇਟਿਆਂ ਦੀ ਕੋਠੀਆਂ ਅੰਦਰੋਂ ਨਿਕਲਣ ਦੀ ਵਿਥਿਆ ਭੀ ਇਕ ਦਲੇਰਾਨਾ ਕਾਰਨਾਮਾ ਹੈ, ਜੋ ਇਉਂ ਹੈ –

ਰਾਤ ਦੇ ਬਾਰਾਂ ਵਜੇ ਦੋ ਸੱਜਣ ਭਾਈ ਨੱਥਾ ਸਿੰਘ ਧੁੰਨ ਅਤੇ ਸੁੱਚਾ ਸਿੰਘ (ਚੋਹਲਾ) ਦੋਵੇਂ ਆਪੋ ਆਪਣੀ ਕੋਠੀ ਦੀ ਛੱਤ ਪਾੜ ਕੇ ਕੋਠੇ ਉਪਰ ਦੀ ਨਿਕਲੇ। ਓਧਰ ਪਾੜ ਲਗੇ ਤੇ ਏਧਰ ਦੂਜੇ ਸੱਜਣ ਵੀਰ ਦਲ ਸਿੰਘ ਜੀ (ਢੁਡੀ ਕੇ) ਵਰਗੇ ਚੰਡੀ ਦਾ ਪਾਠ ਕਰਨ ਤੇ ਸਹਿਜ ਭਾਈ ਅਰਜਨ ਸਿੰਘ ਜੀ ਖਾਲੀ ਕਟੋਰੀਆਂ ਦੇ ਤਪਲੇ ਬਣਾ ਲਏ, ਲੱਗਾ ਜੋਰੇ ਜੋਰੀ ਜੋੜੀ ਬਜਾਉਣ। ਖਾਪੜ ਖੇੜੀ ਵਾਲੇ ਨਿਹੰਗ ਗੰਡਾ ਸਿੰਘ ਤੇ ਹਰੀ ਸਿੰਘ ਕੱਕੜ ਹੋਰੀ ਕੀਰਤਨ ਕਰਨ। ਐਸੇ ਜਾਗੇ ਹਸਬ ਮਾਮੂਲ ਹੀ ਰਿਹਾ ਕਰਦੇ ਸਨ। ਜੇਲ੍ਹ ਵਾਲਿਆਂ ਨੂੰ ਪਾੜ ਲੱਗਣ ਦਾ ਸਾਨ ਗੁਮਾਨ ਭੀ ਨਾ ਗੁਜ਼ਰਿਆ। ਸੱਬਲਾਂ ਤਾਂ ਸਹਿਜ ਹੋਰੀਂ (ਅਰਜਨ ਸਿੰਘ ਜੀ ਜਗਰਾਉਂ) ਇਕ ਦੋ ਦਿਨ ਪਹਿਲਾਂ ਹੀ ਕਿਤੋਂ ਮਾਠ ਲਿਆਇ ਸਨ। ਉਨ੍ਹਾਂ ਸੱਬਲਾਂ ਨਾਲ ਹੀ ਹੁਣ ਅੱਧੀ ਰਾਤੀਂ ਸੰਨ੍ਹ ਲਗਾ ਰਹੇ ਸਨ। ਸੰਨ੍ਹ ਲਗ ਹੀ ਨਾ ਸਕੇ ਪਰ ਚੰਡੀ ਦੀ ਵਾਰ ਦਾ ਪਾਠ ਅਜੇ ਭੀ ਜੋਰੋ ਜੋਰ ਹੋ ਰਿਹਾ ਹੈ। ਨੱਥਾ ਸਿੰਘ ਤਾਂ ਸੁਖੈਨ ਹੀ ਪਿਛੇ ਦਸੇ ਕੰਧ ਅਤੇ ਛੱਤ ਦੇ ਦਰਮਿਆਨੀ ਪਾੜ ਵਿਚ ਹੀ ਪਾਰ ਪਿਆ ਅਤੇ ਧੁਰ ਕੋਠੀ ਦੀ ਛਤੇ ਜਾ ਚੜ੍ਹਿਆ, ਪਰ ਸੁਚਾ ਸਿੰਘ ਚੋਲ੍ਹੀਏ ਤਾਂ ਅਧ ਵਿਚਾਲੇ ਹੀ ਸੰਨ੍ਹ ਵਿਚ ਫਸੇ ਹੋਏ ਸਨ, ਪਾੜ ਤੰਗ ਸੀ ਤੇ ਸਰੀਰ ਜਬਰ ਸੀ। ਨੱਥਾ ਸਿੰਘ ਨੇ ਉਪਰੋਂ ਬਰਾਂਡੇ ਦੀ ਛੱਤ ਉਤੇ ਆ ਕੇ ਮਸਾਂ ਧੂ ਘਸੀਟ ਕੇ ਖਿਚਿਆ ਤਾਂ ਦੋਈ ਮਲਕੜੇ ਜੇਹੇ ਛੱਤ ਉਪਰੋਂ ਹੇਠਾਂ ਉਤਰੇ ਅਤੇ ਫੁਰਤੋ ਫੁਰਤੀ ਪਹਿਰਾ ਦੇਣ ਵਾਲੇ ਸਿਪਾਹੀ ਨੂੰ ਜਾ ਨੱਪਿਆ। ਉਹ ਰੌਲਾ ਪਾਉਣ ਲਗਾ ਤਾਂ ਉਸ ਦੇ ਘਸੁੰਨ ਲਗਣ ਲਗ ਪਏ ਅਤੇ ਮੂੰਹ ਵਿਚ ਡਟੇ ਅੜਾਏ ਗਏ। ਏਧਰ ਮਾਰ ਕੁਟਾਈ ਹੋਣ ਲਗੀ ਤੇ ਓਧਰ ਚੰਡੀ ਦੀ ਵਾਰ ਦੀ ਐਨ ਮੌਕੇ ਸਿਰ ਤੁਕ ਪੜ੍ਹਨ ਵਿਚ ਆਈ –

***ਭਾਈਆਂ ਮਾਰਨਿ ਭਾਈ ਦੁਰਗਾ ਜਾਣ ਕੇ॥***

ਸਿਪਾਹੀ ਨੇ ਪਹਿਲਾ ਘਸੁੰਨ ਵੱਜਣ ਪਰ ਦੁਹਾਈ ਭੀ ਇਹੋ ਦਿਤੀ ਸੀ ਕਿ 'ਮੈਂ ਤੋ ਤੁਮਾਰਾ ਭਾਈ ਹੂੰ, ਮੁਝੇ ਮਤ ਮਾਰੋ।' ਬਿਗਾਨਿਆਂ ਦਾ ਦੂਤ ਸਮਝਕੇ ਹੀ ਬਿਚਾਰਾ ਮਾਰਿਆ ਗਿਆ। ਨਹੀਂ ਤਾਂ ਉਹ ਪੰਜਾਬੀਆਂ ਦਾ ਹਮਦਰਦ ਹੀ ਸੀ। ਉਸ ਨੂੰ ਕਸ ਕੇ ਇਕ ਥਮਲੇ ਨਾਲ ਨੂੜ ਦਿਤਾ ਗਿਆ। ਅਤੇ ਉਸ ਦੀ ਸਰਕਾਰੀ ਵਰਦੀ ਉਤਾਰ ਕੇ ਸੁਚਾ ਸਿੰਘ ਨੇ ਸਜਾ ਲਈ ਅਤੇ ਬੱਲਮ ਪੇਟੀ ਪਹਿਨ ਕੇ ਪਹਿਰਾ ਦੇਣ ਲਗ ਪਿਆ ਅਤੇ ਗੁੰਮਟੀ (ਚੱਕਰ ਬੁਰਜ) ਉਪਰੋਂ ਪੁਕਾਰ ਆਉਣ ਪਰ ਉਤਰ ਵਿਚ 'ਸਭ ਅੱਛਾ' ਕਹਿ ਛਡੇ। ਇਤਨੇ ਨੂੰ ਜਮਾਂਦਾਰ ਇਨਚਾਰਜ ਭੀ ਗਸ਼ਤ ਲਾਉਂਦਾ ਇਧਰ ਆ ਨਿਕਲਿਆ। ਇਸ ਦੇ ਪਾਸ ਸਾਰੇ ਨੰਬਰਾਂ ਦੀਆਂ ਚਾਬੀਆਂ ਦੇ ਗੁੱਛੇ ਥੈਲੇ ਵਿਚ ਪਏ ਰਹਿੰਦੇ ਸਨ। ਜਦੋਂ ਇਹ ਸਿਪਾਹੀ ਵਲ ਨੂੰ 'ਸਭ ਅੱਛਾ' ਪੁੱਛਣ ਆਇਆ ਤਾਂ ਪਿਛੋਂ ਦੀ ਨੱਥਾ ਸਿੰਘ ਨੇ ਝਪਟਾ ਮਾਰ ਕੇ ਗਰਦਣੋਂ ਆ ਨੱਪਿਆ। ਚਚਿਆਉਣ ਲਗਾ ਹੀ ਸੀ ਕਿ ਸਰਕਾਰੀ ਵਰਦੀ ਵਿਚ ਪਟਰੋਲ ਕਰਦੇ ਸੁੱਚਾ ਸਿੰਘ ਦੇਸ਼ ਭਗਤ ਸਿਪਾਹੀ ਨੇ ਉਸ ਦੇ ਮੂੰਹ ਮੂਹਰੇ ਬੁੱਜਾ ਦੇ ਦਿਤਾ। ਉਸ ਨੂੰ ਭੀ ਇਕ ਹੋਰ ਥਮਲੇ ਨਾਲ ਨਰੜ ਦਿਤਾ ਅਤੇ ਉਸ ਦੀ ਵਰਦੀ ਉਤਾਰ ਕੇ ਨੱਥਾ ਸਿੰਘ ਨੇ ਡਟਾ ਲਈ। ਅਰ ਉਸ ਨੇ ਝੋਲੇ ਵਿਚੋਂ ਫੁਰਤੀ ਨਾਲ ਚਾਬੀਆਂ ਦੇ ਗੁੱਛੇ ਕਢ ਕੇ ਲੰਮੀ ਲੰਮੀ ਘਾਹ ਵਿਚ ਵਗਾਹ ਕੇ ਖਿੰਡਾ ਦਿੱਤੇ।

ਸਿਪਾਹੀ, ਜਮਾਂਦਾਰ ਦੋਹਾਂ ਦੀਆਂ ਮੁਸ਼ਕਾਂ ਕਸ ਕੇ ਅਤੇ ਦੋਹਾਂ ਦੇ ਮੂੰਹ ਵਿਚ ਰੋੜੇ ਤੁੰਨ ਕੇ ਦੋਈ ਨਵੇਂ ਨਵੇਂ

(ਬਾਕੀ ਪੰਨਾ 50 ਤੇ)

# ਫੁੱਲ ਬੋਲਿਆ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਅਨੰਤ ਕਾਲ ਤੋਂ ਸੰਸਾਰ ਦੀ ਰਚਨਾ ਹੋਈ। ਨਦੀਆਂ ਕੈਲਾਸ਼ ਪਰਬਤ ਵਿਚੋਂ ਨਿਕਲਦੀਆਂ ਹੋਈਆਂ ਪਹਾੜਾਂ ਵਿਚੀਂ ਰਾਹ ਬਣਾਉਂਦੀਆਂ, ਵੱਡੀਆਂ-ਵੱਡੀਆਂ ਆਬਸ਼ਾਰਾਂ ਰਾਹੀਂ ਪਾਣੀ ਹੇਠਾਂ ਸੁਟਦੀਆਂ, ਬਹੁਤ ਹੀ ਵੇਗ ਨਾਲ ਚਲਦੀਆਂ, ਮੈਦਾਨਾਂ ਰਾਹੀਂ ਹੁੰਦੀਆਂ ਹੋਈਆਂ ਸਾਗਰ ਵਿਚ ਜਾ ਮਿਲਦੀਆਂ ਹਨ। ਇਹ ਰਸਤੇ ਵਿਚ ਅਨੇਕਾਂ ਕਲੋਲਾਂ ਕਰਕੇ, ਬਹੁਤ ਹੀ ਰੁਮਕ-ਰੁਮਕ ਕੇ ਚਲਦੀਆਂ ਹਨ। ਕਈ ਥਾਂਈ ਨਦੀਆਂ ਦੀ ਪਵਿੱਤਰਤਾ ਮੰਨਦੇ ਹੋਏ ਲੋਕ ਇਸ਼ਨਾਨ ਵੀ ਕਰਦੇ ਸਨ। ਸਮਾਂ ਲੰਘਣ ਨਾਲ ਇਹ ਨਦੀਆਂ ਆਪਣੀ ਸੁੰਦਰ ਜਲ ਧਾਰਾ ਨੂੰ ਦੂਸ਼ਿਤ ਕਰਾ ਕੇ ਚਲ ਰਹੀਆਂ ਹਨ। ਬਹੁਤ ਸਮੇਂ ਤੋਂ ਇਹ ਪ੍ਰਵਾਹ ਚਲ ਰਿਹਾ ਹੈ, ਸਮੇਂ ਨਾਲ ਪਰਿਵਰਤਨ ਹੋ ਰਿਹਾ ਹੈ। ਕਿਤੇ ਇਹ ਨਦੀਆਂ ਮਹਾਨ ਪਵਿੱਤਰ ਵਗ ਰਹੀਆਂ ਹਨ, ਕਿਤੇ ਆ ਕੇ ਮੈਦਾਨਾਂ ਦੀ ਮਿੱਟੀ ਲੈ ਕੇ ਆਪਣਾ ਰੂਪ ਰੰਗ ਖੋ ਕੇ ਗੰਧਲੀਆਂ ਹੋ ਕੇ ਚਲ ਰਹੀਆਂ ਹਨ, ਕਿਤੇ ਐਸਾ ਵੀ ਹੈ ਕਿ ਸ਼ਹਿਰਾਂ ਵਿਚੋਂ ਸੀਵਰੇਜ਼ ਰਾਹੀਂ ਸੁਟਿਆ ਗੰਦ, ਕੂੜ-ਕੁਬਾੜ ਲੈ ਕੇ ਆਪਣਾ ਸੁਹੱਪਣ ਗੁਆ ਕੇ ਬੇਵਸ ਹੋਈਆਂ ਚਲ ਰਹੀਆਂ ਹਨ। ਜਿਨ੍ਹਾਂ ਨੂੰ ਕੁਦਰਤ ਨਾਲ ਪਿਆਰ ਹੈ ਉਹ ਇਸ ਗੱਲ ਨੂੰ ਦੇਖ ਕੇ ਬਹੁਤ ਹੀ ਗੰਭੀਰ ਹੋ ਜਾਂਦੇ ਹਨ ਅਤੇ ਉਹ ਇਨ੍ਹਾਂ ਅੱਖਾਂ ਨਾਲ ਇਨ੍ਹਾਂ ਨਦੀਆਂ ਦੀ ਸੁਹੱਪਣ, ਖਿੱਚ, ਸੁਗੰਧੀ, ਸੀਤਲਤਾ ਨੂੰ ਮਾਨਣਾ ਚਾਹੁੰਦੇ ਹਨ। ਇਨ੍ਹਾਂ ਬਹੁਤ ਸਾਰੀਆਂ ਨਦੀਆਂ ਦੇ ਪਾਣੀ ਵਿਚ ਤਾਸੀਰ ਸੀ ਕਿ ਉਹ ਰੋਗਾਂ ਨੂੰ ਦੂਰ ਕਰਦੀਆਂ ਸਨ, ਇਥੋਂ ਤਕ ਵੀ ਉਨ੍ਹਾਂ ਦਾ ਸਤੋ ਗੁਣੀ ਪ੍ਰਭਾਵ ਸੀ ਕਿਉਂਕਿ ਬਹੁਤ ਸਾਰੇ ਪ੍ਰਭੂ ਦੇ ਪਿਆਰੇ ਇਨ੍ਹਾਂ ਦੇ ਕੰਢੇ ਆਪਣੀਆਂ ਕੁਟੀਆਂ ਪਾ ਕੇ ਪ੍ਰਭੂ ਨਾਲ ਚਿਤ ਲਾਉਂਦੇ ਸਨ। ਇਹ ਪਾਣੀ ਹੌਲੀ-ਹੌਲੀ ਸੰਗੀਤਮਈ ਧੁਨ ਬਣਾਉਂਦਾ ਲੰਘ ਰਿਹਾ ਹੁੰਦਾ ਸੀ, ਸਾਡੇ ਪੂਰਵਜ ਕੁਦਰਤ ਨਾਲ ਅਥਾਹ ਪਿਆਰ ਕਰਦੇ ਸਨ। ਸੂਰਜ ਦੀਆਂ ਪਹਿਲੀਆਂ ਕਿਰਨਾਂ, ਚੰਦਰਮਾ ਦੀ ਪੂਰਨਮਾਸ਼ੀ ਵਾਲੀ ਰਾਤ, ਤਾਰਿਆਂ ਦਾ ਨਿਰਮਲ ਅਕਾਸ਼ ਵਿਚ ਡਲ੍ਹਕਣਾ, ਟਿਕੀਆਂ ਹੋਈਆਂ ਹਵਾਵਾਂ ਦਾ ਚਲਣਾ, ਧਰਤੀ ਉਪਰ ਅਨੇਕ ਕਿਸਮ ਦੇ ਦਰੱਖਤਾਂ ਦਾ ਉਗਣਾ, ਵਧਣਾ, ਫੁਲਣਾ, ਮੌਲਣਾ ਅਤੇ ਅਨੇਕ ਰੰਗ ਦੇ ਫੁਲਾਂ ਨੇ ਆਪਣੇ ਸਮੇਂ ਅਨੁਸਾਰ, ਇਸ ਬੰਦੇ ਨੂੰ ਆਪਣਾ ਖੇੜਾ ਵਿਖਾ ਕੇ ਇਸ ਨੂੰ ਚੜ੍ਹਦੀ ਕਲਾ ਵਿਚ ਲਿਜਾਣਾ। ਅਨੇਕ ਰੰਗਾਂ ਦੇ ਖਿੜੇ ਹੋਏ ਫੁਲਾਂ ਨੇ ਮਨੁੱਖ ਨੂੰ ਕਹਿਣਾ ਕਿ ਤੂੰ ਦੇਖ, ਤੂੰ ਸਾਡੇ ਤੋਂ ਕਿਤੇ ਉੱਤਮ ਹਾਲਤ ਵਿਚ ਹੈਂ, ਅਸੀਂ ਜੜ੍ਹ ਹਾਂ, ਅਸੀਂ ਆਪਣੀ ਰਾਖੀ ਨਹੀਂ ਕਰ ਸਕਦੇ, ਮੌਸਮ ਦਾ ਕੱਕਰ, ਜੇਠ ਹਾੜ੍ਹ ਦੀਆਂ ਲੋਆਂ, ਭਾਦੋਂ ਦੇ ਹੁਸੜ ਅਸਾਡੇ ਨਾਲ ਬਹੁਤ ਬੇਇਨਸਾਫੀ ਕਰਦੇ ਹਨ। ਅਸੀਂ ਧਰਤੀ ਵਿਚੋਂ ਇਕ ਨਿੱਕੇ ਜਿਹੇ ਬੀਜ ਦੇ ਰੂਪ ਵਿਚ ਕੋਂਪਲ ਬਣ ਕੇ ਨਿਕਲਦੇ ਹਾਂ, ਅਸਾਡੀਆਂ ਕੋਂਪਲਾਂ ਪੂਰੀ ਤਰ੍ਹਾਂ ਸੁੰਦਰ ਹੁੰਦੀਆਂ ਹਨ। ਐ ਮਨੁੱਖ! ਤੂੰ ਇਸ਼ਨਾਨ ਕਰਕੇ ਅਨੇਕਾਂ ਕਿਸਮ ਦੇ ਸ਼ਿੰਗਾਰ ਲਾ ਕੇ ਸੋਭਾ ਦਿੰਦਾ ਹੈਂ ਪਰ ਅਸੀਂ ਬਿਨਾਂ ਕੁਛ ਕਰਿਆਂ ਹੀ ਆਪਣੇ ਅੰਦਰ ਛੁਪੀ ਹੋਈ ਸੁੰਦਰਤਾ ਨੂੰ ਪ੍ਰਗਟ ਕਰਕੇ ਖਿੜਦੇ ਹਾਂ। ਤੂੰ ਨਹੀਂ ਜਾਣਦਾ ਕਿ ਜੋ ਜੋਤੀ ਤੇਰੇ ਅੰਦਰ ਹੈ ਸਾਡੇ ਅੰਦਰ ਵੀ ਓਹੀ ਜੋਤੀ ਹੈ। ਅਸੀਂ ਕਦੇ ਮੁਰਝਾਉਂਦੇ ਨਹੀਂ, ਪਰ ਅਫਸੋਸ ਅਸਾਨੂੰ ਪਾਣੀ ਦੇਣਾ ਤੇਰੇ ਹੱਥ ਵਿਚ ਹੈ, ਪਰ ਫੇਰ ਵੀ ਅਸੀਂ ਜਦੋਂ ਆਪਣੀ ਜੁਆਨੀ ਮਾਣ ਕੇ ਸਮਾਪਤ ਹੋਣ ਦੇ ਨੇੜੇ ਹੁੰਦੇ ਹਾਂ ਤਾਂ ਅਸੀਂ ਰੋਂਦੇ ਕੁਰਲਾਂਦੇ ਨਹੀਂ, ਅਸੀਂ ਸੰਸਾਰ ਵਿਚ ਆਪਣੇ ਅੰਦਰੋਂ ਫੁੱਲ ਦੇ ਰੂਪ ਵਿਚ ਅਥਾਹ ਸੁੰਦਰਤਾ ਕੱਢ ਕੇ ਖੇੜਾ ਹੀ ਖੇੜਾ ਸੰਸਾਰ ਵਿਚ ਫੈਲਾਉਂਦੇ ਹਾਂ। ਅਸਾਨੂੰ ਕੋਈ ਸ਼ਿਕਵਾ ਨਹੀਂ ਕਿ ਅਸੀਂ ਕਿਨ੍ਹਾਂ ਹਾਲਾਤ ਵਿਚੋਂ ਇਸ

ਅਵਸਥਾ ਵਿਚ ਪਹੁੰਚੇ ਹਾਂ, ਜਿਥੇ ਇਕ ਨਿੱਕਾ ਜਿਹਾ ਬੀਜ ਰੂਪਮਾਨ ਹੋ ਕੇ ਅਤਿ ਨਰਮ ਪੰਖੜੀਆਂ ਦਾ ਸ਼ਿੰਗਾਰ ਪਹਿਨ ਕੇ ਅੰਦਰਲੀ ਖੁਸ਼ਬੂ ਹਵਾ ਵਿਚ ਸੰਮਿਲਤ ਕਰਦਾ ਹੈ। ਤੁਰੇ ਜਾਂਦੇ ਰਾਹੀ ਸਾਡੇ ਵਲ ਝਾਕਦੇ ਹਨ ਅਤੇ ਲੰਮਾ ਸਾਹ ਲੈ ਕੇ ਸਾਡੀ ਸੁਹੱਪਣ ਮਹਿਸੂਸ ਕਰਦੇ ਹਨ। ਐ ਮਨੁੱਖ! ਸਾਡਾ ਅੰਤ ਸੁੰਦਰਤਾ ਮਾਣਦਿਆਂ ਹੁੰਦਾ ਹੈ, ਅਸੀਂ ਆਪ ਵੀ ਖਿੜਦੇ ਹਾਂ ਅਤੇ ਵੇਖਣ ਵਾਲੇ ਨੂੰ ਵੀ ਖੇੜਿਆਂ ਵਿਚ ਲੈ ਜਾਂਦੇ ਹਾਂ। ਵੇਖਣ ਵਾਲਾ ਹਨ੍ਹੇਰੇ ਵਿਚ ਹੁੰਦਾ ਹੈ, ਉਸ ਨੇ ਆਪਣੇ ਅੰਦਰੋਂ ਹੀ ਇਹ ਧਾਰ ਲਿਆ ਹੈ ਕਿ ਇਹ ਸੁੰਦਰ ਵਸਤੂ ਮੈਂ ਆਪਣੇ ਦੇਵਤਾ ਨੂੰ, ਆਪਣੇ ਇਸ਼ਟ ਨੂੰ ਭੇਟਾਂ ਕਰਾਂ, ਇਹ ਸਾਨੂੰ ਡਾਲੀ ਨਾਲੋਂ ਤੋੜ ਲੈਂਦਾ ਹੈ। ਅਸੀਂ ਜੀਉਣ ਵਾਸਤੇ, ਹੋਰ ਲੰਮੇਰਾ ਖੇੜਾ ਰਖਣ ਵਾਸਤੇ ਆਪਣੀ ਪਿਆਰੀ ਟਾਹਣੀ ਨਾਲੋਂ ਟੁਟਣ ਤੇ, ਬਿਨਾਂ ਕੋਈ ਬਦਦੁਆ ਦਿਤਿਆਂ ਉਸ ਦੇ ਅੱਗੇ ਆਪਣਾ ਆਖਰੀ ਸਮਾਂ ਤਕ ਰਹੇ ਹੁੰਦੇ ਹਾਂ। ਪਿਆਰਿਆ! ਤੈਨੂੰ ਨਹੀਂ ਪਤਾ ਕਿ ਅਸੀਂ ਖਿੜੇ ਰਹਿ ਕੇ ਕਿੰਨੇ ਤੇਰੇ ਵਰਗੇ ਮਨੁੱਖਾਂ ਨੂੰ ਪ੍ਰਭਾਵਿਤ ਕਰਨਾ ਸੀ ਅਤੇ ਕਿੰਨੀਆਂ ਖੁਸ਼ਬੂਆਂ ਹਵਾ ਵਿਚ ਫੈਲਾਉਣੀਆਂ ਸਨ। ਤੇਰੇ ਅੰਦਰੋਂ ਬਦਬੂ ਨਿਕਲਦੀ ਹੈ, ਸੜਿਆਂਦ ਆਉਂਦੀ ਹੈ, ਤੇਰੇ ਅੰਗ-ਅੰਗ ਵਿਚੋਂ ਮੈਲ ਨਿਕਲਦੀ ਹੈ, ਪ੍ਰਭੂ ਨੇ ਸਾਢੇ ਤਿੰਨ ਕਰੋੜ ਰੋਮ ਤੇਰੇ ਵਿਚ ਤੇਰੇ ਅੰਦਰ ਛੇਕਾਂ ਰਾਹੀਂ ਮੈਲ ਕੱਢਣ ਲਈ ਰੱਖੇ ਹੁੰਦੇ ਹਨ। ਪਿਆਰਿਆ! ਤੇਰੇ ਅੰਦਰੋਂ ਖੁਸ਼ਬੂ ਨਹੀਂ ਆਉਂਦੀ, ਤੂੰ ਬਾਹਰਲੀਆਂ ਖੁਸ਼ਬੂਆਂ ਲਾ ਕੇ ਆਪਣੇ ਆਪ ਨੂੰ ਸਜਾਉਂਦਾ ਹੈਂ। ਤੇਰੇ ਅੰਦਰ ਹੈ ਕੀ? ਤੇਰੇ ਅੰਦਰ ਸਿਰਫ ਜੀਉਣ ਦੀ ਲਾਲਸਾ ਹੈ, ਤੂੰ ਕਿਸੇ ਨੂੰ ਕੁਝ ਵੀ ਨਹੀਂ ਦੇ ਸਕਦਾ, ਤੇਰੀ ਆਪਣੀ ਛੋਟੀ ਜਿਹੀ ਦੁਨੀਆ ਹੈ ਉਹਦੇ ਵਿਚ, ਉਸ ਘੁੰਮਣ ਘੇਰੀ ਵਿਚ ਤੂੰ ਰਹਿੰਦਾ ਹੈਂ, ਤੇਰੇ ਅੰਦਰੋਂ ਜੋ ਬ੍ਰਹਿਮੰਡ ਵਿਚ ਖਿਆਲ ਘੁੰਮ ਰਹੇ ਹਨ ਉਹ ਵੀ ਉਦਾਸ, ਮੈਲੇ ਅਤੇ ਮੁਰਝਾਏ ਹੋਏ ਹੁੰਦੇ ਹਨ, ਤੂੰ ਬਾਹਰਲੀ ਦੁਨੀਆਂ ਵਿਚ ਮਸਤ ਹੋ ਗਿਆ ਹੈਂ, ਤੈਨੂੰ ਨਹੀਂ ਪਤਾ ਕਿ ਤੇਰੇ ਅੰਦਰ ਕਿੰਨਾ ਖੇੜਾ ਗੁਪਤ ਰੂਪ ਵਿਚ ਸੁਰਖਸ਼ਿਤ ਹੈ। ਤੂੰ ਉਸ ਖੇੜੇ ਤਕ ਪਹੁੰਚਣ ਤੋਂ ਅਸਮਰਥ ਹੈਂ ਅਤੇ ਦੁਨੀਆਂ ਵਿਚ ਪ੍ਰਦੂਸ਼ਣ ਪੈਦਾ ਕਰ ਰਿਹਾ ਹੈਂ, ਤੇਰੇ ਸਾਹ ਵਿਚ ਮੈਲ ਹੈ, ਤੇਰੇ ਸਰੀਰ ਵਿਚ ਮੈਲ ਹੈ, ਤੇਰੇ ਅੰਦਰ ਬੇਅੰਤ ਬਦਬੂ ਹੈ, ਚਾਰ ਦਿਨ ਇਸ਼ਨਾਨ ਨਾ ਕਰੇਂ ਤਾਂ ਤੇਰਾ ਚੌਗਿਰਦਾ ਬਦਬੂ ਨਾਲ ਭਰ ਜਾਵੇਗਾ, ਤੇਰੀਆਂ ਸਾਰੀਆਂ ਇੰਦ੍ਰੀਆਂ ਵਿਚੋਂ ਮੈਲ ਨਿਕਲਦੀ ਹੈ ਪਰ ਤੇਰੀ ਵਡਿਆਈ ਕੀਤੀ ਜਾਂਦੀ ਹੈ, ਅਸੀਂ ਹਸਦੇ ਹਾਂ ਕਿ ਇਸ ਮਨੁੱਖ ਵਿਚ ਕੀ ਵਡਿਆਈ ਹੈ। ਐ ਮਨੁੱਖ! ਕਦੇ-ਕਦੇ ਤੇਰੇ ਵਰਗ ਵਿਚ, ਕੋਈ ਧੁਰੋਂ ਬਖਸ਼ਿਆ ਹੋਇਆ ਆਉਂਦਾ ਹੈ। ਉਹ ਇਨ੍ਹਾਂ ਖੇੜਿਆਂ ਵਿਚ ਰਹਿਣ ਦੀ ਜਾਂਚ ਦਸਦਾ ਹੈ ਅਤੇ ਤੈਨੂੰ ਪ੍ਰੇਰਨਾ ਆਉਂਦੀ ਹੈ, ਸੋਝੀ ਆਉਂਦੀ ਹੈ ਕਿ ਤੇਰੇ ਅੰਦਰ ਮਹਿਕਾਂ ਦਾ ਬੇਅੰਤ ਭੰਡਾਰ ਹੈ, ਤੇਰੇ ਅੰਦਰ ਸੁੰਦਰਤਾ ਹੀ ਸੁੰਦਰਤਾ, ਪਿਆਰ ਹੀ ਪਿਆਰ ਹੈ। ਤੈਨੂੰ ਮਹਿਕ ਲੈਣ ਲਈ ਕਿਸੇ ਵੀ ਹੋਰ ਵਸਤੂ ਦੀ ਲੋੜ ਨਹੀਂ ਕਿਉਂਕਿ ਤੇਰਾ ਅੰਦਰ ਮਹਿਕ ਨਾਲ ਭਰਿਆ ਪਿਆ ਹੈ। ਤੇਰੇ ਨੇਤਰਾਂ ਵਿਚ ਅਤਿ ਦੀ ਸੁੰਦਰਤਾ ਆ ਜਾਂਦੀ ਹੈ, ਉਹ ਐਨੀ ਸ਼ਕਤੀਸ਼ਾਲੀ ਹੁੰਦੀ ਹੈ ਕਿ ਜਿਧਰ ਵੀ ਦੇਖੋ ਉਧਰੋਂ ਰੋਗਾਂ ਨੂੰ, ਬਿਮਾਰੀਆਂ ਨੂੰ, ਉਦਾਸੀਆਂ ਨੂੰ ਰੋੜ੍ਹ ਕੇ ਦੂਰ ਕਰ ਦਿੰਦੀ ਹੈ ਪਰ ਤੈਨੂੰ ਜੀਵਨ ਜਾਚ ਦੀ ਸੋਝੀ ਨਹੀਂ, ਪ੍ਰਮੇਸ਼ਰ ਵਲੋਂ ਭੇਜੇ ਹੋਏ ਤੇਰੇ ਹੀ ਵਰਗ ਦੇ, ਤੇਰੇ ਹੀ ਰੂਪ ਵਰਗੇ ਜਦੋਂ ਸੰਸਾਰ ਵਿਚ ਆਉਂਦੇ ਹਨ, ਤੁਸੀਂ ਆਪੇ ਹੀ ਉਸ ਦੀ ਵਿਰੋਧਤਾ ਕਰਦੇ ਹੋਂ, ਉਹਨੂੰ ਕਦੇ ਬੇਤਾਲਾ ਕਹਿੰਦੇ ਹੋ, ਕਦੇ ਭੂਤਨਾ ਕਹਿੰਦੇ ਹੋਂ, ਕਦੇ ਆਪ-ਹੁਦਰਾ ਭੁੱਲੜ ਕਹਿੰਦੇ ਹੋ, ਅਨੇਕਾਂ ਅਸ਼ੁਭ ਵਿਸ਼ੇਸ਼ਣ ਉਹਦੇ ਨਾਲ ਜੋੜ ਦਿੰਦੇ ਹੋ ਪਰ ਉਹ ਫੇਰ ਵੀ ਤੁਹਾਡਾ ਭਲਾ ਕਰਦਾ ਰਹਿੰਦਾ ਹੈ। ਇਕ ਧੁਰੋਂ ਆਏ ਨੇ ਤੁਹਾਨੂੰ ਦਸਿਆ ਹੈ ਕਿ –

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੇ ਤੂੰ ਸਦਾ ਨਾਪਾਕ॥ ਪੰਨਾ – 374***

ਤੂੰ ਪੜ੍ਹਦਾ-ਪੜ੍ਹਦਾ ਥਕ ਜਾਂਦਾ ਹੈਂ, ਬੇਅੰਤ ਪੁਸਤਕਾਂ ਪੜ੍ਹਦਾ ਹੈਂ ਪਰ ਉਨ੍ਹਾਂ ਸਾਰੀਆਂ ਵਿਚ ਪੜ੍ਹਨ ਵਾਲੀ ਇਕ ਵੀ ਗੱਲ ਨਹੀਂ ਹੁੰਦੀ, ਉਹ ਐਵੇਂ ਤੇਰੇ ਦਿਮਾਗ ਅੰਦਰ ਕੋਹਝਾ ਬੋਝ ਲੱਦ ਦਿੰਦੀਆਂ ਹਨ, ਤੂੰ ਲਾਇਬ੍ਰੇਰੀਆਂ ਦੀਆਂ ਲਾਇਬ੍ਰੇਰੀਆਂ ਪੜ੍ਹ ਲੈਂਦਾ ਹੈਂ, ਪਰ ਤੈਨੂੰ ਨਹੀਂ ਪਤਾ ਕਿ ਪੜ੍ਹਨ ਵਾਲੀ ਚੀਜ਼ ਤਾਂ ਤੇਰੇ ਅੰਦਰ ਹੀ ਹੈ। ਜੇ ਤੂੰ ਉਹ ਪੜ੍ਹ ਲੈਂਦਾ ਤਾਂ ਸਾਰੀ ਪੜ੍ਹਾਈ ਤੇਰੇ ਅੰਦਰ ਆਪੇ ਹੀ ਆ ਜਾਂਦੀ। ਉਹਦੇ ਬਾਰੇ ਇਸ ਤਰ੍ਹਾਂ ਦਸਦੇ ਹਨ –

***ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***
***ਪੰਨਾ – 467***

ਤੂੰ ਬੇਅੰਤ ਚੀਜ਼ਾਂ ਜੋੜਦਾ ਹੈਂ, ਪ੍ਰਮੇਸ਼ਰ ਨੇ ਐਨੀ ਦੌਲਤ ਪੈਦਾ ਕੀਤੀ ਹੈ ਕਿ ਤੇਰੇ ਖਰਚਿਆਂ ਕਦੇ ਵੀ ਮੁਕ ਨਹੀਂ ਸਕਦੀ, ਕੋਈ ਵੀ ਭੁੱਖਾ ਨਹੀਂ ਰਹਿ ਸਕਦਾ, ਨੰਗਾ ਨਹੀਂ ਰਹਿ ਸਕਦਾ, ਕੋਈ ਵੀ ਉਦਾਸ ਨਹੀਂ ਰਹਿ ਸਕਦਾ ਪਰ ਤੂੰ ਦੌਲਤ ਨੂੰ ਵੰਡਣ ਦੀ ਥਾਂ ਛੁਪਾ-ਛੁਪਾ ਕੇ ਰਖਦਾ ਹੈਂ, ਆਪ ਤੇਰੇ ਤੋਂ ਵਰਤ ਨਹੀਂ ਹੁੰਦੀ, ਦੂਸਰਿਆਂ ਦੀਆਂ ਲੋੜਾਂ ਨੂੰ ਵੀ ਅਧੂਰੀਆਂ ਕਰ ਦਿੰਦਾ ਹੈਂ। ਮੈਂ ਤੈਨੂੰ ਕੀ ਕਹਾਂ, ਮੈਂ ਤਾਂ ਧਰਤੀ ਵਿਚੋਂ ਨਿੱਕਾ ਜਿਹਾ ਪੌਦਾ ਪੈਦਾ ਹੋ ਕੇ ਕੁਝ ਖਰੀਆਂ-ਖਰੀਆਂ ਗੱਲਾਂ ਕਰ ਰਿਹਾ ਹਾਂ, ਓਹੀ ਤੈਨੂੰ ਦਸਦਾ ਹਾਂ –

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
***ਨਸੀਹਤਨਾਮਾ***

ਪਿਆਰਿਆ! ਤੂੰ ਅੱਜ ਮੇਰੀਆਂ ਕੁਝ ਗੱਲਾਂ ਸੁਣ ਲੈ ਕਿਉਂਕਿ ਤੂੰ ਮੈਨੂੰ ਟਾਹਣੀ ਤੋਂ ਅੱਡ ਕਰਨ ਵਾਸਤੇ ਹੱਥ ਵਧਾਇਆ ਹੈ। ਮੈਂ ਤੈਨੂੰ ਤੇਰੀਆਂ ਸਾਰੀਆਂ ਅੰਦਰਲੀਆਂ ਗੱਲਾਂ ਦਸ ਰਿਹਾ ਹਾਂ, ਦੇਖ, ਮੈਂ ਕਦੇ ਵੀ ਉਦਾਸ ਨਹੀਂ ਹੁੰਦਾ, ਮੇਰੇ ਉਤੇ ਕਦੇ ਵੀ ਝੁਰੜੀਆਂ ਨਹੀਂ ਪੈਂਦੀਆਂ, ਮੈਨੂੰ ਠੰਢੀਆਂ ਹਵਾਵਾਂ, ਗਰਮ ਹਵਾਵਾਂ ਸੰਘਰਸ਼ ਵਿਚ ਪਾ ਕੇ ਰਖਦੀਆਂ ਹਨ ਪਰ ਉਹ ਮੇਰਾ ਖੇੜਾ ਨਹੀਂ ਖੋਹ ਸਕਦੀਆਂ, ਤੇਰੇ ਕੋਲ ਸੁਖਾਂ ਦਾ ਕੋਈ ਅੰਦਾਜ਼ਾ ਨਹੀਂ, ਤੇਰੇ ਕੋਲ ਕੋਠੀਆਂ ਠੰਢੀਆਂ ਕਰਨ ਵਾਲੀਆਂ air conditioned ਮਸ਼ੀਨਾਂ ਲੱਗੀਆਂ ਹੋਈਆਂ ਹਨ, ਸਰਦੀ ਤੋਂ ਬਚਣ ਲਈ ਘਰ ਗਰਮ ਕੀਤੇ ਹੋਏ ਹਨ, ਖਾਣ ਲਈ ਤੂੰ ਚੀਜ਼ਾਂ ਖਰੀਦ-ਖਰੀਦ ਕੇ ਜਮ੍ਹਾਂ ਕੀਤੀਆਂ ਹੋਈਆਂ ਹਨ ਪਰ ਤੇਰੇ ਅੰਦਰ ਖੇੜਾ ਕਿਉਂ ਨਹੀਂ ਆਉਂਦਾ। ਉਹ ਇਸ ਕਰਕੇ ਕਿਉਂਕਿ ਤੂੰ ਪ੍ਰਮੇਸ਼ਰ ਵਲੋਂ ਭੇਜਿਆਂ ਉਪਰ ਯਕੀਨ ਨਹੀਂ ਕਰਦਾ। ਉਨ੍ਹਾਂ ਪਾਸ ਇਕ ਐਸੀ ਔਸ਼ੁਧੀ ਹੈ ਜਿਸ ਨੂੰ ਤੂੰ ਇਕ ਵਾਰੀ ਅੰਦਰੋਂ ਪ੍ਰਗਟ ਕਰ ਲਵੇਂ ਤਾਂ ਉਹ ਤੈਨੂੰ ਕਦੇ ਵੀ ਉਦਾਸੀਆਂ ਵਿਚ ਨਹੀਂ ਜਾਣ ਦੇਵੇਗੀ। ਕਿੰਨੇ ਵੀ ਬਿਖੜੇ ਹਾਲਾਤ ਕਿਉਂ ਨਾ ਆ ਜਾਣ ਉਸ ਦਾ ਖੇੜਾ ਕਦੇ ਵੀ ਨਹੀਂ ਗੁਆਚੇਗਾ। ਉਹ ਤੈਨੂੰ ਦੱਸ ਦੇਣਗੇ ਕਿ ਤੇਰੇ ਅੰਦਰ ਅੰਮ੍ਰਿਤ ਦਾ ਪਿਆਲਾ ਕਿਥੇ ਕੁ ਪਿਆ ਹੈ, ਉਹ ਸੁੰਨਾ ਰਾਖੀ ਬਿਨਾਂ ਹੋਣ ਕਰਕੇ ਤੇਰੇ ਅੰਦਰੋਂ ਹੀ ਲੁਟੇਰੇ ਲੁਟ-ਲੁਟ ਕੇ ਬਰਬਾਦ ਕਰ ਰਹੇ ਹਨ, ਉਹ ਚਾਹੁੰਦੇ ਹਨ ਕਿ ਤੈਨੂੰ ਉਸ ਦੀ ਕੋਈ ਖਬਰ ਨਾ ਹੋ ਜਾਵੇ। ਉਸ ਨੂੰ ਤੇਰੀ ਬੋਲੀ ਵਿਚ ਨਾਮ ਆਖਦੇ ਹਨ, ਅੰਮ੍ਰਿਤ ਆਖਦੇ ਹਨ। ਜੋ ਤੇਰੇ ਅੰਦਰ ਹੀ ਹੈ। ਫੁਰਮਾਨ ਆਉਂਦਾ ਹੈ-

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥* *ਪੰਨਾ - 600*

ਅਤੇ ਹੋਰ ਵੀ ਦਸਦੇ ਹਨ ਕਿ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* *ਪੰਨਾ - 293*

ਆ ਤੇਰੇ ਨਾਲ ਮੈਂ ਅੱਜ ਬਹੁਤ ਗੱਲਾਂ ਕਰ ਲਈਆਂ ਹਨ, ਭਾਵੇਂ ਹੁਣ ਤੂੰ ਟਾਹਣੀ ਨਾਲੋਂ ਮੈਨੂੰ ਤੋੜ ਲੈ, ਜੇ ਨਾ ਤੋੜੇ ਤਾਂ ਮੈਂ ਹੋਰ ਤੇਰੇ ਵਰਗੀਆਂ ਅਨੇਕ ਅੱਖਾਂ ਨੂੰ ਤ੍ਰਿਪਤ ਕਰ ਸਕਦਾ ਹਾਂ। ਤੇਰੀ ਭੁੱਲ ਹੈ, ਮੈਂ ਖਿੜਿਆ ਹੋਇਆ ਉਸ ਮਹਾਨ ਸ਼ਕਤੀ ਦੇ ਹੁਕਮ ਵਿਚ ਹਾਂ, ਜੋ ਸਭਨਾਂ ਦੇ ਕਣ-ਕਣ ਵਿਚ ਰਮੀ ਹੋਈ ਹੈ। ਮੈਂ ਉਸ ਦੀ ਆਰਤੀ ਉਤਾਰ ਰਿਹਾ ਹਾਂ, ਮੈਂ ਉਸ ਦਾ ਧੰਨਵਾਦ ਕਰ ਰਿਹਾ ਹਾਂ, ਉਸ ਨੇ ਮੈਨੂੰ ਨਿੱਕੇ ਜਿਹੇ ਬੀਜ ਤੋਂ ਕਿੰਨਾ ਵੱਡਾ ਕਰ ਦਿਤਾ।

ਤੈਨੂੰ ਕਹਿੰਦੇ ਸਾਰੇ ਸਿਆਣੇ ਹਨ, ਤੇਰੀ ਦੇਹੀ ਵੀ ਸਭ ਤੋਂ ਉਤਮ ਮੰਨਦੇ ਹਨ ਪਰ ਤੂੰ ਸਾਰੀਆਂ ਜੂਨਾਂ ਨਾਲੋਂ ਹੇਠਾਂ ਕਿਉਂ ਹੈ? ਤੈਨੂੰ ਤੇਰੇ ਕਰਮਾਂ ਦਾ ਫਲ ਮਿਲਦਾ ਹੈ ਕਿਉਂਕਿ ਤੂੰ ਇਹ ਧਾਰ ਲੈਂਦਾ ਹੈਂ ਕਿ ਮੈਂ ਕਰ ਰਿਹਾ ਹਾਂ। ਅਸੀਂ ਕਦੇ ਇਹ ਗੱਲ ਸੁਪਨੇ ਵਿਚੋਂ ਵੀ ਨਹੀਂ ਸੋਚੀ, ਅਸੀਂ ਕਹਿੰਦੇ ਹਾਂ ਕਿ ਉਹ ਮਹਾਨ ਸ਼ਕਤੀ ਹੀ ਬੀਜ ਵਿਚੋਂ ਬੂਟਾ ਬਣਾਉਂਦੀ ਹੈ। ਅਸਾਡੇ ਵਿਚ ਸੁੰਦਰਤਾ ਰਲਾ ਕੇ ਮਹਿਕ ਪੈਦਾ ਕਰਦੀ ਹੈ, ਓਹੀ ਅਤਿ ਸੁੰਦਰ ਪੱਤੀਆਂ ਬਣਾਉਂਦੀ ਹੈ, ਅਸੀਂ ਸਦਾ ਹੀ ਉਸ ਦੀ ਰਜ਼ਾ ਵਿਚ ਜੁੜੇ ਰਹਿੰਦੇ ਹਾਂ, ਸਾਨੂੰ ਕਦੇ ਪਾਪ ਨਹੀਂ ਲਗਦਾ, ਨਾ ਹੀ ਅਸੀਂ ਪਾਪ ਕਰਦੇ ਹਾਂ, ਸਾਨੂੰ ਤਾਂ ਟਾਹਣੀ ਨਾਲੋਂ ਧੂਹ ਕੇ ਤੁਸੀਂ ਲੋਕ ਪਾਪ ਕਰਦੇ ਹੋਂ। ਕਿੰਨੀਆਂ ਕੁ ਗੱਲਾਂ ਮੈਂ ਤੁਹਾਡੇ ਨਾਲ ਕਰਾਂ, ਤੁਸੀਂ ਅੰਧਕਾਰ ਵਿਚ ਹੋਂ, ਤੇਰਾ ਤੇ ਮੇਰਾ ਪਿਛੋਕੜ ਇਕੋ ਹੀ ਹੈ। ਆ ਤੈਨੂੰ ਕੁਝ ਮਹਾਂਪੁਰਸ਼ਾਂ ਦੇ ਭਾਵ ਦਸਾਂ ਪਰ ਪਹਿਲਾਂ ਮੈਂ ਤੈਨੂੰ ਦੱਸਾਂ ਕਿ ਤੈਨੂੰ ਦੁਨੀਆਂ ਦੀਆਂ ਦੌਲਤਾਂ ਖੁਸ਼ੀ ਨਹੀਂ ਦੇ ਸਕਦੀਆਂ, ਜੇ ਤੂੰ ਉਸ ਵਾਹਿਗੁਰੂ ਦਾ ਧਿਆਨ ਨਹੀਂ ਕੀਤਾ, ਉਸ ਦੀ ਸੇਵਾ ਨਹੀਂ ਕੀਤੀ ਤਾਂ ਤੂੰ ਮੈਨੂੰ ਮਾਫ ਕਰੀਂ, ਤੂੰ ਵਿਸ਼ਟਾ ਦੇ ਕੀੜੇ ਤੋਂ ਵੱਧ ਮਹੱਤਤਾ ਨਹੀਂ ਰਖਦਾ। ਦੇਖ -

*ਸੁੰਦਰ ਸੇਜ ਅਨੇਕ ਸੁਖ*
*ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਪੰਨਾ - 707*

ਤੇਰਾ ਹੀ ਜ਼ਿਕਰ ਕਰਦੇ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ! ਹੇ ਦੁਨੀਆਂ ਦੇ ਪਾਲਕ, ਹੇ ਦੁਨੀਆਂ ਦੇ ਮਾਲਕ! ਤੂੰ ਤਾਂ ਮਹਾਨ ਪਵਿੱਤਰ ਹੈਂ। ਅਸੀਂ ਮਹਾਨ ਜੂਠੇ ਹਾਂ, ਝੂਠੇ ਹਾਂ, ਕਰਮ ਹੀਣ ਹਾਂ, ਸਾਡੇ ਮੂੰਹ ਵਿਚ ਹੋਰ ਗੱਲ ਹੁੰਦੀ ਹੈ, ਸਾਡੇ ਹਿਰਦੇ ਵਿਚ ਹੋਰ ਗੱਲ ਹੁੰਦੀ ਹੈ। ਉਪਰੋਂ ਅਸੀਂ ਬਹੁਤ ਸਾਧੂ ਲਗਦੇ ਹਾਂ, ਸਾਊ ਲਗਦੇ ਹਾਂ, ਮਾਨਯੋਗ ਪ੍ਰਤਿਸ਼ਠਾ ਵਾਲੇ ਲਗਦੇ ਹਾਂ ਪਰ ਅੰਦਰ ਸਾਡੇ ਦੁਸ਼ਟਤਾਈ ਭਰੀ ਹੁੰਦੀ ਹੈ, ਤੂੰ ਹੀ ਸਾਨੂੰ ਰਖ ਸਕਦਾ ਹੈਂ, ਇਹ ਵੀ ਕੋਈ ਵਿਰਲਾ ਹੀ ਕਹਿੰਦਾ ਹੈ, ਨਹੀਂ ਤਾਂ ਉਸੇ ਅੰਧਕਾਰ ਵਿਚ ਪਏ ਊਲ ਜਲੂਲ ਬੋਲਦੇ ਰਹਿੰਦੇ ਹਨ -

*ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ*
*ਹਮ ਕਿਉ ਕਰਿ ਮਿਲਹ ਜੂਠਾਰੀ॥*
*ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ*
*ਹਮ ਕਰਮਹੀਣ ਕੂੜਿਆਰੀ॥*
*ਹਮਰੀ ਮੁਦ੍ਰ ਨਾਮੁ ਹਰਿ ਸੁਆਮੀ*
*ਰਿਦ ਅੰਤਰਿ ਦੁਸਟ ਦੁਸਟਾਰੀ॥*
*ਜਿਉ ਭਾਵੈ ਤਿਉ ਰਾਖਹੁ ਸੁਆਮੀ*

(ਬਾਕੀ ਪੰਨਾ 51 ਤੇ)

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਕਰਮਿ ਮਿਲੈ ਆਖਣੁ ਤੇਰਾ ਨਾਉ॥*
*ਜਿਤੁ ਲਗਿ ਤਰਣਾ ਹੋਰੁ ਨਹੀ ਥਾਉ॥*
*ਜੇ ਕੋ ਡੂਬੈ ਫਿਰਿ ਹੋਵੈ ਸਾਰ॥*
*ਨਾਨਕ ਸਾਚਾ ਸਰਬ ਦਾਤਾਰ॥੪॥੩॥੫॥*

*ਪੰਨਾ - 661*

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਮਹਾਰਾਜ ਜੀ ਦਾ ਬਖਸ਼ਿਆ ਹੋਇਆ ਜਸ 'ਆਸਾ ਦੀ ਵਾਰ' ਰਾਹੀਂ ਆਪ ਨੇ ਗਾਇਨ ਤੇ ਸ੍ਰਵਣ ਕੀਤਾ ਹੈ ਤੇ ਵਿਚਾਰਿਆ ਹੈ। ਆਪਣਾ ਸਮਾਂ ਵੀ ਸਫਲਾ ਕੀਤਾ ਹੈ ਜਿਸ ਦਾ ਬੇਅੰਤ ਵੱਡਾ ਫਲ ਹੋਇਆ ਕਰਦਾ ਹੈ। ਉਸ ਤੋਂ ਉਪਰੰਤ ਆਪ ਨੇ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਜੋ ਸਾਨੂੰ ਸੇਧ ਬਖਸ਼ਦਾ ਹੈ ਉਹ ਸ੍ਰਵਣ ਕੀਤਾ ਹੈ। ਬੜੇ ਧਿਆਨ ਦੇ ਨਾਲ ਇਸ ਸ਼ਬਦ ਦਾ ਜੋ ਸਿਧਾਂਤ ਹੈ ਜੇ ਸਮਝਣ ਦਾ ਯਤਨ ਕੀਤਾ ਜਾਵੇ, ਤਾਂ ਐਸਾ ਜ਼ਿਕਰ ਆਉਂਦਾ ਹੈ ਜਨਮ ਸਾਖੀਆਂ ਦੇ ਅੰਦਰ, ਕਿ ਇਕੋ ਹੀ ਸ਼ਬਦ ਜੋ ਇਹ ਉਚਾਰਨ ਕੀਤਾ ਹੈ ਜੇ ਕਮਾ ਲਿਆ ਜਾਵੇ ਤੇ ਸਮਝ ਕੇ ਇਸ ਦੇ ਮੁਤਾਬਿਕ ਚਲਿਆ ਜਾਵੇ ਤਾਂ ਆਦਮੀ ਦਾ ਸਰੀਰਿਕ ਦੁਖ ਤਾਂ ਇਕ ਪਾਸੇ ਰਿਹਾ, ਕਰੋੜਾ ਜਨਮਾਂ ਦੇ ਪਾਪ ਜਿਨ੍ਹਾਂ ਦਾ ਫਲ ਬੇਅੰਤ ਕਿਸਮ ਦੇ ਦੁਖ ਹੁੰਦੇ ਨੇ ਸਰੀਰਿਕ ਦੁਖ, ਮਾਨਸਿਕ ਦੁਖ, ਆਰਥਿਕ ਦੁਖ, ਭਾਈਚਾਰਕ ਦੁਖ, ਰਾਜਸੀ ਦੁਖ, ਵਾਸ਼ਨਾਵਾਂ ਦੀ ਅਪੂਰਤੀ ਦਾ ਦੁਖ, ਵੈਰ ਵਿਰੋਧ ਦਾ ਦੁਖ, ਦੁਸ਼ਮਣਾਂ ਦਾ ਦੁਖ, ਮਹਾਰਾਜ ਕਹਿੰਦੇ ਦੁਖਾਂ ਦੇ ਘਾਣ ਨੇ। ਜੇ ਦੁਖ ਗਿਣਨ ਲੱਗੋ ਤਾਂ ਦੁਖ ਤੋਂ ਰਹਿਤ ਕੋਈ ਬੰਦਾ ਨਹੀਂ ਹੈ -

*ਜੋ ਜੋ ਦੀਸੈ ਸੋ ਸੋ ਰੋਗੀ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥* *ਪੰਨਾ - 1140*

ਇਕ ਸਿਰਫ ਸਤਿਗੁਰੂ ਹੈ ਜਿਸ ਨੂੰ ਕੋਈ ਰੋਗ ਨਹੀਂ ਹੈ, ਦੁੱਖ ਨਹੀਂ ਹੈ ਬਾਕੀ ਤਾਂ ਮਹਾਰਾਜ ਨੇ ਫੁਰਮਾਨ ਕਰ ਦਿੱਤਾ ਕਿ -

*ਬਾਲੀ ਰੋਵੈ ਨਾਹਿ ਭਤਾਰੁ॥*
*ਨਾਨਕ ਦੁਖੀਆ ਸਭੁ ਸੰਸਾਰੁ॥* *ਪੰਨਾ - 954*

ਸੰਤ ਮਹਾਰਾਜ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਪ੍ਰਵਚਨ ਕਰਦੇ ਹੋਏ

### ਹੁਕਮਨਾਮਾ

*ਧਨਾਸਰੀ ਮਹਲਾ ੫॥*
*ਜੀਉ ਤਪਤੁ ਹੈ ਬਾਰੋ ਬਾਰ॥*
*ਤਪਿ ਤਪਿ ਖਪੈ ਬਹੁਤੁ ਬੇਕਾਰ॥*
*ਜੈ ਤਨਿ ਬਾਣੀ ਵਿਸਰਿ ਜਾਇ॥*
*ਜਿਉ ਪਕਾ ਰੋਗੀ ਵਿਲਲਾਇ॥੧॥*
*ਬਹੁਤਾ ਬੋਲਣੁ ਝਖਣੁ ਹੋਇ॥*
*ਵਿਣੁ ਬੋਲੇ ਜਾਣੈ ਸਭੁ ਸੋਇ॥੧॥ਰਹਾਉ॥*
*ਜਿਨਿ ਕਨ ਕੀਤੇ ਅਖੀ ਨਾਕੁ॥*
*ਜਿਨਿ ਜਿਹਵਾ ਦਿਤੀ ਬੋਲੇ ਤਾਤੁ॥*
*ਜਿਨਿ ਮਨੁ ਰਾਖਿਆ ਅਗਨੀ ਪਾਇ॥*
*ਵਾਜੈ ਪਵਣੁ ਆਖੈ ਸਭ ਜਾਇ॥੨॥*
*ਜੇਤਾ ਮੋਹੁ ਪਰੀਤਿ ਸੁਆਦ॥*
*ਸਭਾ ਕਾਲਖ ਦਾਗਾ ਦਾਗ॥*
*ਦਾਗ ਦੋਸ ਮੁਹਿ ਚਲਿਆ ਲਾਇ॥*
*ਦਰਗਹ ਬੈਸਣ ਨਾਹੀ ਜਾਇ॥੩॥*

ਦੁਖ ਕਿਉਂ ਪੈਦਾ ਹੁੰਦਾ ਹੈ? ਇਸ ਤੋਂ ਛੁਟਕਾਰਾ ਕਿਵੇਂ ਹੁੰਦਾ ਹੈ? ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਨੇ ਇਸ ਭੇਤ ਨੂੰ ਖੋਲ੍ਹ ਦਿੱਤਾ। ਆਪਣੀ ਯਾਤਰਾ ਕਰਦੇ ਕਰਦੇ ਜਦੋਂ ਆਪ ਦੀਪਾਲਪੁਰ ਨਗਰ ਦੇ ਅੰਦਰ ਪਹੁੰਚਦੇ ਨੇ, ਉਸ ਵੇਲੇ ਕੁਝ ਹਨ੍ਹੇਰਾ ਹੋ ਗਿਆ ਤਾਂ ਮਹਾਰਾਜ ਜੀ ਪਿੰਡ ਤੋਂ ਥੋੜ੍ਹਾ ਹਟ ਕੇ ਕੋਈ ਚੰਗਾ ਦਰਖਤ ਦੇਖ ਕੇ ਉਸ ਦੇ ਥੱਲੇ ਰੈਣ ਕੱਟਣ ਦਾ, ਰੈਣ ਬਸੇਰਾ ਕਰਨ ਦਾ ਉਦਮ ਕਰਦੇ ਨੇ ਤੇ ਭਾਈ ਮਰਦਾਨਾ, ਕਿਤੋਂ ਜਲ ਦੀ ਤਲਾਸ਼ ਕਰਦਾ ਹੈ ਕਿ ਮੈਂ ਜਲ ਲਿਆਵਾਂ ਤੇ ਥਾਂ ਸਾਫ ਹੋ ਜਾਏ, ਥੋੜ੍ਹਾ ਛਿੜਕ ਦੇਵਾਂ ਤੇ ਫਿਰ ਰਾਤ ਨੂੰ ਗੰਦ ਮੰਦ ਨਾ ਲੱਗ ਜਾਵੇ ਕੱਪੜਿਆਂ ਨੂੰ। ਮਹਾਰਾਜ ਜੀ ਨੂੰ ਕੋਈ ਸਫਾ ਨਹੀਂ ਸੀ ਵਿਛਾਉਂਦਾ, ਕੋਈ ਪਲੰਘ ਲੈ ਕੇ ਨਹੀਂ ਸੀ ਆਉਂਦਾ। ਜਿਥੇ ਰਾਤ ਪੈ ਜਾਂਦੀ ਸੀ ਉਥੋਂ ਹੀ ਦਰਖਤਾਂ ਦੀਆਂ ਟਹਿਣੀਆਂ ਤੋੜ ਕੇ ਓਨਾ ਕੁ ਥਾਂ ਸਾਫ ਕਰ ਲੈਣਾ ਤੇ ਉਥੇ ਦਰਖਤ ਦੇ ਥੱਲੇ ਪੈ ਜਾਣੇ, ਉਵੇਂ ਜਿਵੇਂ ਧਰਤੀ ਤੇ ਹੀ ਸੌਂ ਜਾਣਾ। ਅੰਮ੍ਰਿਤ ਵੇਲੇ ਫੇਰ ਉਠ ਜਾਣਾ, ਉਥੇ ਹੀ ਫੇਰ ਭਜਨ ਕਰ ਲੈਣਾ ਕਿਉਂਕਿ ਐਨਾ ਕਪੜਾ ਲੀੜਾ ਚੁਕਿਆ ਨਹੀਂ ਸੀ ਜਾ ਸਕਦਾ। ਆਪ ਹਰ ਵਕਤ ਤੁਰੇ ਰਹਿੰਦੇ ਸੀ। ਬਹੁਤ ਹੀ ਜਰੂਰੀ ਚੀਜ਼ਾਂ ਆਪਣੇ ਕੋਲ ਰਖਦੇ। ਪਾਣੀ ਵਾਸਤੇ ਪਹਿਲੇ ਜ਼ਮਾਨਿਆਂ ਦੇ ਅੰਦਰ ਬਹੁਤ ਹਲਕਾ ਬਰਤਨ ਹੁੰਦਾ। ਇਕ ਰੱਸੀ ਹੁੰਦੀ ਤੇ ਉਸ ਨੂੰ ਮੌਕੇ ਤੇ ਜਾ ਕੇ ਕਿਸੇ ਖੂਹ ਵਿਚੋਂ, ਕਿਸੇ ਨਦੀ ਵਿਚੋਂ ਪਾਣੀ ਲੈ ਲੈਣਾ ਤੇ ਇਸ਼ਨਾਨ ਕਰ ਲੈਣਾ। ਬਾਕੀ ਪੈਰਾਂ ਦੇ ਅੰਦਰ ਲੱਕੜੀ ਦੀ ਜੁੱਤੀ ਹੁੰਦੀ ਜਿਸ ਨੂੰ ਖੜਾਵਾਂ ਕਹਿੰਦੇ ਸੀ, ਖੁੰਟੀਦਾਰ। ਪਹਿਨਣ ਵਾਸਤੇ ਖੁੱਲ੍ਹੇ ਕੱਪੜੇ ਹੋਇਆ ਕਰਦੇ ਸੀ। ਸਾਡੇ ਵਰਗੇ ਨਹੀਂ ਕਿ ਪਜਾਮਾ ਸਵਾਇਆ ਹੋਇਆ ਹੈ, ਕੁੜਤਾ ਸਵਾਇਆ ਹੋਇਆ ਹੈ। ਇਕੋ ਹੀ ਕੱਪੜੇ ਦੀ ਗਿਲਟੀ ਮਾਰ ਲੈਣੀ, ਉਹ ਤੇੜ ਹੋ ਜਾਂਦਾ ਸੀ, ਇਕ ਉਤੇ ਲੈ ਲੈਣਾ। ਦੋ ਚੱਦਰਾਂ ਹੁੰਦੀਆਂ ਸਨ। ਸਾਰੇ ਮਹਾਂਪੁਰਸ਼ ਇਵੇਂ ਹੀ ਕਰਦੇ ਸੀ। ਮੁਹੰਮਦ ਸਾਹਿਬ ਬਾਰੇ ਜ਼ਿਕਰ ਹੈ ਕਿ ਉਨ੍ਹਾਂ ਨੇ ਸਾਰੀ ਜ਼ਿੰਦਗੀ ਦੋ ਚਾਦਰਾਂ ਵਿਚ ਕੱਟ ਦਿੱਤੀ, ਤਿਆਗ ਹੁੰਦਾ ਕਿਉਂਕਿ ਹਰ ਵਕਤ ਸਫਰ ਹੁੰਦਾ ਸੀ। ਘੱਟ ਤੋਂ ਘੱਟ ਬਸਤ੍ਰ ਰੱਖਣੇ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਭਾਈ ਮਰਦਾਨਾ! ਇਥੇ ਹੀ ਥਾਂ ਸਾਫ ਕਰ ਲਓ, ਰਾਤ ਵੱਡੀ ਚਲੀ ਗਈ ਹੈ ਤੇ ਇਥੇ ਹੀ ਅਸੀਂ ਵਿਸ਼ਰਾਮ ਕਰ ਲਵਾਂਗੇ। ਜਦੋਂ ਭਾਈ ਮਰਦਾਨਾ ਜੀ ਚੰਗਾ ਦਰਖਤ ਦੇਖ ਕੇ ਇਕ ਚੌਂਤਰਾ (ਚਬੂਤਰਾ) ਦੇਖ ਕੇ ਉਸ ਦੇ ਉਤੇ ਝਾੜੂ ਦੇਣ ਲੱਗੇ ਉਸੇ ਵੇਲੇ ਨੇੜੇ ਦੇ ਮੁਹੱਲੇਦਾਰ ਨਿਕਲ ਆਏ।

ਕਹਿੰਦੇ, "ਇਥੇ ਨਹੀਂ ਅਸੀਂ ਪੈਣ ਦੇਣਾ, ਹੁਣ ਤੁਸੀਂ ਪੈ ਜਾਣਾ ਹੈ ਤੇ ਥੋੜ੍ਹੀ ਜਿਹੀ ਦੇਰ ਨੂੰ ਜਦੋਂ ਅਸੀਂ ਸੌਂ ਜਾਣਾ ਹੈ, ਸਾਡਾ ਘਰ ਭੰਨ ਲੈਣਾ ਹੈ ਤੁਸੀਂ। ਤੁਸੀਂ ਚੋਰ ਹੋ, ਅਸੀਂ ਨਹੀਂ ਪੈਣ ਦਿੰਦੇ।"

ਸਾਫ ਕਰਿਆ-ਕਰਾਇਆ ਥਾਉਂ ਛਡ ਦਿੱਤਾ। ਮਹਾਰਾਜ ਜੀ ਦੂਸਰੇ ਪਾਸੇ ਚਲੇ ਗਏ।

ਕਹਿੰਦੇ, "ਭਾਈ! ਆਪਣਾ ਕਾਹਦਾ ਦਾਅਵਾ ਹੈ, ਕੋਈ ਮਲਕੀਅਤ ਤਾਂ ਹੈ ਨਹੀਂ ਕਿ ਇਨ੍ਹਾਂ ਨੂੰ ਅਸੀਂ ਕਹੀਏ ਕਿ ਅਸੀਂ ਤਾਂ ਜਰੂਰ ਇਥੇ ਬੈਠਾਂਗੇ। ਚਲੋ ਕੋਈ ਭਲਾ ਬੰਦਾ ਮਿਲ ਜਾਏਗਾ ਉਥੇ ਚਲਦੇ ਹਾਂ।"

ਉਥੇ ਚਲੇ ਗਏ। ਉਨ੍ਹਾਂ ਨੇ ਵੀ ਆ ਕੇ ਉਠਾ ਦਿੱਤਾ ਕਿ ਕੋਈ ਓਪਰੇ ਬੰਦੇ ਆ ਕੇ ਪੈ ਰਹੇ ਨੇ ਨੇੜੇ। 100 ਗਜ ਦੀ ਵਿਥ ਹੋਏਗੀ 200 ਗਜ ਦੀ ਹੋਏਗੀ। ਉਸ ਤੋਂ ਬਾਅਦ ਮਹਾਰਾਜ ਤੀਸਰੇ ਥਾਉਂ, ਚੌਥੇ ਥਾਉਂ ਰਾਤ ਦੇ 10 ਵਜ ਗਏ ਕੋਈ ਵੀ ਨਹੀਂ ਟਿਕਾਣਾ ਦਿੰਦਾ।

ਮਹਾਰਾਜ ਕਹਿਣ ਲੱਗੇ, "ਕਿਉਂ ਬਈ ਪ੍ਰੇਮੀਓ! ਪਹਿਲੀ ਗੱਲ ਤਾਂ ਇਹ ਹੈ ਕਿ ਤੁਸੀਂ ਗ੍ਰਹਿਸਥੀ ਬੰਦੇ ਹੋ, ਸਾਧੂਆਂ ਤੋਂ ਬਗੈਰ ਤੁਹਾਡਾ ਗੁਜ਼ਾਰਾ ਹੋਣਾ ਮੁਸ਼ਕਲ ਹੈ ਕਿਉਂਕਿ ਤੁਸੀਂ ਤਾਂ ਮੋਹ ਮਾਇਆ ਵਿਚ ਫਸੇ ਰਹਿੰਦੇ ਹੋ। ਉਹ ਸਾਧੂ ਹੀ ਨੇ ਜਿਹੜੇ ਤੁਹਾਨੂੰ ਰਸਤਾ ਦਸਦੇ ਨੇ। ਤੁਸੀਂ ਉਨ੍ਹਾਂ ਦੇ ਠਹਿਰਨ ਵਾਸਤੇ ਆਪਣੇ ਨਗਰ ਵਲੋਂ ਕੋਈ ਥਾਂ ਨਹੀਂ ਬਣਾਇਆ, ਕੋਈ ਧਰਮਸ਼ਾਲਾ, ਕੋਈ ਸਰਾਂ।"

ਕਹਿੰਦੇ, "ਨਾ ਨਾ ਬਾਬਾ! ਅਸੀਂ ਇਹੋ ਜਿਹੀਆਂ ਗੱਲਾਂ ਵਿਚ ਨਹੀਂ ਪੈਂਦੇ, ਫਜ਼ੂਲ ਬਾਤਾਂ ਵਿੱਚ। ਪਹਿਲਾਂ ਠਹਿਰਨ ਨੂੰ ਥਾਂ ਦਿਓ, ਫੇਰ ਘਰ ਭੰਨ ਲੈਣਗੇ। ਅਸੀਂ ਤਾਂ ਓਪਰਾ ਬੰਦਾ ਅੰਦਰ ਵੜਨ ਹੀ ਨਹੀਂ ਦਿੰਦੇ।"

ਮਹਾਰਾਜ ਕਹਿੰਦੇ, "ਇਹ ਤਾਂ ਬਹੁਤ ਬੁਰੀ ਬਾਤ ਹੈ। ਆਦਮੀ ਜਿਥੇ ਆਪਣੇ ਵਾਸਤੇ ਜੀਉਂਦਾ ਹੈ ਉਥੇ ਦੂਸਰਿਆਂ ਵਾਸਤੇ ਵੀ ਉਸ ਨੂੰ ਜੀਉਣਾ ਚਾਹੀਦਾ ਹੈ। ਉਹ ਤਾਂ ਬੰਦਾ ਬੜਾ ਖੁਦਗਰਜ਼ ਹੁੰਦਾ ਹੈ ਜਿਹੜਾ ਆਪਣੇ ਵਾਸਤੇ ਜੀਉਂਦਾ ਹੈ। ਅਤਿਥੀ ਸੇਵਾ ਤਾਂ ਬਹੁਤ ਵੱਡੀ ਚੀਜ਼ ਹੈ, ਪ੍ਰਸ਼ਾਦ ਪਾਣੀ ਦੇਣਾ, ਆਰਾਮ ਦੇਣਾ, ਖੁਸ਼ੀ ਪ੍ਰਾਪਤ ਕਰਨੀ। ਕੋਈ ਸਾਧੂ ਮਹਾਤਮਾ ਆ ਜਾਂਦਾ ਹੈ, ਉਸਦਾ ਇਕ ਬਚਨ ਹੀ ਤਾਰ ਦਿੰਦਾ ਹੈ।"

ਸਮਝਾਉਣ ਦਾ ਯਤਨ ਕੀਤਾ ਲੇਕਿਨ ਕੋਈ ਨਾ ਸਮਝਿਆ। ਅਖੀਰ ਕਹਿਣ ਲੱਗੇ ਕਿ ਹਾਂ, ਹਾਂ ਸਾਡੇ ਯਾਦ ਆ ਗਿਆ ਸੰਤ ਜੀ ਸਾਨੂੰ ਮਾਫੀ ਦਿਓ ਕਿਉਂਕਿ ਬਿਲਕੁਲ ਹੀ ਸਾਡੇ ਦਿਮਾਗ ਵਿਚੋਂ ਗੱਲ ਨਿਕਲ ਗਈ ਸੀ। ਅਸੀਂ ਤਾਂ ਇਕ ਬਹੁਤ ਹੀ ਵਧੀਆ ਥਾਂ ਬਣਾਇਆ ਹੋਇਆ ਹੈ, ਆਉਂਦੇ ਜਾਂਦਿਆਂ ਨੂੰ ਰਹਿਣ ਵਾਸਤੇ ਤੇ ਐਨਾ ਜੀਅ ਲਗਦਾ ਹੈ ਉਥੇ, ਐਨੀ ਨੀਂਦ ਆਉਂਦੀ ਹੈ, ਐਨੇ ਸੁਪਨੇ। ਕੋਲ ਖੂਹ ਹੈ ਤੇ ਇਸ਼ਨਾਨ ਦੀ ਕੋਈ ਤਕਲੀਫ ਨਹੀਂ ਤੇ ਸਵਾਗਤ ਕਰਨ ਵਾਲੇ ਵੀ ਉਥੇ ਨੇ। ਤੁਸੀਂ ਸਾਨੂੰ ਉਸ ਵੇਲੇ ਹੀ ਦੱਸਣੀ ਸੀ ਇਹ ਗੱਲ। ਅਸੀਂ ਤਾਂ ਐਵੇਂ ਹੀ ਚੋਰ-ਚਕਾਰ ਸਮਝ ਲਿਆ ਤੁਹਾਨੂੰ।

ਮਹਾਰਾਜ ਕਹਿੰਦੇ, "ਕਿਥੇ ਹੈ?"

ਕਹਿੰਦੇ, "ਆਹ ਰਸਤਾ ਜਾਂਦਾ ਹੈ ਨਾਂਹ ਜਿਹੜਾ।

ਤੁਸੀਂ ਇਸ ਤੇ ਚਲੇ ਜਾਇਓ, ਕੋਈ 3-400 ਕੁ ਗਜ ਉਸ ਤੋਂ ਬਾਅਦ ਖੱਬੇ ਪਾਸੇ ਮੁੜ ਜਾਇਓ, ਦਰਖਤ ਨਜ਼ਰ ਆਏਗਾ ਤੇ ਉਥੇ ਹੀ ਹੈ ਬਹੁਤ ਵੱਡਾ ਮਕਾਨ, ਖੂਹ ਹੈ ਉਥੇ ਲੱਗਿਆ ਹੋਇਆ। ਹਨ੍ਹੇਰਾ ਹੈ ਉਥੇ ਤੁਸੀਂ ਟੋਹ ਕੇ ਦੇਖ ਲੈਣਾ।"

ਮਹਾਰਾਜ ਕਹਿੰਦੇ, "ਚੱਲ ਬਈ ਪਿਆਰਿਆ! ਦੇਖ ਕਰਤਾਰ ਦੇ ਰੰਗ ਕਿ ਕਿਧਰ ਲੈ ਜਾਂਦਾ ਹੈ ਕਰਤਾਰ। ਸੋਹਣਾ ਮਹੱਲ ਹੈ ਜਾਂ ਸੋਹਣਾ ਮਹੱਲ ਬਣ ਜਾਏਗਾ ਇਹ ਤਾਂ ਕਰਤਾਰ ਨੂੰ ਪਤਾ ਹੈ।"

ਰਮਜ਼ ਦੇ ਗਏ ਉਥੇ। ਜਿਸ ਵਕਤ ਦੱਸੀ ਹੋਈ ਥਾਂ ਦੇ ਨੇੜੇ ਗਏ ਤਾਂ ਖੂਹ ਵੀ ਨਜ਼ਰ ਆ ਗਿਆ। ਉਸ ਵੇਲੇ ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੇਰਾ ਤਾਂ ਸਿਰ ਚੱਕਰ ਖਾਣ ਲੱਗ ਗਿਆ।

ਕਹਿੰਦੇ, "ਕੀ ਗੱਲ?"

ਕਹਿੰਦਾ, "ਐਨੀ ਦੁਰਗੰਧ ਹੈ ਕਿ ਆਪਾਂ ਸਹਿ ਨਹੀਂ ਸਕਦੇ। ਪਤਾ ਨਹੀਂ ਇਥੇ ਕੋਈ ਪਸ਼ੂ ਮਰਿਆ ਪਿਆ ਹੈ ਜਾਂ ਕੋਈ ਹੋਰ ਚੀਜ਼ ਹੈ।"

ਕਹਿੰਦੇ, "ਮਰਦਾਨਿਆ! ਅੱਜ ਆਪਾਂ ਰਾਤ ਇਥੇ ਹੀ ਕੱਟਣੀ ਹੈ। ਕਦੇ-ਕਦੇ ਐਸੇ ਮੌਕੇ ਵੀ ਆ ਜਾਇਆ ਕਰਦੇ ਨੇ। ਉਹ ਵੀ ਕੱਟ ਲੈਣੇ ਚਾਹੀਦੇ ਨੇ।"

ਸੋ ਮਹਾਰਾਜ ਉਸ ਵੇਲੇ ਦਰਖਤ ਦੇ ਥੱਲੇ ਸਫਾਈ ਕਰਦੇ ਨੇ, ਝਾੜੂ ਦਿੱਤਾ, ਰਾਤ ਵੱਡੀ ਹੋ ਗਈ ਸੀ ਲੇਕਿਨ ਇਕ ਥਾਂ ਤੋਂ ਆਵਾਜ਼ ਆ ਰਹੀ ਹੈ, ਹਾਏ! ਹਾਏ!! ਕੋਲੋਂ ਹੀ ਆਵਾਜ਼ ਆਉਂਦੀ ਹੈ ਤੇ ਨਾਲ ਓਲਾਂਭੇ ਆਉਂਦੇ ਨੇ ਕਿ ਹੇ ਰੱਬਾ! ਮੈਂ ਤੇਰਾ ਕੀ ਵਿਗਾੜਿਆ ਸੀ। ਤੂੰ ਤਾਂ ਸੁਣੀਦਾ ਹੈ ਰਹਿਮਦਿਲ ਹੈਂ ਪਰ ਤੇਰੇ ਵਰਗਾ ਪੱਥਰ ਦਿਲ ਦਾ ਦੁਨੀਆਂ ਤੇ ਕੋਈ ਨਹੀਂ ਹੈ। ਮੈਂ ਕਿੰਨਾ ਦੁਖੀ ਹਾਂ ਤੂੰ ਮੇਰਾ ਕੋਈ ਦੁਖ ਦੂਰ ਨਹੀਂ ਕਰਦਾ, ਮੇਰਾ ਦੁਖ ਸੁਣਦਾ ਨਹੀਂ ਤੇ ਮੇਰੇ ਨਾਲ ਹੀ ਤੂੰ ਇਹ ਗੱਲ ਕਰਨੀ ਹੈ। ਮੈਂ ਕਿਹੜਾ ਕੰਮ ਇਹੋ ਜਿਹਾ ਕਰ ਦਿੱਤਾ ਕਿ ਤੂੰ ਮੇਰੇ ਨਾਲ ਨਰਾਜ਼ ਹੋ ਗਿਆ। ਬਹੁਤ ਓਲਾਂਭੇ ਦੇ ਰਿਹਾ ਹੈ।

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆ! ਹੁਣ ਆਪਾਂ ਕੀ ਸੌਣਾ ਹੈ, ਰਾਤ ਬੀਤ ਚੁੱਕੀ ਹੈ ਤੇ ਅੰਮ੍ਰਿਤ ਵੇਲਾ ਹੋਣ ਵਾਲਾ ਹੋ ਗਿਆ, ਚਲ ਇਉਂ ਕਰ, ਅਜ ਆਪਾਂ ਰੈਣ ਸਬਾਈ ਕੀਰਤਨ ਹੀ ਕਰਾਂਗੇ, ਰਬਾਬ ਸੁਰ ਕਰ।"

ਉਸੇ ਵੇਲੇ ਰਬਾਬ ਸੁਰ ਕੀਤੀ ਤੇ ਇਹ ਜੋ ਹੁਕਮਨਾਮਾ ਆਪ ਨੇ ਸਰਵਣ ਕੀਤਾ ਹੈ ਇਹ ਸ਼ਬਦ ਮਹਾਰਾਜ ਜੀ ਨੇ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਜਿਸ ਵਕਤ ਪਹਿਲੀ ਤੁਕ ਗਾਇਨਿ ਕੀਤੀ -

***ਜੀਉ ਤਪਤੁ ਹੈ ਬਾਰੋ ਬਾਰ॥***
***ਤਪਿ ਤਪਿ ਖਪੈ ਬਹੁਤੁ ਬੇਕਾਰ॥*** ***ਪੰਨਾ - 661***

ਕਿ ਜੀਵ ਤਪ ਰਿਹਾ ਹੈ, ਬਾਰ-ਬਾਰ ਤਪ ਰਿਹਾ ਹੈ। ਇਹ ਤਪ-ਤਪ ਕੇ ਬਹੁਤ ਖੁਆਰ ਹੋ ਰਿਹਾ ਹੈ। ਅਲਾਪ ਗੁਰੂ ਮਹਾਰਾਜ ਦੇ ਪਵਿੱਤਰ ਗਲੇ ਤੋਂ ਹੋਇਆ। ਆਵਾਜ਼ ਉਠੀ ਤੇ ਆਵਾਜ਼ ਦੀ vibration (ਝਰਨਾਹਟ) ਹੋਈ ਤੇ ਉਹ ਝੌਂਪੜੀ ਵਿਚ ਜਿਹੜਾ ਰਹਿਣ ਵਾਲਾ ਸੀ ਉਹਦੇ ਤੱਕ ਪਹੁੰਚੀ ਤਾਂ ਉਸ ਨੇ ਕਰ੍ਹਾਉਣਾ ਬੰਦ ਕਰ ਦਿੱਤਾ।

ਕਹਿਣ ਲੱਗਿਆ, "ਕੌਣ ਆ ਗਿਆ? ਜਿਸ ਦੇ ਬੋਲ ਵਿਚ ਐਨੀ ਤਾਸੀਰ ਹੈ ਕਿ ਮੇਰਾ ਰੋਗ ਜਾਣ ਲੱਗ ਗਿਆ ਤੇ ਆਵਾਜ਼ ਦਿੱਤੀ ਕਿ ਓ ਪ੍ਰੇਮੀਓ! ਦੇਖਿਓ ਕਿਤੇ ਬੰਦ ਨਾ ਕਰਿਓ, ਮੈਨੂੰ ਬੜੀ ਚੰਗੀ ਲੱਗੀ ਹੈ ਤੁਹਾਡੀ ਆਵਾਜ਼, ਚੁਪ ਨਾ ਕਿਤੇ ਕਰ ਜਾਇਓ। ਤੁਸੀਂ ਗਾਓ-ਗਾਓ। ਮੈਂ ਬੜੇ ਸਮੇਂ ਤੋਂ ਦੁਖੀ ਸੀ, ਪਤਾ ਨਹੀਂ ਕੀ ਤਾਸੀਰ ਹੈ ਤੁਹਾਡੀ ਆਵਾਜ਼ ਦੇ ਅੰਦਰ ਕਿ ਮੇਰਾ ਦੁਖ ਦੂਰ ਹੋਣਾ ਸ਼ੁਰੂ ਹੋ ਗਿਆ।"

ਤੇ ਮਹਾਰਾਜ ਨੇ ਦੂਸਰਾ ਬਚਨ ਕੀਤਾ -

***ਜੈ ਤਨਿ ਬਾਣੀ ਵਿਸਰਿ ਜਾਇ॥***
***ਜਿਉ ਪਕਾ ਰੋਗੀ ਵਿਲਲਾਇ॥*** ***ਪੰਨਾ - 661***

ਕਹਿਣ ਲੱਗੇ, "ਜਿਸ ਤਰ੍ਹਾਂ ਕਿਸੇ ਦੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਕੋੜ੍ਹ ਹੋ ਕੇ ਸਰੀਰ ਗੱਲ ਜਾਵੇ ਤੇ ਵਿਰਲਾਪ ਕਰੇ ਤੇ ਬਦਬੂ ਮਾਰੇ। ਗਲਿਆ ਹੋਇਆ ਸਰੀਰ ਹੋਵੇ ਤੇ ਨੇੜੇ ਨਾ ਬੈਠ ਹੋਵੇ। ਜਿਵੇਂ ਉਹ ਵਿਰਲਾਪ ਕਰਦਾ ਹੈ ਨਾਂਹ ਇਸ ਤਰ੍ਹਾਂ ਦੇ ਨਾਲ ਉਹ ਵੀ ਵਿਰਲਾਪ ਕਰਦਾ ਹੈ ਜਿਸ ਨੂੰ ਬਾਣੀ ਵਿਸਰ ਜਾਂਦੀ ਹੈ। ਉਸ ਦੇ ਅੰਦਰ ਵਿਰਲਾਪ ਉਠਦਾ ਹੈ, ਹਉਕੇ ਆਉਂਦੇ ਨੇ, ਹਾਵੇ ਆਉਂਦੇ ਨੇ, ਅੰਦੇਸ਼ਿਆਂ ਦੇ ਨਾਲ ਪੀੜਿਆ ਜਾਂਦਾ ਹੈ। ਇਹ ਬਚਨ ਜੋ ਹੈ ਬਿਲਕੁਲ ਸਮਝਣ ਵਾਲਾ ਹੈ ਕਿ ਮਹਾਰਾਜ ਨੇ ਬਾਣੀ ਕਿਸ ਚੀਜ਼ ਨੂੰ ਕਿਹਾ ਹੈ? ਬਾਣੀ ਦਾ ਕਿੰਨਾ ਪਸਾਰਾ ਹੈ? ਬਾਣੀ ਕਿਥੇ-ਕਿਥੇ ਹੈ? ਸ਼ੁਧ ਰੂਪ ਦੇ ਵਿਚ ਬਾਣੀ ਕਿਥੇ ਹੈ? ਅਸ਼ੁੱਧ ਰੂਪ ਦੇ ਵਿਚ ਬਾਣੀ ਕਿਥੇ ਹੈ? ਉਸ ਨੂੰ ਆਪ ਨੇ 'ਜਪੁਜੀ ਸਾਹਿਬ' ਦੇ ਅੰਦਰ ਸਾਫ ਕੀਤਾ ਹੈ। ਉਸ ਬਾਣੀ ਦਾ ਜ਼ਿਕਰ ਕਰਦੇ ਹੋਏ ਆਪ ਫੁਰਮਾਉਂਦੇ ਨੇ ਕਿ

***ਸੁਅਸਤਿ ਆਥਿ ਬਾਣੀ ਬਰਮਾਉ॥***
***ਸਤਿ ਸੁਹਾਣੁ ਸਦਾ ਮਨਿ ਚਾਉ॥*** ***ਪੰਨਾ - 4***

ਕੋਈ ਬਾਣੀ ਐਸੀ ਹੈ ਜਿਸ ਨੂੰ ਬ੍ਰਹਮ ਦੀ ਬਾਣੀ ਕਹਿੰਦੇ ਨੇ, ਵਾਹਿਗੁਰੂ ਬੋਲਦਾ ਹੈ। ਬੰਦੇ ਤਾਂ ਬੋਲਦੇ ਨੇ, ਪਸ਼ੂ ਬੋਲਦੇ ਨੇ, ਜੀਵ ਜੰਤੂ ਬੋਲਦੇ ਨੇ, ਪਾਣੀ ਬੋਲਦਾ ਹੈ, ਅੱਗ ਬੋਲਦੀ ਹੈ, ਅਕਾਸ਼ ਬੋਲਦਾ ਹੈ, ਧਰਤੀ ਬੋਲਦੀ ਹੈ, ਪੱਥਰ ਬੋਲਦੇ ਨੇ। ਸਾਰੇ ਬੋਲਦੇ ਨੇ ਆਪਣੀ-ਆਪਣੀ ਬੋਲੀ, ਆਵਾਜ਼ ਆਉਂਦੀ ਹੈ। ਪਾਣੀ ਦੇ ਕੰਢੇ ਬੈਠ ਜਾਓ ਇਕੋ ਹੀ ਆਵਾਜ਼ ਕਿਲ-ਕਿਲ-ਕਿਲ-ਕਿਲ ਦੀ ਆਏਗੀ, ਅੱਗ ਦੇ ਕੋਲ ਬੈਠ ਜਾਓ ਪਕ-ਪਕ ਦੀ ਆਵਾਜ਼ ਆਏਗੀ ਕਿ ਇਹ ਬੋਲਦੇ ਸਾਰ, ਕੋਈ ਬੋਲ ਐਸਾ ਹੈ ਜਿਸ ਨੂੰ ਸੁਣ ਕੇ ਸਦਾ ਲਈ ਆਦਮੀ ਦੇ ਅੰਦਰ ਖੇੜਾ ਪੈਦਾ ਹੋ ਜਾਵੇ ਤੇ

ਚਾਓ ਪੈਦਾ ਹੋ ਜਾਵੇ। ਜਿਸ ਦੇ ਅੰਦਰ ਚਾਉ ਪੈਦਾ ਹੋ ਜਾਂਦਾ ਹੈ ਉਸ ਦੇ ਅੰਦਰ ਖ਼ੂਨ ਨਵਾਂ ਆ ਜਾਂਦਾ ਹੈ, ਥਕੇਵਾਂ ਨਹੀਂ ਆਉਂਦਾ, ਬੁਢਾਪਾ ਨਹੀਂ ਆਉਂਦਾ, ਚਾਓ ਹੀ ਚਾਓ ਰਹਿੰਦਾ ਹੈ, ਉਤਸ਼ਾਹ ਹੀ ਉਤਸ਼ਾਹ ਰਹਿੰਦਾ ਹੈ। ਉਹ ਮੁਰਝਾਇਆ ਹੋਇਆ ਨਹੀਂ ਹੁੰਦਾ। ਜਵਾਨੀ ਦੇ ਅੰਦਰ ਮੁਰਝਾਏ ਹੋਏ ਬੰਦੇ ਦੇਖੇ ਨੇ, ਬਚਪਨ ਦੇ ਅੰਦਰ ਬੰਦੇ ਮੁਰਝਾਏ ਹੋਏ ਦੇਖੇ ਨੇ। ਮੁਰਝਾਹਟ ਉਸ ਦੇ ਅੰਦਰ ਨਹੀਂ ਆਉਂਦੀ ਕਿਉਂਕਿ ਉਸ ਦੇ ਅੰਦਰ ਬਾਣੀ ਪ੍ਰਗਟ ਹੋ ਗਈ, ਜਿਸ ਨੂੰ ਆਥ' ਬਾਣੀ ਕਹਿੰਦੇ ਨੇ। ਉਹ 'ਆਥ' ਬਾਣੀ ਹਰੇਕ ਦੇ ਅੰਦਰ ਹੈ। ਉਹ ਇਕ ਧੁਨ ਹੈ ਜਿਸ ਦੇ ਆਸਰੇ ਖੰਡ-ਬ੍ਰਹਿਮੰਡ ਖੜ੍ਹੇ ਨੇ। ਜੇ ਤਾਂ ਉਸ ਧੁਨ ਦੇ ਨਾਲ ਸੰਪਰਕ ਜੁੜ ਜਾਵੇ ਤਾਂ ਕਹਿੰਦੇ -

***ਸਤਿ ਸੁਹਾਣੁ ਸਦਾ ਮਨਿ ਚਾਉ॥*** ***ਪੰਨਾ - 4***

ਹੋ ਜਾਂਦਾ ਹੈ। ਸਦਾ ਹੀ ਨਵੀਨਤਾ ਤੇ ਸਦਾ ਹੀ ਖੇੜਾ ਉਸ ਦੇ ਅੰਦਰ ਪੈਦਾ ਹੋ ਜਾਂਦਾ ਹੈ ਕਿਉਂਕਿ ਬਾਣੀ ਨਾਲ ਉਸ ਦਾ ਸੰਬੰਧ ਪੈਦਾ ਹੋ ਗਿਆ, ਬਾਣੀ ਤੱਕ ਪਹੁੰਚ ਹੋ ਗਈ। ਉਹ ਬਾਣੀ ਜੇ ਵਿਸਰ ਜਾਵੇ ਤਾਂ ਮਹਾਰਾਜ ਕਹਿੰਦੇ-

***ਜਿਉ ਪਕਾ ਰੋਗੀ ਵਿਲਲਾਇ॥*** ***ਪੰਨਾ - 661***

ਜਿਵੇਂ ਪੱਕਾ ਰੋਗੀ ਵਿਰਲਾਪ ਕਰਦਾ ਹੈ ਇਸ ਤਰ੍ਹਾਂ ਉਹ ਵਿਰਲਾਪ ਕਰਦਾ ਹੈ ਜਿਸ ਨੂੰ ਉਹ ਬਾਣੀ ਭੁੱਲ ਜਾਂਦੀ ਹੈ। ਜਿਸ ਨੂੰ 'ਆਥ' ਬਾਣੀ ਕਹਿੰਦੇ ਨੇ, ਨਿਰੰਕਾਰ ਦੀ ਬਾਣੀ ਕਹਿੰਦੇ ਨੇ।

***ਪ੍ਰਥਮ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥***

ਕਿੱਡੀ ਵੱਡੀ ਕਹਿੰਦੇ ਧੁਨ ਹੋਏਗੀ। ਐਸਾ ਜ਼ਿਕਰ ਆਉਂਦਾ ਹੈ ਕਿ ਕ੍ਰਿਸ਼ਨ ਮਹਾਰਾਜ ਇਕ ਬੰਸਰੀ ਹਰ ਵਕਤ ਰੱਖਿਆ ਕਰਦੇ ਸੀ। ਉਹ ਪਸ਼ੂ, ਜਿਹੜੇ ਚੁਗਦੇ ਹੋਏ ਬੰਸਰੀ ਦੀ ਆਵਾਜ਼ ਸੁਣਦੇ ਸੀ ਉਹ ਇਕ ਦਮ ਚੁਗਣਾ ਛੱਡ ਕੇ, ਮੂੰਹ ਚੁੱਕ ਕੇ ਉਸ ਪਾਸੇ ਦੇਖਣਾ ਸ਼ੁਰੂ ਕਰ ਦਿੰਦੇ ਸੀ। ਜਦੋਂ ਉਹ ਜ਼ਿਆਦਾ ਦੇਰ ਵਜਾਉਂਦੇ ਸੀ ਫੇਰ ਉਹ ਚੁਗਣਾ ਭੁੱਲ ਜਾਂਦੇ ਸੀ ਤੇ ਜੇ ਉਹ ਖੜ੍ਹੇ ਨੇ ਤਾਂ ਕੋਲ ਆ ਕੇ ਨਾਲ ਲਗ ਕੇ ਖੜ੍ਹ ਜਾਂਦੇ ਸੀ ਕਿਉਂਕਿ ਉਹ ਬਾਣੀ ਕੋਈ ਮੋਹਣ ਵਾਲੀ ਸੀ, ਕੋਈ ਐਸੀ ਚੀਜ਼ ਸੀ ਜਿਹੜੀ ਮੋਹ ਲੈਂਦੀ ਸੀ। ਹਿਰਨ ਨੂੰ ਜਿਹੜੀ ਬਾਣੀ ਮੋਹਦੀ ਹੈ ਉਸ ਨੂੰ ਘੰਡੇਹੇੜੇ ਦਾ ਸ਼ਬਦ ਕਹਿੰਦੇ ਨੇ। ਜੇ ਬਾਣੀ ਲੱਗ ਜਾਵੇ ਤਾਂ ਲਿਟਣ ਲੱਗ ਜਾਂਦਾ ਹੈ। ਉਸ ਤੋਂ ਸਹਿ ਨਹੀਂ ਹੁੰਦੀ ਉਹ ਬਾਣੀ। ਉਹ ਜਦੋਂ ਲਿਟਦਾ ਹੈ ਤਾਂ ਸ਼ਿਕਾਰੀ ਉਸ ਨੂੰ ਜਾ ਕੇ ਫੜ ਲੈਂਦਾ ਹੈ, ਕੋਲ ਜਾ ਕੇ ਹੱਥਾਂ ਨਾਲ। ਮਹਾਰਾਜ ਕਹਿੰਦੇ ਇਕ ਐਸੀ ਬਾਣੀ ਹਰੇਕ ਦੇ ਅੰਦਰ ਹੈ ਜਿਸ ਨੂੰ ਆਥ ਬਾਣੀ ਕਹਿੰਦੇ ਨੇ, ਬ੍ਰਹਮ ਬਾਣੀ ਕਹਿੰਦੇ ਨੇ ਤੇ ਉਸ ਦੇ ਨਾਲ ਜੇ ਮੇਲ ਹੋ ਜਾਵੇ ਤਾਂ ਜੰਮਣਾ-ਮਰਨਾ ਖਤਮ ਹੋ ਜਾਂਦਾ ਹੈ। ਕਹਿੰਦੇ ਜਿਸ ਨੂੰ ਇਹ ਭੁੱਲ ਜਾਂਦੀ ਹੈ, ਬਾਣੀ, ਇਹ ਧੁਨ ਭੁੱਲ ਜਾਂਦੀ ਹੈ ਉਹ ਤਾਂ ਫਿਰ ਇਸ ਤਰ੍ਹਾਂ ਹੋ ਜਾਂਦਾ ਹੈ ਜਿਵੇਂ ਕੋਹੜ ਵਾਲਾ ਵਿਰਲਾਪ ਕਰਦਾ ਹੈ ਐਵੇਂ ਜਿਵੇਂ ਉਹ ਕਰਦਾ ਹੈ।

ਸੋ ਇਹ ਮਹਾਰਾਜ ਨੇ ਇਕ ਰਮਜ਼ ਮਾਰ ਕੇ ਸਮਝਾਇਆ ਕਿਉਂਕਿ ਗੁਰੂ ਮਹਾਰਾਜ ਦੇ ਜੋ ਪਵਿੱਤਰ ਗਲੇ ਵਿਚੋਂ ਬਾਣੀ ਆਉਂਦੀ ਸੀ ਆਪ ਉਸ ਬਾਣੀ ਦੇ ਵਿਚ ਹਰ ਵਕਤ ਨਿਵਾਸ ਰੱਖਦੇ ਸੀ, ਭੁੱਲਦੀ ਨਹੀਂ ਸੀ ਕਦੇ ਵੀ, ਹਰ ਵਕਤ ਅੰਦਰ ਸੀ। ਉਸ ਨੂੰ ਅਨਹਦ ਬਾਣੀ ਵੀ ਕਹਿੰਦੇ ਨੇ।

***ਅਨਹਦ ਬਾਣੀ ਥਾਨੁ ਨਿਰਾਲਾ॥***
***ਤਾ ਕੀ ਧੁਨਿ ਮੋਹੇ ਗੋਪਾਲਾ॥*** ***ਪੰਨਾ - 186***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜਿਸ ਨੂੰ ਵਿਸਰ ਜਾਂਦੀ ਹੈ ਉਹ ਪੱਕੇ ਰੋਗੀ ਵਾਗੂੰ ਵਿਲਕਦਾ ਹੈ।

***ਜਿਨਿ ਕਨ ਕੀਤੇ ਅਖੀ ਨਾਕੁ॥*** ***ਪੰਨਾ - 661***

ਜਿਸ ਨੇ ਅੱਖਾਂ ਬਣਾਈਆਂ ਨੇ, ਨੱਕ ਬਣਾਇਆ ਹੈ, ਜ਼ੁਬਾਨ ਬੋਲਣ ਵਾਸਤੇ ਦਿੱਤੀ ਹੈ। ਕਹਿੰਦੇ ਆਦਮੀ ਉਸ ਨੂੰ ਹਰ ਵਕਤ ਭੁਲਿਆ ਰਹਿੰਦਾ ਹੈ। ਉਸ ਨੂੰ ਪਤਾ ਹੀ ਨਹੀਂ ਕਿ ਮੈਨੂੰ ਜੇ ਬੁਲਾਉਂਦਾ ਹੈ ਤਾਂ ਮੈਂ ਬੋਲਦਾ ਹਾਂ ਜੇ ਗੂੰਗਾ ਕਰ ਦਿੰਦਾ ਤਾਂ ਮੈਂ ਬੋਲ ਨਹੀਂ ਸੀ ਸਕਦਾ। ਜੇ ਮੇਰੀਆਂ ਅੱਖਾਂ ਵਿਚ ਸ਼ਕਤੀ ਦਿੰਦਾ ਹੈ ਦੇਖਣ ਦੀ ਤਾਂ ਮੈਂ ਦੇਖਦਾ ਹਾਂ। ਜੇ ਨਾਂ ਦਿੰਦਾ ਤਾਂ ਮੈਨੂੰ ਦਿਸਣਾ ਹੀ ਕੁਝ ਨਹੀਂ ਸੀ, ਜੇ ਮੇਰੇ ਕੰਨਾਂ ਵਿਚ ਸ਼ਕਤੀ ਦਿੱਤੀ ਹੈ ਤਾਂ ਮੈਂ ਸੁਣਦਾ ਹਾਂ, ਜੇ ਨਾ ਦਿੰਦਾ ਤਾਂ ਮੈਨੂੰ ਸੁਣਨਾ ਨਹੀਂ ਸੀ। ਇਸੇ ਤਰ੍ਹਾਂ ਬੋਲਣ ਵਾਸਤੇ ਸ਼ਕਤੀ ਦਿੱਤੀ ਹੈ ਜੀਭ ਵਿਚ ਤੇ ਉਸ ਨੂੰ ਬੰਦਾ (ਸ਼ਕਤੀ ਦੇਣ ਵਾਲੇ ਨੂੰ) ਹਰ ਵਕਤ ਭੁੱਲਿਆ ਰਹਿੰਦਾ ਹੈ। ਯਾਦ ਨਹੀਂ ਰੱਖਦਾ ਤੇ ਜਿਸ ਵਕਤ ਪ੍ਰਸੂਤ ਦੀ ਹਵਾ ਦਾ ਜੋਰ ਪੈਂਦਾ ਹੈ ਉਸ ਵਕਤ ਸਾਰੇ ਕਹਿੰਦੇ ਪੈਦਾ ਹੋ ਗਿਆ, ਪੈਦਾ ਹੋ ਗਿਆ, ਜੰਮ ਪਿਆ ਪਰ ਸੰਸਾਰ ਵਿਚ ਆ ਕੇ ਉਹ ਬਾਣੀ ਭੁੱਲ ਜਾਂਦਾ ਹੈ ਤੇ ਗਲਤੀਆਂ ਕਰਦਾ ਹੈ, ਪਾਪ ਕਰਦਾ ਹੈ ਤੇ ਨਸ਼ਿਆਂ ਦੇ ਵਿਚੋਂ ਸੁਖ ਭਾਲਦਾ ਹੈ, ਪੈਸੇ ਵਿਚੋਂ ਸੁਖ ਭਾਲਦਾ ਹੈ, ਬੋਲ ਬੋਲ ਕੇ ਸੁਖ ਭਾਲਦਾ ਹੈ, ਮਹਾਰਾਜ ਕਹਿੰਦੇ -

***ਬਹੁਤਾ ਬੋਲਣੁ ਝਖਣੁ ਹੋਇ॥***
***ਵਿਣ ਬੋਲੇ ਜਾਣੈ ਸਭੁ ਸੋਇ॥*** ***ਪੰਨਾ - 661***

ਕਾਹਨੂੰ ਗਾਲ੍ਹਾਂ ਕੱਢੀ ਜਾਂਦਾ ਹੈ ਰੱਬ ਨੂੰ ਆਪਣੇ ਕਰਮਾਂ ਨੂੰ ਕੱਢ ਜਿਨ੍ਹਾਂ ਨੇ ਤੈਨੂੰ ਇਥੇ ਤੱਕ ਪਹੁੰਚਾਇਆ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥*** ***ਪੰਨਾ - 1256***

ਜਿਹੜਾ ਵਾਹਿਗੁਰੂ ਨੂੰ ਭੁੱਲ ਕੇ ਰਸਾਂ ਤੇ ਭੋਗਾਂ ਵਿਚ ਪਏਗਾ ਉਸ ਦਾ ਸਰੀਰ ਰੋਗੀ ਹੋ ਜਾਏਗਾ ਫੇਰ ਉਹ ਵਿਰਲਾਪ ਕਰਦਾ ਹੈ।

ਕਹਿੰਦੇ, "ਕਿਉਂ ਪ੍ਰੇਮੀਆ! ਤੂੰ ਵਾਹਿਗੁਰੂ ਨੂੰ ਦੋਸ਼ ਦਿੰਦਾ ਹੈ? ਤੂੰ ਆਪਣੇ ਕਰਮਾਂ ਨੂੰ ਦੋਸ਼ ਦੇਹ। ਤੇਰੇ ਕਰਮਾਂ ਦਾ ਫਲ ਇਹ ਹੋਇਆ ਕਿ ਤੈਨੂੰ ਕੋਹੜ ਹੋ ਗਿਆ ਤੇ ਹੁਣ ਉਨ੍ਹਾਂ ਕਰਮਾਂ ਨੂੰ ਦੋਸ਼ ਦੇਹ ਨਾ ਕਿ ਜਿਸ ਨੇ ਤੈਨੂੰ ਪੈਦਾ

ਕਰਿਆ ਹੈ ਉਸ ਨੂੰ ਦੋਸ਼ ਦੇਵੇਂ। ਉਹ ਤਾਂ ਸਦਾ ਦਇਆਲੂ, ਕਿਰਪਾਲੂ ਹੈ। ਜੇ ਕੋਈ ਡੁਬ ਜਾਵੇ ਪਾਪਾਂ ਦੇ ਅੰਦਰ ਫੇਰ ਮੁੜ ਕੇ ਉਸ ਦੇ ਮਨ ਵਿਚ ਧਿਆਨ ਆ ਜਾਵੇ ਉਸ ਪਰੀਪੂਰਨ, ਪਾਰਬ੍ਰਹਮ ਪਰਮੇਸ਼ਰ ਦਾ ਤੇ ਪ੍ਰਭੂ ਨਾਲ ਉਸ ਦੀ 'ਸੁਰਤਿ' ਲਗ ਜਾਵੇ ਤਾਂ ਉਹ ਉਠ ਖੜ੍ਹਦਾ ਹੈ ਕਿਉਂਕਿ ਇਸ ਦੇ ਜਿੰਨਾ ਮੋਹ, ਪ੍ਰੀਤ ਤੇ ਸਵਾਦ ਨੇ। ਸੁਆਦ ਲੈਂਦਾ ਹੈ ਰਸ, ਕਸ ਖਾਂਦਾ ਹੈ, ਭੋਗਦਾ ਹੈ। ਇਸ ਦੇ ਸਾਰੇ ਕਾਲਖ ਦੇ ਦਾਗ ਸੂਖਸ਼ਮ ਸਰੀਰ ਤੇ ਧੱਪੇ ਲੱਗਣੇ ਸ਼ੁਰੂ ਹੋ ਜਾਂਦੇ ਨੇ। ਜਦੋਂ ਫੇਰ –

***ਦਾਗ ਦੋਸ ਮੁਹਿ ਚਲਿਆ ਲਾਇ॥*** ***ਪੰਨਾ – 662***

ਜਦੋਂ ਮੂੰਹ ਦੇ ਉਤੇ, ਸਰੀਰ ਦੇ ਉਤੇ ਦੋਸ਼ ਲੱਗੇ ਹੋਏ ਨੇ ਪਾਪਾਂ ਦੇ ਫੇਰ ਐਸੇ ਗੰਦੇ ਮੰਦੇ ਨੂੰ ਦਰਗਾਹ ਦੇ ਵਿਚ ਵੜਨ ਨਹੀਂ ਦਿੰਦੇ। ਕਹਿੰਦੇ –

***ਦਰਗਹ ਬੈਸਣ ਨਾਹੀ ਜਾਇ॥*** ***ਪੰਨਾ – 662***

ਦਰਗਾਹ ਦੇ ਵਿਚ ਬੈਠਣ ਨੂੰ ਵੀ ਥਾਂ ਨਹੀਂ ਮਿਲਣਾ ਪੈਰ ਰੱਖਣ ਨੂੰ ਵੀ –

***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਪੰਨਾ – 464***

ਉਹ ਰੋਂਦਾ ਹੈ, ਉਸ ਨੂੰ ਧੱਕੇ ਮਾਰਨਗੇ ਕਿ ਜਾਹ ਕੁੱਤਿਆਂ–ਬਿੱਲਿਆਂ ਦੀ ਜੂਨ ਵਿਚ ਪੈ ਜਾਹ। ਤੇਰਾ ਇਥੇ ਥਾਉਂ ਨਹੀਂ ਕਿਉਂਕਿ ਤੂੰ ਐਨੇ ਦਾਗ ਤੇ ਦੋਸ਼ ਲਗਾ ਕੇ ਆਇਆ ਹੈਂ ਮਨੁੱਖ ਬਣ ਕੇ ਕਿ ਦਰਗਾਹ 'ਚ ਥਾਂ ਨਹੀਂ ਤੈਨੂੰ ਮਿਲ ਸਕਦਾ, ਇਸ ਕਰਕੇ ਤੂੰ ਫੇਰ ਜਾਹ ਤੇ ਜਾ ਕੇ ਕੁੱਤੇ, ਬਿੱਲੇ, ਸੂਰ, ਸੱਪ ਬਣਨਾ ਸ਼ੁਰੂ ਕਰ। ਇਹ ਕਰਮਾਂ ਦਾ ਕੀਤਾ ਹੋਇਆ ਫਲ ਭੋਗ ਤੇ ਬਦਲੇ ਦੇਹ ਤੇ ਜੋ ਮੁਰਗਿਆਂ ਦੀਆਂ ਗਰਦਨਾਂ ਮਰੋੜ ਕੇ ਖਾਂਦਾ ਰਿਹਾ ਹੁਣ ਜਾਹ, ਮੁਰਗਾ ਬਣ ਵਾਰ–ਵਾਰ ਉਨ੍ਹਾਂ ਨੂੰ ਖੁਆ ਜਿਨ੍ਹਾਂ ਨੂੰ ਤੂੰ ਖਾਂਦਾ ਰਿਹਾ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਪੰਨਾ – 1375***

ਕਹਿੰਦੇ ਆਹ ਜਿਹੜੀ ਸਾਦੀ ਰੋਟੀ ਹੈ ਜਿਹੜੀ ਨਮਕ ਨਾਲ ਹੀ ਖਾ ਲੈਣੀ, ਦਾਲ ਨਾਲ ਇਹ 'ਖੂਬ' ਹੈ ਇਹ ਬਿਮਾਰੀਆਂ ਹੀ ਨਹੀਂ ਪੈਦਾ ਕਰਦੀ।

***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
***ਪੰਨਾ – 1375***

ਜਾਨਵਰਾਂ ਨੂੰ ਮਾਰ ਕੇ ਜਿਹੜੀ ਰੋਟੀ ਖਾਣੀ ਹੈ ਕਹਿੰਦੇ ਉਦੋਂ ਤਾਂ ਸਵਾਦ ਲਾ–ਲਾ ਖਾ ਲੈਂਦਾ ਹੈ, ਪਿਛੋਂ ਜਦੋਂ ਗੱਲ ਕਟਾਉਣ ਦੀ ਵਾਰੀ ਆਈ, ਫੇਰ ਨੱਠਦਾ–ਭੱਜਦਾ ਹੈ ਫੇਰ ਫੰਗ (ਖੰਭ) ਮਾਰਦਾ ਹੈ, ਫੇਰ ਦੌੜਦਾ ਹੈ। ਪਹਿਲਾਂ ਭਾਈ ਤੂੰ ਇਸ ਨੂੰ ਖਾਧਾ ਹੋਇਆ ਹੈ ਹੁਣ ਆਪਣੇ ਆਪ ਨੂੰ ਖੁਆ। ਇਹ ਕ੍ਰਮ, ਸਿਲਸਿਲਾ ਖਤਮ ਨਹੀਂ ਹੋਣਾ, ਇਹ ਚੱਕਰ ਚਲਦਾ ਹੀ ਰਹਿਣਾ ਹੈ। ਸੋ ਮਹਾਰਾਜ ਕਹਿੰਦੇ ਦਰਗਾਹ ਵਿਚ ਥਾਉਂ ਨਹੀਂ ਹੈ –

***ਦਰਗਹ ਬੈਸਣ ਨਾਹੀ ਥਾਉ॥*** ***ਪੰਨਾ – 354***

ਕਹਿੰਦੇ ਜੇ ਭਲਾ ਡੁੱਬ ਜਾਵੇ ਆਦਮੀ ਫੇਰ ਬਸ ਡੁੱਬ ਗਿਆ? ਮਹਾਰਾਜ ਕਹਿੰਦੇ ਨਹੀਂ! ਡੁੱਬਦਾ ਨਹੀਂ ਹੈ ਪਿਆਰਿਓ! ਜੇ ਉਹ ਮੁੜ ਕੇ ਫੇਰ ਪ੍ਰਮੇਸ਼ਰ ਵੱਲ ਲੱਗ ਜਾਵੇ–

***ਜੇ ਕੋ ਡੂਬੈ ਫਿਰਿ ਹੋਵੈ ਸਾਰ॥*** ***ਪੰਨਾ – 662***

ਕਹਿੰਦੇ ਵਾਹਿਗੁਰੂ ਜਿਹੜਾ ਹੈ ਉਹ ਸਦਾ ਹੀ ਦਇਆਲੂ ਤੇ ਦਾਤਾਰ ਹੈ। ਉਹ ਦਾਤ ਕਰ ਦਿੰਦਾ ਹੈ ਤੇ ਉਸ ਦੇ ਗੁਨਾਹ ਬਖਸ਼ ਦਿੰਦਾ ਹੈ। ਉਸ ਦਾ ਸਰੀਰ ਤੰਦਰੁਸਤ ਹੋ ਜਾਂਦਾ ਹੈ। ਮਹਾਂਪੁਰਸ਼ਾਂ ਤੋਂ ਪਤਾ ਲੱਗ ਜਾਂਦਾ ਹੈ ਕਿ 'ਆਥ' ਬਾਣੀ ਨਾਲ ਕਿਵੇਂ ਮੇਲ ਹੁੰਦਾ ਹੈ? ਜਦੋਂ 'ਆਥ' ਬਾਣੀ ਦੇ ਨਾਲ ਮੇਲ ਹੁੰਦਾ ਹੈ ਫੇਰ ਬਾਣੀ ਹਰ ਵਕਤ ਇਸ ਦੇ ਅੰਦਰ ਚਲਦੀ ਹੈ। ਉਹ ਐਸੀ ਪਵਿੱਤਰ ਬਾਣੀ ਹੈ ਕਿ ਉਸ ਬਾਣੀ ਦੇ ਰਾਹੀਂ ਵਾਹਿਗੁਰੂ ਵੀ ਮੋਹਿਆ ਜਾਂਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਗਲੇ ਵਿਚੋਂ ਜਦੋਂ ਇਸ ਬਾਣੀ ਦਾ ਪ੍ਰਸਾਰ ਹੋਇਆ ਉਸੇ ਵੇਲੇ ਹਾਏ–ਹਾਏ ਬੰਦ ਹੋ ਗਈ। ਹੈਰਾਨ ਹੋ ਗਿਆ ਤੇ ਆਵਾਜ਼ ਦਿੰਦਾ ਹੈ ਕਿ ਤੁਸੀਂ ਕੌਣ ਹੋ? ਮੇਰੇ ਕੋਲ ਤਾਂ ਕੋਈ ਜਾਨਵਰ, ਪੰਛੀ ਵੀ ਨਹੀਂ ਆਉਂਦਾ, ਕਾਂ ਵੀ ਨਹੀਂ ਆਉਂਦਾ, ਮੈਨੂੰ ਜਿਹੜੇ ਰੋਟੀ ਦਿੰਦੇ ਨੇ ਉਹ ਐਨਾ ਤ੍ਰਿਸਕਾਰ ਕਰਦੇ ਨੇ ਕਿ ਉਹ ਸਾਹਮਣੇ ਬਾਂਸ ਰਖਿਆ ਹੋਇਆ ਹੈ ਤੇ ਉਹ ਡੱਬਾ ਰੱਖਿਆ ਹੋਇਆ ਹੈ ਉਸ ਦੇ ਵਿਚ ਰੋਟੀ ਪਾ ਕੇ ਇਥੇ ਸੁੱਟ ਦਿੰਦੇ ਨੇ ਬਾਂਸ ਦੇ ਨਾਲ, ਮੇਰੇ ਤਾਂ ਕੋਈ ਮੱਥੇ ਨਹੀਂ ਲਗਦਾ, ਨੇੜੇ ਨਹੀਂ ਆਉਂਦਾ, ਤੁਸੀਂ ਕੌਣ ਆ ਗਏ ਰੱਬ ਦੇ ਪਿਆਰੇ। ਮੈਂ ਰਾਜ਼ੀ ਹੋ ਗਿਆ ਤੁਹਾਡੀ ਆਵਾਜ਼ ਸੁਣ ਕੇ, ਕਿਰਪਾ ਕਰੋ ਮੇਰੇ ਉਤੇ। ਇਥੇ ਤਾਂ ਬਦਬੂ ਹੈ ਮੇਰੇ ਆਲੇ ਦੁਆਲੇ, ਚਾਰੇ ਪਾਸੇ ਗੰਦ ਹੀ ਗੰਦ ਫੈਲਿਆ ਪਿਆ ਹੈ। ਤੁਸੀਂ ਕੌਣ ਹੋ ਐਨੇ ਚੰਗੇ ਬੰਦੇ? ਜਿਹੜੇ ਇਥੇ ਆ ਗਏ।

ਸੋ ਅੰਮ੍ਰਿਤ ਵੇਲਾ ਹੋ ਗਿਆ, ਇਕ ਵੱਜ ਗਿਆ। ਮਹਾਰਾਜ ਨੇ ਕਿਹਾ, "ਮਰਦਾਨਿਆਂ! ਆਹ ਕੁੰਡ ਭਰ ਪਾਣੀ ਦੀ।"

ਕੁੰਡ ਬਣੀ ਹੋਈ ਸੀ। ਧੋਤੀ, ਸਾਫ ਕਰੀ ਮਿੱਟੀ ਨਾਲ ਮਾਂਜੀ, ਮਾਂਜ ਕੇ ਉਸ ਦੇ ਵਿਚ ਪਾਣੀ ਭਰ ਲਿਆ ਤੇ ਗੁਰੂ ਮਹਾਰਾਜ ਨੇ ਇਸ਼ਨਾਨ ਕਰਿਆ। ਅੱਗੇ ਟੋਆ ਸੀ ਛੋਟਾ ਜਿਹਾ ਜਿਥੇ ਪਾਣੀ ਖੜ੍ਹਦਾ ਸੀ। ਭਾਈ ਬਾਲਾ ਜੀ ਨੇ ਵੀ ਬਾਅਦ ਵਿਚ ਇਸ਼ਨਾਨ ਕਰਿਆ, ਭਾਈ ਮਰਦਾਨੇ ਨੇ ਵੀ ਕਰਿਆ। ਜਦੋਂ ਆਪ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ ਸ੍ਵੈ ਸਿਮਰਨ ਤੋਂ ਬਾਅਦ। ਦਿਨ ਚੜ੍ਹ ਗਿਆ।

ਉਸ ਵੇਲੇ ਕਹਿੰਦੇ, "ਓ ਪ੍ਰੇਮੀਆ! ਤੂੰ ਕੌਣ ਹੈਂ?"

ਕਹਿੰਦਾ, "ਮਹਾਰਾਜ! ਮੈਂ ਤਾਂ ਮਹਾਂ–ਪਾਪੀ ਹਾਂ ਪਰ ਮੈਂ ਹੈਰਾਨ ਹਾਂ ਤੁਹਾਡੀ ਆਵਾਜ਼ ਨੇ ਮੈਨੂੰ ਸਹੀ ਕਰ ਦਿੱਤਾ,

ਰਾਜ਼ੀ ਕਰ ਦਿੱਤਾ ਮੈਂ ਤਾਂ ਕੋਹੜੀ ਹਾਂ।"

ਕਹਿੰਦੇ, "ਇਥੇ ਆ ਕੇ ਇਸ਼ਨਾਨ ਕਰ।"

ਡੱਬਾ ਦੇ ਦਿੱਤਾ ਤੇ ਉਸੇ ਡੱਬੇ ਦੇ ਨਾਲ ਜਿਥੇ ਮਹਾਰਾਜ ਤੇ ਬਾਲੇ-ਮਰਦਾਨੇ ਨੇ ਇਸ਼ਨਾਨ ਕੀਤਾ ਸੀ ਇਸ਼ਨਾਨ ਕਰਨ ਲੱਗ ਪਿਆ। ਜਿਉਂ-ਜਿਉਂ ਡੱਬਾ ਉਤੇ ਸੁਟਦਾ ਹੈ ਹੈਰਾਨ ਹੁੰਦਾ ਜਾਂਦਾ ਹੈ ਕਿ ਜਿਹੜੀ ਪਹਿਲਾਂ ਸੁੰਦਰਤਾ ਸੀ ਮੇਰੇ ਵਿਚ, ਜਿਹੜੀ ਦੂਸਰਿਆਂ ਦੇ ਮਨ ਨੂੰ ਮੋਹ ਲੈਂਦੀ ਸੀ, ਐਨਾ ਮੇਰਾ ਗੋਰਾ ਰੰਗ ਸੀ ਇਸ਼ਨਾਨ ਨਾਲ ਉਵੇਂ ਜਿਵੇਂ ਨਿਕਲਦਾ ਆਉਂਦਾ ਹੈ, ਰੰਗ ਚਮਕ ਗਿਆ।

ਉਸ ਵੇਲੇ ਮਹਾਰਾਜ ਕਹਿੰਦੇ, "ਮਰਦਾਨਿਆ! ਕੋਈ ਬਸਤ੍ਰ ਦੇ ਭਾਈ ਜੇ ਕੋਈ ਵਾਧੂ ਹੈ।"

ਬਸਤ੍ਰ ਪਹਿਨਾ ਦਿੱਤਾ ਤੇ ਕਹਿੰਦੇ, "ਜਾਹ! ਸ਼ਹਿਰ ਵਿਚ।"

ਉਥੇ ਲੋਕ ਹੈਰਾਨ ਹੁੰਦੇ ਨੇ ਕਿ ਉਹੀ ਜਿਹੜਾ ਕੋਹੜੀ ਫਕੀਰ ਹੁੰਦਾ ਸੀ, ਉਹ ਦੇਖੋ ਰਾਜੀ ਹੋ ਗਿਆ, ਤੰਦਰੁਸਤ ਹੋ ਗਿਆ। ਕਿਵੇਂ ਰਾਜੀ ਹੋ ਗਿਆ? ਸਾਰੇ ਸ਼ਹਿਰ ਵਿਚ ਉਸ ਨੇ ਜਾ ਕੇ ਦੱਸਿਆ ਕਹਿੰਦਾ, "ਉਏ ਮੂਰਖੋ! ਜਿਸ ਨੂੰ ਤੁਸੀਂ ਧੱਕੇ ਮਾਰਦੇ ਰਹੇ ਰਾਤ ਟਿਕਣ ਨਹੀਂ ਦਿੱਤਾ ਤੇ ਮੇਰੇ ਕੋਲ ਤੁਸੀਂ ਭੇਜ ਦਿੱਤਾ। ਉਸ ਦੀ ਤਾਂ ਮੈਂ ਇਕ ਕਲਾਮ ਸੁਣੀ ਹੈ ਉਹ ਕਲਾਮ ਸੁਣਦੀ ਸਾਰ ਮੈਂ ਰਾਜ਼ੀ ਹੋ ਗਿਆ ਤੇ ਆਹ ਦੇਖੋ। ਮੇਰਾ ਸਰੀਰ ਕਿੰਨਾ ਸੁੰਦਰ ਨਿਕਲ ਆਇਆ।"

ਉਸ ਵੇਲੇ ਸਾਰਾ ਹੀ ਦੀਪਾਲਪੁਰ, ਛੋਟੇ ਬੱਚੇ ਤੋਂ ਲੈ ਕੇ ਵੱਡੇ ਤੱਕ ਗੁਰੂ ਮਹਾਰਾਜ ਵੱਲ ਨੂੰ ਦੌੜੇ ਹੀ ਜਾ ਰਹੇ ਨੇ। ਚਰਨਾਂ ਤੇ ਢਹਿ ਰਹੇ ਨੇ ਤੇ ਬੇਨਤੀਆਂ ਕਰ ਰਹੇ ਨੇ ਕਿ ਪਾਤਸ਼ਾਹ! ਸਾਡੇ ਤੋਂ ਭੁੱਲ ਹੋ ਗਈ, ਅਸੀਂ ਮੂਰਖ ਬੰਦੇ, ਸਾਨੂੰ ਨਹੀਂ ਪਤਾ ਅਸੀਂ ਐਡੇ ਵੱਡੇ ਪ੍ਰਮੇਸ਼ਰ ਰੂਪ ਮਹਾਂਪੁਰਸ਼ ਦਾ ਨਿਰਾਦਰ ਕਰਿਆ ਤੇ ਪੈਣ ਜੋਗਾ ਵੀ ਥਾਂ ਨਾ ਦਿੱਤਾ। ਉਹ ਤਾਂ ਸਾਡਾ ਕੁਝ ਵੀ ਨਹੀਂ ਸੀ ਲੈਂਦਾ, ਧਰਤੀ ਤੇ ਹੀ ਪੈਂਦਾ ਸੀ ਤੇ ਸਵੇਰੇ ਹੀ ਉਠ ਜਾਣਾ ਸੀ, ਨਾ ਕੋਈ ਕਬਜਾ ਕਰਦਾ ਸੀ। ਕਿੱਡੇ ਅਸੀਂ ਮੂਰਖ ਲੋਕ ਹਾਂ ਸਾਰਾ ਸ਼ਹਿਰ ਬੈਠਾ ਹੈ।

ਉਸ ਵੇਲੇ ਮਹਾਰਾਜ ਜੀ ਨੇ ਸਾਰੇ ਸ਼ਹਿਰ ਦੀਪਾਲਪੁਰ ਨੂੰ ਪ੍ਰਭੂ ਦਾ ਉਪਦੇਸ਼ ਦੇ ਕੇ ਸਮਝਾਇਆ ਕਿ ਪਿਆਰਿਓ! ਹਰੇਕ ਬੰਦੇ ਦੇ ਅੰਦਰ ਨਿਰੰਕਾਰ ਦੀ ਬਾਣੀ ਬੋਲਦੀ ਹੈ। ਉਸ ਬਾਣੀ ਦੇ ਨਾਲ ਅਸੀਂ ਮਿਲਣਾ ਹੈ, ਮੰਤਰ ਦਾ ਜਾਪ ਕਰਕੇ, ਵਾਹਿਗੁਰੂ ਮੰਤਰ ਦਾ। ਜਿਉਂ-ਜਿਉਂ ਅਸੀਂ ਵਾਹਿਗੁਰੂ ਮੰਤਰ ਦਾ ਜਾਪ ਕਰਾਂਗੇ ਤਿਉਂ ਤਿਉਂ ਸਾਡੇ ਅੰਦਰ ਉਹ ਗੁਪਤ ਬਾਣੀ ਪ੍ਰਗਟ ਹੋਣੀ ਸ਼ੁਰੂ ਹੋ ਜਾਏਗੀ। ਜਦੋਂ ਮੇਲ ਹੋ ਜਾਏਗਾ ਉਸ ਬਾਣੀ ਦੇ ਨਾਲ ਸੁਰਤ ਦਾ ਉਸ ਵੇਲੇ ਆਉਣਾ ਜਾਣਾ ਸਾਡਾ ਖਤਮ ਹੋ ਜਾਏਗਾ, ਫੇਰ ਜੰਮਣਾ ਮਰਨਾ ਖਤਮ ਹੋ ਜਾਏਗਾ। ਫੇਰ ਉਸ ਦਾ ਜੀਵਨ ਕਿਹੋ ਜਿਹਾ ਹੋਏਗਾ? ਉਹ ਇਹ ਨਹੀਂ ਕਿ ਕਿਸੇ ਕੋਨੇ ਵਿਚ ਬੈਠ ਜਾਵੇ, ਦੁਨੀਆਂ ਤੋਂ ਬੇਖਬਰ ਹੋ ਜਾਵੇ, ਦੁਨੀਆਂ ਤੇ ਨਾਲੋਂ ਸੰਬੰਧ ਤੋੜ ਲਵੇ, ਨਾ ਇਹ ਜੀਵਨ ਗੁਰੂ ਨਾਨਕ ਪਾਤਸ਼ਾਹ ਨੇ ਨਹੀਂ ਦਸਿਆ। ਉਨ੍ਹਾਂ ਨੇ ਤਾਂ ਕੰਦਰਾਂ ਵਿਚ ਬੈਠੇ ਹੋਏ ਸਿੱਧਾਂ ਨੂੰ ਕਿਹਾ, ਕਹਿੰਦੇ -

***ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।***
***ਭਾਈ ਗੁਰਦਾਸ ਜੀ ਦੀ ਵਾਰ 1/29***

ਪਿਆਰਿਓ! ਜਗਤ ਦੁਖੀ ਹੈ ਆਪਣੇ ਕਰਮਾਂ ਦੇ ਨਾਲ ਪੀੜਤ ਹੋ ਰਿਹੈ, ਬੇਅੰਤ ਕਿਸਮ ਦੀਆਂ ਸਜਾਵਾਂ ਪ੍ਰਮੇਸ਼ਰ ਦੇ ਦਿੰਦਾ ਹੈ, ਜਦੋਂ ਨਹੀਂ ਬੰਦਾ ਸਮਝਦਾ। ਉਸ ਵੇਲੇ ਸਾਡਾ ਫਰਜ ਕੀ ਹੁੰਦਾ ਹੈ? ਇਹ ਨਹੀਂ ਕਿ ਇਨ੍ਹਾਂ ਜੀਵਾਂ ਨੇ ਕਰਮ ਕਰੇ ਨੇ ਤੇ ਭੋਗਣ ਦਿਓ ਇਨ੍ਹਾਂ ਨੂੰ, ਇਨ੍ਹਾਂ ਦੇ ਕੋਈ ਪਿਛਲੇ ਕਰਮ ਕੀਤੇ ਹੋਏ ਨੇ, ਹੁਣ ਭੋਗਣ ਇਹ, ਨਾਂਹ! ਕਹਿੰਦੇ ਇਹ ਨਹੀਂ ਕਰਨਾ। ਤੁਸੀਂ ਉਚੇ ਹੋਣਾ ਹੈ ਉਚੇ ਹੋ ਕੇ ਉਨ੍ਹਾਂ ਦੇ ਜਿਹੜੇ ਦੁਖ ਨੇ ਉਨ੍ਹਾਂ ਦੇ ਵਿਚ ਆਪ ਸ਼ਰੀਕ ਹੋਣਾ ਹੈ, ਸੋਝੀ ਦੇਣੀ ਹੈ ਤੇ ਪ੍ਰਮੇਸ਼ਰ ਵੱਲ ਲਾਉਣੇ ਨੇ। ਉਨ੍ਹਾਂ ਦੀਆਂ ਭੁੱਲਾਂ ਸਮਝਾਉਣੀਆਂ ਨੇ, ਭੁੱਲਾਂ ਵਿਚੋਂ ਕੱਢਣੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਉਹ ਚੁੱਪ ਨਹੀਂ ਬੈਠਦਾ -

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ ਪੰਨਾ - 273***

ਬ੍ਰਹਮਗਿਆਨੀ ਦੇ ਹਿਰਦੇ ਵਿਚ ਚਸ਼ਮਾ ਫੁੱਟ ਪੈਂਦਾ ਹੈ ਪਰਉਪਕਾਰ ਕਰਨ ਦਾ, ਫੇਰ ਉਹ ਦੁਨੀਆਂ ਨੂੰ ਹੋਕਾ ਦਿੰਦਾ ਹੈ ਕਿ ਤੁਸੀਂ ਵੀ ਪਰਉਪਕਾਰ ਕਰੋ, ਤੁਸੀਂ ਵੀ ਆਪਣਾ ਜੀਵਨ ਲਾਵੋ, ਤੁਸੀਂ ਆਪਣੀ ਮਾਇਆ ਲਾਵੋ, ਤੁਸੀਂ ਆਪਣਾ ਸਮਾਂ ਲਾਵੋ। ਸੋ ਇਹ ਜੋ ਸਮਾਂ ਹੁਣ ਜਾ ਰਿਹਾ ਹੈ ਬੜਾ ਹੀ ਭਿਆਨਕ ਹੈ ਪੰਜਾਬ ਦੇ ਉੱਤੇ। ਖਾਸ ਕਰਕੇ ਪੰਜਾਬ ਤੇ ਬੰਗਾਲ ਤੇ ਉਤੇ। ਭਾਵੇਂ ਪੰਜਾਬ ਹੋਵੇ ਭਾਵੇਂ ਬੰਗਾਲ ਹੋਵੇ, ਭਾਵੇਂ ਪਾਕਿਸਤਾਨ ਹੋਵੇ, ਚਾਹੇ ਦੁਨੀਆਂ ਵਿਚ ਕਿਤੇ ਵੀ ਦੁਖ ਹੋਵੇ। ਜਿਹੜਾ ਬੰਦਾ ਦੁਖੀ ਨੂੰ ਦੇਖ ਕੇ ਪਿਘਲਦਾ ਨਹੀਂ ਹੈ, ਪੱਥਰ ਵਰਗਾ ਰਹਿੰਦਾ ਹੈ ਕਹਿੰਦੇ ਉਹ ਬੰਦਾ ਨਹੀਂ ਹੈ। ਉਹ ਕਿਸੇ ਕੰਮ ਦਾ ਬੰਦਾ ਨਹੀਂ ਹੈ। ਜਿਸ ਦੇ ਹਿਰਦੇ ਵਿਚ ਦਰਦ ਹੁੰਦਾ ਹੈ, ਉਸ ਨੂੰ ਨੀਂਦ ਨਹੀਂ ਆਉਂਦੀ। ਉਹ ਸੋਚਦਾ ਹੈ ਕਿ ਇਨ੍ਹਾਂ ਦਾ ਦੁਖ ਦੂਰ ਕਰੀਏ।

ਸੋ ਆਹ ਜਿਹੜੀ ਸੰਗਤ ਬੈਠੀ ਹੈ ਇਨ੍ਹਾਂ ਨੂੰ ਪਤਾ ਲੱਗ ਗਿਆ ਕਿ ਦੁਨੀਆਂ ਦੁਖੀ ਹੈ, ਹੜ੍ਹ ਆਏ ਹੋਏ ਨੇ, ਕਿਤੇ ਖਾਣ ਨੂੰ ਨਹੀਂ ਰਿਹਾ, ਫਸਲਾਂ ਖਰਾਬ ਹੋ ਗਈਆਂ ਤੇ ਘਰ-ਬਾਰ ਬਿਲਕੁਲ ਬਰਬਾਦ ਹੋ ਗਏ, ਕਿਤੇ ਸਿਰ ਢੱਕਣ ਨੂੰ ਥਾਂ ਨਹੀਂ। ਉਹੀ ਪ੍ਰੇਮੀ ਜਿਹੜੇ ਅੰਮ੍ਰਿਤ ਵੇਲੇ ਉਠ ਕੇ ਹਰੀ ਦਾ ਜਸ ਸੁਣਦੇ ਸੀ ਉਹ ਅਮਲੀ ਜੀਵਨ ਵਿਚ ਆਏ ਕਿਉਂਕਿ ਮਹਾਰਾਜ ਨੇ ਕਿਹਾ ਕਿ ਸਾਰਿਆਂ ਤੋਂ ਵੱਡਾ ਹੈ ਸੱਚ ਤੇ ਸੱਚ ਦੇ ਉਪਰਲੇ ਪਾਸੇ ਕੀ ਹੈ? ਉਹ ਸੱਚ ਦਾ ਜੀਵਨ ਹੈ, ਸਚ ਦਾ ਆਚਾਰ ਹੈ। ਜਦੋਂ ਆਦਮੀ ਸੱਚ ਦੇ ਆਚਾਰ ਤੇ ਆਉਂਦਾ ਹੈ, ਸੱਚ ਦੇ ਜੀਵਨ ਤੇ ਆਉਂਦਾ ਹੈ ਤਾਂ ਉਸ ਵੇਲੇ ਫੇਰ ਉਹ ਆਪਣੇ ਵਾਸਤੇ ਨਹੀਂ ਜੀਉਂਦਾ, ਦੂਸਰਿਆਂ ਵਾਸਤੇ ਜੀਉਣਾ ਸ਼ੁਰੂ ਕਰ ਦਿੰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

(ਪੰਨਾ 37 ਦੀ ਬਾਕੀ)

ਆਇਆ ਹੋਇਆ ਹੈ ਤੇ ਹੁਣੇ ਏਥੇ ਪੁੱਜਾ ਚਾਹੁੰਦਾ ਹੈ, ਮੈਂ ਸਦਵਾ ਘੱਲਿਆ ਹੈ। ਇਉਂ ਫੱਟੜਾਂ ਦਾ ਇਲਾਜ ਮਾਲਜਾ ਚੰਗਾ ਹੋ ਜਾਊ। ਦੂਜੇ ਓਹ ਡਾਕਟਰ ਸਰਕਾਰੀ ਨੌਕਰ ਹੈ, ਤੁਹਾਨੂੰ ਕੋਈ ਤੌਖਲਾ ਉਸ ਦੇ ਸਪੁਰਦ ਕਰਨ ਵਿਚ ਨਹੀਂ।

ਠਾਣੇਦਾਰ ਇਹ ਗੱਲ ਮੰਨਣੀ ਚਾਹੁੰਦਾ ਨਹੀਂ ਸੀ, ਪਰ ਬਾਬੇ ਦਾ ਰੋਅਬ ਦਾਬ ਬੜਾ ਭਾਰਾ ਸੀ, ਕੁਛ ਉਹ ਪੈ ਰਿਹਾ ਸੀ ਤੇ ਕੁਛ ਇਹ ਭੀ ਖਿਆਲ ਆ ਰਿਹਾ ਸੀ ਕਿ ਜ਼ਖਮੀ ਬਰਿਸਟਰ ਹੈ, ਸ਼ਹਿਰ ਪਹੁੰਚਕੇ ਆਖਰ ਅਦਾਲਤਾਂ ਵਿਚ ਜਾਣਾ ਹੈ, ਇਹ ਕੋਈ ਬਣੀਆਂ ਬਕਾਲ ਹੈ ਨਹੀਂ ਕਿ ਇਸ ਵੇਲੇ ਕੁਛ ਝੜ ਜਾਏਗਾ ਤੇ ਫੇਰ ਮਿੰਨਤਾਂ ਕਰਦਾ ਰਹੇਗਾ। ਇਹ ਕੁਛ ਸੋਚ ਕੇ ਉਸ ਨੇ ਬਾਬੇ ਤੋਂ ਜ਼ਾਮਨੀ ਲਿਖਾ ਲਈ ਤੇ ਜ਼ਖਮੀਆਂ ਨੂੰ ਡਾਕਟਰ ਬੱਗਾ ਸਿੰਘ ਜੋ ਹੁਣ ਆ ਪਹੁੰਚਾ ਸੀ ਦੇ ਸਪੁਰਦ ਕਰ ਦਿਤਾ ਤੇ ਹੋਰ ਡਾਕਟਰੀ ਦੇਖ ਭਾਲ ਭੀ ਸਭਨਾਂ ਦੀ ਕਰਵਾ ਲਈ ਤੇ ਕਿਹਾ, ਆਪਣੀ ਰਪੋਟ ਸਾਨੂੰ ਘੱਲ ਦੇਣੀ। ਫਿਰ ਠਾਣੇਦਾਰ ਨੇ ਟੁੱਟੀ ਮੋਟਰ ਨੂੰ ਨੰਬਰਦਾਰ ਦੇ ਸਪੁਰਦ ਕੀਤਾ।

ਜਿਸ ਪਿੰਡ ਦੇ ਆਦਮੀ ਹੱਲਾ ਕਰਕੇ ਆਏ ਸਨ, ਉਹ ਬਹੁਤ ਰਾਜ਼ੀ ਨਹੀਂ ਸਨ। ਜੁਲਾਹੇ ਦੇ ਹੱਥ ਵੀ ਕੁਛ ਨਾ ਆਇਆ, ਧੂਤੂ ਗੱਡੀ ਵਾਲਾ ਤਾਂ ਸਾਹਿਬ ਜੀ ਨਾਂ ਨਿਕਲਿਆ, ਉਹ ਤਾਂ ਟੋਪੀ ਹੀ ਨਿਕਲੀ, ਉਹ ਨੂੰ ਗੁੱਸਾ ਅਜੇ ਚੋਖਾ ਆ ਰਿਹਾ ਸੀ ਕਿ ਜੋ ਗ੍ਰੇਜ (ਅੰਗ੍ਰੇਜ਼) ਨਹੀਂ ਤੇ ਟੋਪੀ ਪਾਉਂਦਾ ਹੈ ਤਾਂ ਇਸਨੂੰ ਡੰਡ ਮਿਲਣਾ ਚਾਹੀਦਾ ਹੈ, ਜੋ ਮੇਰੇ ਵਰਗੇ ਟਪਲਾ ਨਾਂ ਖਾਇਆ ਕਰਨ।

ਓਧਰ ਦੁਖੀਆਂ ਨੂੰ ਇਹ ਗੁੱਸਾ ਆ ਰਿਹਾ ਸੀ ਕਿ ਬਾਬੇ ਨੇ ਧੂਤੂ ਗੱਡੀ ਵਾਲੇ ਦੇ ਫੱਟ ਕਿਉਂ ਬੱਧੇ। ਉਸ ਨੂੰ ਰੋਟੀ ਦੁੱਧ ਕਿਉਂ ਦਿੱਤਾ ਤੇ ਹੁਣ ਘਰ ਕਿਉਂ ਲੈ ਗਿਆ ਹੈ? ਪਰ ਉਹ ਗੁੱਸੇ ਭਰੇ ਨਹੀਂ ਸਮਝਦੇ ਸਨ ਕਿ ਬਾਬਾ ਸਭਨਾਂ ਨਾਲ ਇਕਸਾਰ ਹਮਦਰਦੀ ਕਰ ਰਿਹਾ ਸੀ ਅਰ ਉਸ ਨੂੰ ਇਹ ਦ੍ਰਿਸ਼ਟੀ ਆ ਰਿਹਾ ਸੀ –

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***
***ਜੋ ਪ੍ਰਭ ਕੀਨੋ ਸੋ ਭਲ ਮਾਨਿਓ***
***ਏਹ ਸੁਮਤਿ ਸਾਧੂ ਤੇ ਪਾਈ॥੨॥***
***ਸਭ ਮਹਿ ਰਵਿ ਰਹਿਆ ਪ੍ਰਭ ਏਕੈ***
***ਪੇਖਿ ਪੇਖਿ ਨਾਨਕਾ ਬਿਗਸਾਈ॥੩॥ ਪੰਨਾ – 1299***

ਉਹ ਦੁਖ ਦਾ ਦਾਰੂ ਕਰ ਰਿਹਾ ਸੀ ਉਸਦਾ ਵਾਹਿਗੁਰੂ, ਕਾਤਲ ਮਕਤੂਲ ਸਭ ਨੂੰ ਰੋਟੀ ਦੇਣੋਂ ਸਿਰ ਨਹੀਂ ਫੇਰਦਾ, ਉਹ ਉਸ ਵਾਹਿਗੁਰੂ ਦਾ ਸਿੱਖ ਉਸ ਪਿਤਾ ਦੇ ਹੁਕਮ ਨੂੰ ਦੇਖਦਾ ਹੈ ਤੇ ਦੁਖ ਹਰਨ ਵਿਚ ਕਿਸੇ ਤੋਂ ਸੂਗ ਨਹੀਂ ਕਰਦਾ।

(ਪੰਨਾ 40 ਦੀ ਬਾਕੀ)

ਜਮਾਂਦਾਰ ਸਿਪਾਹੀ ਸਾਥੀ ਸੁੱਚਾ ਸਿੰਘ ਤੇ ਨੱਥਾ ਸਿੰਘ ਘਾਸ ਵਿਚੋਂ ਚਾਬੀਆਂ ਦੇ ਗੁੱਛੇ ਭਾਲਣ ਟੋਲਣ ਲੱਗੇ। ਪਹਿਲਾ ਗੁੱਛਾ ਤਾਂ ਲਗਦੇ ਹਥ ਹੀ ਉਨ੍ਹਾਂ ਦੀ ਆਪਣੀ ਸਪੈਸ਼ਲ ਬਲਾਕ ਦਾ ਹੀ ਲਭ ਪਿਆ। ਉਸ ਦੇ ਨਾਲ ਤਾਬੜ ਤੋੜ ਝਟਾਪਟ ਸਾਰੀਆਂ ਕੋਠੀਆਂ ਖੋਲ੍ਹ ਕੇ ਚੌੜ ਚਪੱਟ ਕਰ ਦਿਤੀਆਂ। ਅਤੇ ਸਾਰੇ ਸੱਜਣ ਬਾਹਰ ਨਿਕਲ ਖੜੋਤੇ। ਅਠਾਰਾਂ ਤਾਂ ਹਰਨ ਹੋਣ ਨੂੰ ਤਿਆਰ ਹੋ ਖੜੋਤੇ ਪਰ ਉਨ੍ਹੀਵਾਂ ਛੋਟਾ ਵਸਾਖਾ ਸਿੰਘ ਦਦੇਹਰ ਅੰਦਰ ਹੀ ਦੜ ਵਟ ਕੇ ਪਿਆ ਰਿਹਾ। ਉਸ ਦੀ ਹਰਨ ਹੋਣ ਦੀ ਹਿੰਮਤ ਨਾ ਪਈ। ਜਦੋਂ ਉੱਕਾ ਹੀ ਮੁਕਰੀ ਖਾ ਗਿਆ ਤਾਂ ਉਸ ਦੀ ਕੋਠੀ ਬੰਦ ਕਰਕੇ ਬਾਹਰ ਹੈਂਡਲ ਲਾ ਦਿੱਤਾ ਗਿਆ ਅਤੇ ਬਾਕੀ ਅਠਾਰਾਂ ਦੇ ਅਠਾਰਾਂ ਸੱਜਣ ਛੜੱਪੇ ਮਾਰਦੇ ਅਤੇ ਕੁਦਾੜੀਆਂ ਲਾਉਂਦੇ ਹੋਏ ਚਕਰ ਜੇਲ੍ਹ ਬੁਰਜ (ਗੁਮਟੀ) ਦੇ ਕੋਲ ਦੀ ਹੋ ਕੇ ਬੁਰਜ ਵਾਲੇ ਸੰਤਰੀ ਤੋਂ ਅੱਖ ਬਚਾ ਕੇ ਸਾਡੇ ਵਲ ਪੰਜਾਬੀ ਨੰਬਰਾਂ ਨੂੰ ਆਏ, ਪਰ ਕਾਹਲੀ ਵਿਚ ਉਨ੍ਹਾਂ ਨੂੰ ਦੋ ਨੰਬਰਾਂ ਦੇ ਗੁੱਛੇ ਹੀ ਹੱਥ ਲਗੇ। ਪਹਿਲਾਂ ਤਾਂ ਉਨ੍ਹਾਂ ਦੀ ਇਹ ਦਲੀਲ ਸੀ ਕਿ ਬੁਰਜ ਉਪਰਲੇ ਪਹਿਰੇਦਾਰ ਨੂੰ ਭੀ ਉਸੇ ਤਰ੍ਹਾਂ ਕਾਬੂ ਕੀਤਾ ਜਾਏ ਅਤੇ ਬੁਰਜ ਹੇਠ ਪਏ ਰੀਜ਼ਰਵ ਗਾਰਦੀ ਸਿਪਾਹੀਆਂ ਜਮਾਂਦਾਰ ਦੇ ਜਮ ਘਟ ਨੂੰ ਭੀ ਬਾਹਰੋਂ ਜਿੰਦਰੇ ਲਾ ਕੇ ਅੰਦਰੇ ਹੀ ਤਾੜਿਆ ਜਾਵੇ। ਪਰ ਸਮਾਂ ਥੋੜਾ ਸੀ ਅਤੇ ਤਿੰਨ ਬਜੇ ਬਾਹਰੋਂ ਗਾਰਦ ਨੇ ਭੀ ਆਉਣਾ ਸੀ। ਨਾਲੇ ਰੌਂਦ ਵਾਲੇ ਦੇ ਆਉਣ ਦਾ ਭੀ ਵੇਲਾ ਸੀ। ਦੇਵਨੇਤ ਨਾਲ ਉਸ ਦਿਨ ਤਿਲਕਧਾਰੀ ਜਮਾਂਦਾਰ ਬਚ ਗਿਆ। ਜੇ ਕਿਤੇ ਉਸ ਦਿਨ ਇਨਚਾਰਜ ਡਿਊਟੀ ਤੇ ਓਹੋ ਹੁੰਦਾ ਤਾਂ ਉਸ ਦੀ ਖੈਰ ਨਹੀਂ ਸੀ। ਦਰੋਗੇ ਵਧਾਵਾ ਰਾਮ ਨੂੰ ਭੀ ਮੋਰ ਬਣਾ ਕੇ ਚਾਹਟਾ ਛਕਾਉਣ ਦੀ ਦਲੀਲ ਸੀ (ਕਿਉਂਕਿ ਉਸ ਦਾ ਰਿਹਾਇਸ਼ੀ ਚੁਬਾਰਾ ਜੇਲ੍ਹ ਗੇਟ ਦੇ ਉਪਰਵਾਰ ਸੀ।) ਪਰ ਇਨ੍ਹਾਂ ਵਾਧੂ ਕੰਮਾਂ ਵਿਚ ਪੈ ਕੇ ਅਸਲੀ ਕੰਮ ਨਜਿੱਠਣ ਦਾ ਵੇਲਾ ਖੁੰਝ ਜਾਣਾ ਸੀ, ਨਹੀਂ ਤਾਂ ਦਰੋਗੇ ਦਾ ਭੀ ਮੱਕੂ ਬਝਾ ਪਿਆ ਹੁੰਦਾ। ਪੰਜਾਬੀ ਨੰਬਰ ਨੂੰ ਆਉਂਦਿਆਂ ਰਾਹ ਵਿਚ ਪਹਿਲਾਂ ਪੰਜਾਬੀ ਸੈਲ ਬਲਾਕ ਨੰ. 1 ਦੇ ਪਹਿਰੇਦਾਰ ਸਿਪਾਹੀ ਨੂੰ ਨਰੜਿਆ ਨੱਪਿਆ। ਫੇਰ ਪੰਜਾਬੀ ਸੈਲ ਬਲਾਕ ਨੰ. 3 ਦੇ ਸਿਪਾਹੀ ਨੂੰ ਭੀ ਇਕ ਦਮ ਆਣ ਨੱਪਿਆ। ਕੁਛ ਸਾਥੀ ਤਾਂ ਇਨ੍ਹਾਂ ਨੂੰ ਨੱਪਣ ਵਿਚ ਲਗੇ ਰਹੇ ਅਤੇ ਬਾਕੀ ਦੇ ਅਸਾਡੀਆਂ ਕੋਠੀਆਂ ਖੋਲ੍ਹਣ ਦੇ ਆਹਰ ਵਿਚ ਆ ਲਗੇ। ਪੰਜਾਬੀ ਨੰਬਰ ਦੋ ਬਲਾਕ ਵਾਲਾ ਸਿਪਾਹੀ ਤਾਂ ਪਹਿਲਾਂ ਦੀ ਦੁਰਗਤੀ ਦੇਖ ਕੇ ਹੀ ਦਮ ਬਖੁਦ ਹੋ ਗਿਆ ਸੀ। ਰਤਾ ਕੁ ਤਿਰੜ ਫਿਸ ਹੋਣ ਲਗਾ ਸੀ ਕਿ ਉਸ ਦੀ ਭੀ ਉਹੀ ਗਤ ਬਣਾਈ ਗਈ। ਗਲ ਕੀ 12 ਬਜੇ ਤੋਂ ਲੈ ਕੇ ਤਿੰਨ ਬਜੇ ਰਾਤ ਦੇ ਤਾਈਂ ਸੈਂਟ੍ਰਲ ਜੇਲ੍ਹ ਹਜ਼ਾਰੀ ਬਾਗ ਵਿਚ ਤਿੰਨ ਘੰਟੇ ਲਗਾਤਾਰ ਖਾਲਸੇ ਦਾ ਹੀ ਅਮਲਾ ਫੈਲਾ ਰਿਹਾ। ਤਿੰਨ ਬਜੇ ਬਾਹਰਲੀ ਗਾਰਦ ਆਉਣ ਪਰ ਅਲਾਰਮ ਹੋ ਗਿਆ।

(ਪੰਨਾ 43 ਦੀ ਬਾਕੀ)

***ਜਨ ਨਾਨਕ ਸਰਣਿ ਤੁਮਾਰੀ॥ ਪੰਨਾ – 528***

ਪਿਆਰਿਆ! ਤੇਰੇ ਅੰਦਰ ਨਾਮ ਦਾ ਭੰਡਾਰ ਪਿਆ ਹੈ, ਪ੍ਰਭੂ ਦੇ ਪਿਆਰੇ ਤੈਨੂੰ ਖਬਰਦਾਰ ਕਰਦੇ ਹਨ ਪਰ ਤੂੰ ਉਨ੍ਹਾਂ ਦੀ ਇਕ ਵੀ ਗੱਲ ਨਹੀਂ ਸੁਣਦਾ, ਚਾਹੇ ਤੂੰ ਨਰ ਸਰੀਰ ਵਾਲਾ ਹੈਂ, ਜਿਸ ਨੂੰ ਮਨੁੱਖ ਆਖਦੇ ਹਨ, ਚਾਹੇ ਤੂੰ ਇਸਤ੍ਰੀ ਸਰੀਰ ਵਾਲਾ ਹੈਂ, ਜਿਸ ਨੂੰ ਇਸਤ੍ਰੀ ਕਹਿੰਦੇ ਹਨ। ਤੁਸੀਂ ਬਾਹਰਲੀ ਪੋਚਾ-ਪਾਚੀ, ਬਾਹਰਲੀ ਸੁੰਦਰਤਾ ਬਣਾ-ਬਣਾ ਕੇ ਦੂਸਰਿਆਂ ਨੂੰ ਧੋਖਾ ਦਿੰਦੇ ਹੋ। ਸੁੰਦਰਤਾ ਬਾਹਰੋਂ ਨਹੀਂ ਹੋਇਆ ਕਰਦੀ, ਬਾਹਰੋਂ ਜਿੰਨਾਂ ਮਰਜ਼ੀ ਸ਼ਿੰਗਾਰ ਲਾ ਲਿਆ ਜਾਵੇ ਤਾਂ ਵੀ ਵਿਸ਼ਟਾ ਦੇ ਕੀੜੇ ਤੋਂ ਵਧ ਮਹਾਨਤਾ ਨਹੀਂ ਰਖਦਾ, ਜੇ ਤੇਰੇ ਅੰਦਰ ਮਹਾਨ ਸ਼ਕਤੀ ਦਾ ਸੰਗੀਤ ਗੁੰਜਾਰ ਨਹੀਂ ਪਾ ਸਕਿਆ, ਜੇ ਨਾਮ ਦੀ ਮਧੁਰ ਕਰਨ ਵਾਲੀ ਮਹਾਨ ਜੋਤ ਤੇਰੇ ਅੰਦਰ ਜਾਗ੍ਰਤ ਨਹੀਂ ਹੋਈ ਤਾਂ ਯਾਦ ਰੱਖ ਤੇਰੀ ਸੁੰਦਰਤਾ ਕਿਸੇ ਵੀ ਕੰਮ ਦੀ ਨਹੀਂ ਹੈ, ਤੇਰੀ ਜੋ ਅਵਸਥਾ ਹੈ ਇਸ ਤਰ੍ਹਾਂ ਦੇ ਨਾਲ ਦਸਦੇ ਹਨ।

ਸੋਹਣੀ ਇਸਤ੍ਰੀ ਵੀ ਨਕਟੀ ਹੈ, ਭਾਵੇਂ ਕਿੰਨੇ ਹੀ ਗੁਣਾਂ ਵਾਲਾ ਪੁਰਸ਼ ਹੈ ਉਸ ਦੇ ਗੁਣ ਲੇਖੇ ਵਿਚ ਨਹੀਂ ਪਿਆ ਕਰਦੇ ਜਿਵੇਂ ਜ਼ੀਰੋ (ਸੁੰਨਯ)। ਜਦੋਂ ਤਕ ਏਕਾ ਜ਼ੀਰੋ ਦੇ ਨਾਲ ਨਹੀਂ ਲਗਦਾ ਉਨਾਂ ਚਿਰ ਉਸ ਦਾ ਕੋਈ ਮੁੱਲ ਨਹੀਂ ਹੁੰਦਾ। ਏਕਾ ਉਹ ਪਰੀਪੂਰਨ ਸ਼ਕਤੀ ਹੈ ਜੋ ਸਾਰੇ ਘਟ-ਘਟ ਵਿਚ ਵਸਦੀ ਹੈ, ਐਡੀ ਮਹਾਨ ਹਸਤੀ ਤੋਂ ਮੁੱਖ ਫੇਰਨਾ, ਗੁਣਵਾਨ ਹੋ ਕੇ ਆਪਣੇ ਗੁਣਾਂ ਤੇ ਘੁਮੰਡ ਕਰਨਾ ਕੁਝ ਵੀ ਨਹੀਂ ਹੈ, ਉਹ ਨਕਟੀ ਹੈ, ਉਹ ਨਕਟਾ ਹੈ। ਵੇਸਵਾ ਦੇ ਘਰ ਜੇ ਪੁਤਰ ਪੈਦਾ ਹੋ ਜਾਵੇ ਤਾਂ ਉਸ ਦਾ ਨਾਮ ਲਾਨ੍ਹਤੀ (ਫਿਟਕਾਰਿਆ) ਹੋਇਆ ਕਰਦਾ ਹੈ। ਜਿਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਕਮਲ ਨਹੀਂ ਖਿੜਿਆ ਉਹ ਵਿਗੜ ਰੂਪ ਹੋਇਆ ਕੋਹੜੀ ਹੋਇਆ-ਹੋਇਆ ਕੁਸ਼ਟੀ ਹੈ, ਗੱਲਾਂਬਾਤਾਂ ਤੁਸੀਂ ਬਹੁਤ ਜਾਣਦੇ ਹੋ ਪਰ ਦਰਗਾਹ ਵਿਚ ਜਾ ਕੇ ਫਿਟਕਾਰੇ ਹੋਏ ਨੂੰ ਕੋਈ ਥਾਂ ਨਹੀਂ ਮਿਲਦਾ। ਇਹ ਕਿਉਂ ਹੈ ਕਿਉਂਕਿ ਤੁਸੀਂ ਉਸ ਨਾਮ ਦੇ ਸੁਗੰਧਤ ਸ਼ਕਤੀਸ਼ਾਲ ਭੰਡਾਰ ਨੂੰ ਅੰਦਰੋਂ ਖੋਜ ਨਹੀਂ ਸਕੇ। ਉਹ ਇਸ ਕਰਕੇ ਹੈ ਕਿ ਤੁਹਾਨੂੰ ਪ੍ਰਮੇਸ਼ਰ ਦੇ ਪਿਆਰਿਆਂ ਦੀ ਕੋਈ ਮਹਾਨਤਾ ਚੰਗੀ ਨਹੀਂ ਲਗਦੀ ਅਤੇ ਨਾ ਤੁਹਾਡੇ ਹਿਰਦੇ ਵਿਚ ਉਨ੍ਹਾਂ ਦੀ ਮਹਾਨਤਾ ਵਸਦੀ ਹੈ। ਗੁਰੂ ਜੀ ਦਸਦੇ ਹਨ ਕਿ –

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥***
***ਸਾਧ ਕੀ ਉਪਮਾ ਰਹੀ ਭਰਪੂਰਿ॥***
***ਸਾਧ ਕੀ ਸੋਭਾ ਕਾ ਨਾਹੀ ਅੰਤ॥***
***ਸਾਧ ਕੀ ਸੋਭਾ ਸਦਾ ਬੇਅੰਤ॥***
***ਸਾਧ ਕੀ ਸੋਭਾ ਊਚ ਤੇ ਊਚੀ॥***
***ਸਾਧ ਕੀ ਸੋਭਾ ਮੂਚ ਤੇ ਮੂਚੀ॥***
***ਸਾਧ ਕੀ ਸੋਭਾ ਸਾਧ ਬਨਿ ਆਈ॥***
***ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ – 272***

ਜਿਹੜੇ ਉਸ ਮਹਾਨ ਚੇਤਨ ਸਤਾ ਨਾਲ ਮਿਲੇ ਹੋਏ ਹਨ ਜਿਸ ਨੇ, ਪਿਆਰਿਆ! ਸਾਰਾ ਸੰਸਾਰ ਬਣਾਇਆ ਹੈ ਉਸ ਦੇ ਨਾਲ ਜੁੜਨ ਦੀ ਥਾਂ ਇਸ ਨੂੰ ਇਕ ਸੈਕਿੰਡ ਭਰ ਵੀ ਆਪਣੇ ਚਿਤ ਵਿਚ ਨਹੀਂ ਵਸਾਉਂਦੇ। ਉਨ੍ਹਾਂ ਗੁਰਮੁਖ ਪਿਆਰਿਆਂ ਦੀ ਨਿੰਦਿਆ ਤਾਂ ਤੁਸੀਂ ਕਰ ਦੇਵੋਂਗੇ, ਬੇਰੁਖੀ ਤਾਂ ਦਿਖਾ ਦੇਵੋਂਗੇ ਪਰ ਤੁਹਾਨੂੰ ਨਹੀਂ ਪਤਾ ਕਿ ਤੁਸੀਂ ਬਰਕਤਾਂ ਤੋਂ ਖਾਲੀ ਰਹਿ ਗਏ ਹੋਂ। ਧਿਆਨ ਦੇ ਕੇ ਸੁਣ –

***ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ॥***
***ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ***
***ਤਿਸੁ ਨਾਮੁ ਪਰਿਓ ਹੈ ਧ੍ਰਕਟੀ॥***
***ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ***
***ਤੇ ਬਿਗੜ ਰੂਪ ਬੇਰਕਟੀ॥***
***ਜਿਉ ਨਿਗੁਰਾ ਬਹੁ ਬਾਤਾ ਜਾਣੈ***
***ਓਹੁ ਹਰਿ ਦਰਗਹ ਹੈ ਭ੍ਰਸਟੀ॥ ਪੰਨਾ – 528***

ਗੁਰੂ ਜੀ ਇਹ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਨੇ ਕ੍ਰਿਪਾ ਕਰਕੇ ਸੋਝੀ ਦਿਤੀ ਹੈ ਉਹ ਇਸ ਮਹਾਨਤਾ ਨੂੰ ਸਮਝਦੇ ਹਨ, ਉਹ ਉਨ੍ਹਾਂ ਪਿਆਰਿਆਂ ਨੂੰ ਜਿਨ੍ਹਾਂ ਦੇ ਅੰਦਰ ਨਾਮ ਦੀ ਰੌ ਚਲ ਰਹੀ ਹੈ, ਉਨ੍ਹਾਂ ਨੂੰ ਢੂੰਡਦੇ ਫਿਰਦੇ ਹਨ ਉਨ੍ਹਾਂ ਪਿਆਰਿਆਂ ਦੀ ਚਰਨ ਧੂੜ ਮਸਤਕ ਤੇ ਤਾਂ ਲਾਉਣੀ ਹੀ ਹੈ ਪਰ ਉਹਨੂੰ ਜੀਭ ਤੇ ਲਾਉਣੀ ਭੀ ਲੋਚਦੇ ਹਨ ਕਿਉਂਕਿ ਉਨ੍ਹਾਂ ਨੂੰ ਬਖਸ਼ਿਸ਼ ਹੈ ਕਿ ਉਹ ਤੈਨੂੰ ਜ਼ਿੰਦਗੀ ਦੇ ਦੇਣ।

***ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ***
***ਤਿਨਾ ਸਾਧ ਜਨਾ ਪਗ ਚਕਟੀ॥***
***ਨਾਨਕ ਪਤਿਤ ਪਵਿਤ ਮਿਲਿ ਸੰਗਤਿ***
***ਗੁਰ ਸਤਿਗੁਰ ਪਾਛੈ ਛੁਕਟੀ॥ ਪੰਨਾ – 528***

ਸੋ ਮੈਂ ਤਾਂ ਇਕ ਫੁੱਲ ਹਾਂ। ਮੈਂ ਨਾ ਕਿਸੇ ਯੂਨੀਵਰਸਿਟੀ ਵਿਚ ਪੜ੍ਹਿਆ ਹਾਂ, ਨਾ ਮੈਨੂੰ ਕੋਈ ਪੜ੍ਹਾਉਂਦਾ ਹੈ, ਅਸੀਂ ਤਾਂ ਆਪਣਾ ਸੁਰ ਕੁਦਰਤ ਦੇ ਨਾਲ ਮੇਲ ਕੇ ਰਖਦੇ ਹਾਂ, ਜਿਧਰ ਨੂੰ ਹਵਾ ਹਿਲਾਉਂਦੀ ਹੈ, ਉਧਰ ਨੂੰ ਅਸੀਂ ਹਿਲਦੇ ਹਾਂ, ਜੇ ਹਨ੍ਹੇਰੀ ਸਾਡੀਆਂ ਲੱਤਾਂ ਬਾਹਾਂ ਤੋੜਦੀ ਹੈ ਤਾਂ ਅਸੀਂ ਕੋਈ ਸ਼ਿਕਵਾ ਨਹੀਂ ਕਰਦੇ। ਤੇਰੇ ਵਾਂਗੂੰ ਅਸੀਂ ਇਹ ਨਹੀਂ ਕਹਿੰਦੇ ਕਿ ਜੀ ਮੈਂ ਤਾਂ ਬਾਣੀ ਪੜ੍ਹਦਾ ਹਾਂ, ਸੇਵਾ ਕਰਦਾ ਹਾਂ, ਸਾਡੇ ਨਾਲ ਇਸ ਤਰ੍ਹਾਂ ਕਿਉਂ ਹੋਈ? ਅਸੀਂ ਰਜ਼ਾ ਵਿਚ ਰਹਿੰਦੇ ਹਾਂ ਤੇ ਫੇਰ ਖਿੜ-ਖਿੜ ਕੇ ਮੂੰਹ ਦਿਖਾਲਦੇ ਹਾਂ, ਤੂੰ ਪੜ੍ਹ ਲਿਖ ਕੇ ਵੀ ਉਦਾਸ ਹੈਂ, ਪਿਆਰਿਆ! ਤੇਰੇ ਅੰਦਰ ਇਕ ਕਮਲ ਨਾਮ ਦਾ ਫੁਲ ਅਦ੍ਰਿਸ਼ਟ ਰੂਪ ਵਿਚ ਲਾਇਆ ਹੈ। ਜੇ ਤੂੰ ਉਸ ਨੂੰ ਸਿੱਧਾ

ਕਰ ਲਵੇ ਤਾਂ ਖੇੜਾ ਹੀ ਖੇੜਾ ਪ੍ਰਾਪਤ ਹੋ ਜਾਵੇ ਕਿਉਂਕਿ ਤੂੰ ਉਸ ਨੂੰ ਵਿਸ਼ੇ ਵਿਕਾਰਾਂ ਦੀਆਂ ਪ੍ਰੀਤੀਆਂ ਨਾਲ ਮੂਧਾ ਕੀਤਾ ਹੋਇਆ ਹੈ। ਜੇ ਤੈਨੂੰ ਸਿੱਧੇ ਕਰਨ ਦੀ ਜਾਂਚ ਆ ਜਾਵੇ ਤਾਂ ਤੂੰ -

***ਮਾਈ ਗੁਰ ਚਰਣੀ ਚਿਤੁ ਲਾਈਐ॥***
***ਪ੍ਰਭੂ ਹੋਇ ਕ੍ਰਿਪਾਲੁ ਕਮਲੁ ਪਰਗਾਸੇ॥***
***ਸਦਾ ਸਦਾ ਹਰਿ ਧਿਆਈਐ॥*** ***ਪੰਨਾ - 528***

ਉਹ ਸ਼ਕਤੀ ਜਿਸ ਨੂੰ ਸਾਰੇ ਸੰਸਾਰ ਨੇ ਰਚਿਆ ਹੈ ਅਸੀਂ ਇਕ ਮਿੰਟ ਵੀ ਆਪਣੇ ਧਿਆਨ ਤੋਂ ਇਕ ਪਾਸੇ ਨਾ ਕਰੀਏ ਤਾਂ ਉਹ ਕਮਲ ਪ੍ਰਗਾਸ ਹੋ ਜਾਂਦਾ ਹੈ, ਮਨ ਦਾ ਕਮਲ ਫੁੱਲ ਖਿੜ ਜਾਂਦਾ ਹੈ, ਮਨ ਖਿੜ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਫੇਰ ਤੂੰ ਕੀ ਦੇਖਦਾ ਹੈਂ, ਤੇਰੇ ਅੰਤ੍ਰੀਵ ਨੇਤਰ ਖੁਲ੍ਹ ਜਾਣਗੇ, ਉਹਦੇ ਖੁਲਦਿਆਂ ਹੀ ਤੈਨੂੰ ਇਕ ਸਚਾਈ, ਇਕ ਅਟੱਲ ਸਚਾਈ ਨਜ਼ਰੀਂ ਪਵੇਗੀ, ਜਿਸ ਨੇ ਆਪ ਹੀ ਸਾਰਾ ਕੌਤਕ ਰਚਿਆ ਹੈ, ਤੂੰ ਉਸ ਨਾਲੋਂ ਟੁੱਟਿਆ ਹੋਣ ਕਰਕੇ ਨੇਤਰਾਂ ਦੇ ਅੰਧਪੁਣੇ ਕਰਕੇ ਉਸ ਨੂੰ ਪਛਾਣ ਨਹੀਂ ਸਕਦਾ।

***ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ॥***
***ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ॥***
***ਪੰਨਾ - 528***

ਉਸ ਦੀ ਉਸਤਤ ਵੱਡੇ-ਵੱਡੇ ਮੁਨੀ ਸਾਰੇ ਸੇਵਕ ਕਰ ਰਹੇ ਹਨ ਪਰ ਉਹ ਬੇਅੰਤ (inifinity) ਹੈ। ਉਸਦਾ ਅੰਤ ਕਦੇ ਪਾਇਆ ਹੀ ਨਹੀਂ ਜਾ ਸਕਦਾ। ਫੁਰਮਾਨ ਹੈ -

***ਉਸਤਤਿ ਕਰਹਿ ਸੇਵਕ ਮੁਨਿ ਕੇਤੇ***
***ਤੇਰਾ ਅੰਤੁ ਨ ਕਤਹੂ ਪਾਈਐ॥*** ***ਪੰਨਾ - 528***

ਹੇ ਸੁਖਾਂ ਦੇ ਦਾਤੇ ਦੁਖਾਂ ਨੂੰ ਦੂਰ ਕਰਨ ਵਾਲੇ ਸੁਆਮੀ ਬਲਿਹਾਰ ਜਾਂਦੇ ਹਾਂ ਤੇਰੀ ਕੁਦਰਤ ਦੇਖ ਕੇ, ਤੇਰੀ ਮਹਾਨਤਾ ਦੇਖ ਕੇ, ਦਿਆਲਤਾ ਦੇਖ ਕੇ -

***ਸੁਖਦਾਤੇ ਦੁਖਭੰਜਨ ਸੁਆਮੀ***
***ਜਨ ਨਾਨਕ ਸਦ ਬਲਿ ਜਾਈਐ॥*** ***ਪੰਨਾ - 528***

ਤੈਨੂੰ ਇਕ ਭੇਤ ਸਮਝ ਵਿਚ ਨਹੀਂ ਆਇਆ ਕਿ ਜੋ ਕੁਝ ਵੀ ਨਜ਼ਰ ਆਉਂਦਾ ਹੈ ਅਤੇ ਹੋ ਰਿਹਾ ਹੈ ਉਹ ਸਭ ਕੁਝ ਹੁਕਮ ਵਿਚ ਹੋ ਰਿਹਾ ਹੈ, ਜੇ ਤੇਰੇ ਇਹ ਗੱਲ ਸਮਝ ਵਿਚ ਆ ਜਾਵੇ ਤਾਂ ਤੈਨੂੰ ਪਤਾ ਲਗ ਜਾਵੇ ਕਿ ਮੇਰੀ ਤਾਂ ਹਸਤੀ ਹੀ ਕੋਈ ਨਹੀਂ ਹੈ, ਮੈਂ ਤਾਂ ਖਾਹਮਖਾਹ ਆਪਣੀ ਹਸਤੀ ਬਣਾਈ ਹੈ। ਜੋ ਕੁਝ ਹੋਣਾ ਹੈ ਉਹ ਹੋਣਾ ਹੀ ਹੈ ਕਿਉਂਕਿ ਜੋ ਕੁਝ ਹੋਣਾ ਹੈ ਉਹ ਤੇਰੇ ਮੱਥੇ ਵਿਚ ਲਿਖਿਆ ਹੋਇਆ ਹੈ। ਵਾਹਿਗੁਰੂ ਜੀ ਆਪਣੀ ਰਚਨਾ ਵਿਚ ਰਚਿਆ ਹੋਇਆ ਹੈ। ਨਾ ਇਥੇ ਕੋਈ ਲਾਭ ਹੈ, ਨਾ ਇਥੇ ਕੋਈ ਘਾਟਾ ਹੈ। ਕਦੇ ਅਨੰਦ ਵਿਚ ਖਿੜਦੇ ਹਨ, ਕਦੇ ਜ਼ਹਿਰੀਲੇ ਗ਼ਮ ਹੁੰਦੇ ਹਨ, ਕਦੇ ਹਸਣਾ ਤੇ ਕਦੇ ਰੋਣਾ ਹੁੰਦਾ ਹੈ। ਕਿਤੇ ਮੈਲ ਭਰੇ ਹੋਏ ਅਭਿਮਾਨੀ ਨਜ਼ਰੀਂ ਪੈਂਦੇ ਹਨ, ਕਿਤੇ ਸਾਧੂ ਦਾ ਸੰਗ ਮਿਲ ਕੇ ਸਾਰੀਆਂ ਮੈਲਾਂ ਨੂੰ ਧੋਇਆ ਜਾਂਦਾ ਹੈ, ਇਸ ਨੂੰ ਕੌਣ ਮੇਟ ਸਕਦਾ ਹੈ ਕਿਉਂਕਿ ਹੋਰ ਹੈ ਹੀ ਕੋਈ ਨਹੀਂ। ਜਿਸ ਦੀ ਕ੍ਰਿਪਾ ਨਾਲ ਇਹ ਸਭ ਕੁਝ ਹੋ ਰਿਹਾ ਹੈ ਉਸ ਤੇ ਬਲਿਹਾਰ-ਬਲਿਹਾਰ ਜਾਂਦੇ ਹਾਂ। ਇਹ ਤੇਰੇ ਵਾਸਤੇ ਤੇਰੀਆਂ ਅੱਖਾਂ ਦੇ ਸਾਮ੍ਹਣੇ ਸਦਾ ਰੱਖਣ ਦਾ ਸੰਦੇਸਾ ਹੈ -

***ਮਾਈ ਹੋਨਹਾਰ ਸੋ ਹੋਈਐ॥***
***ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ॥***
***ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ॥***
***ਕਬਹੂ ਮੈਲੁ ਭਰੇ ਅਭਿਮਾਨੀ ਕਬ ਸਾਧੂ ਸੰਗਿ ਧੋਈਐ॥***
***ਕੋਇ ਨ ਮੇਟੈ ਪ੍ਰਭ ਕਾ ਕੀਆ ਦੂਸਰ ਨਾਹੀ ਅਲੋਈਐ॥***
***ਕਹੁ ਨਾਨਕ ਤਿਸੁ ਗੁਰ ਬਲਿਹਾਰੀ ਜਿਹ ਪ੍ਰਸਾਦਿ ਸੁਖਿ ਸੋਈਐ॥***
***ਪੰਨਾ - 528***

ਸੋ ਤੇਰੀਆਂ ਸਾਰੀਆਂ ਚਿੰਤਾਵਾਂ ਦਾ ਇਲਾਜ ਇਹੋ ਹੈ ਕਿ ਤੂੰ ਇਸ ਸਤਿ ਨੂੰ ਪਛਾਣ ਲਵੇਂ, ਸਾਰੇ ਦੁਖ ਤੇਰੇ ਨਾਸ਼ ਹੋ ਜਾਣ ਜੇ ਤੂੰ ਕਦੇ ਇਹ ਮਹਾਨ ਸਤਿ ਦੇ ਬਚਨ ਆਪਣੇ ਹਿਰਦੇ ਵਿਚ ਧਾਰਨ ਕਰ ਲਵੇ -

***ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ॥***
***ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ॥***
***ਪੰਨਾ - 529***

ਮੈਂ ਤੇਰੇ ਨਾਲ ਸਹਿਜ ਵਿਚ ਹੀ ਬਹੁਤ ਗੱਲਾਂ ਬਾਤਾਂ ਕਰ ਲਈਆਂ ਹਨ। ਤੂੰ ਮੇਰੇ ਬਚਨ ਸੁਣੇ ਹਨ ਹੁਣ ਤੂੰ ਇਕਾਂਤ ਥਾਂ ਬੈਠ ਕੇ ਇਨ੍ਹਾਂ ਗੱਲਾਂ ਨੂੰ ਸੋਚੀਂ, ਯਾਦ ਰੱਖੀਂ ਮੈਂ ਸਾਰੀਆਂ ਤਕਲੀਫਾਂ ਸਹਿ ਕੇ ਵੀ ਖਿੜਦਾ ਹਾਂ, ਤੂੰ ਬਚਪਨ ਵਿਚ ਖਿੜਦਾ ਹੈਂ, ਜੁਆਨੀ ਵਿਚ ਅਨੇਕ ਕਿਸਮ ਦੇ ਨਸ਼ਿਆਂ ਵਿਚ ਗ੍ਰਸਤ ਹੋ ਜਾਂਦਾ ਹੈ, ਬੁਢਾਪੇ ਵਿਚ ਝੁਰਦਾ ਰਹਿੰਦਾ ਹੈਂ, ਤੇਰਾ ਅੰਗ-ਅੰਗ ਕਮਜ਼ੋਰ ਹੋ ਜਾਂਦਾ ਹੈ। ਤੇਰੇ ਤੋਂ ਖੇੜਾ ਕੀ ਭਾਲਣਾ ਹੋਇਆ, ਤੇਰੇ ਨਾਲ ਤਾਂ ਗੱਲ ਕਰਕੇ ਵੀ ਕੋਈ ਰਾਜ਼ੀ ਨਹੀਂ ਹੁੰਦਾ। ਤੇਰੇ ਕੋਲ ਐਨੇ ਹਨੇਰੇ ਹੁੰਦੇ ਹਨ ਕਿ ਸੁਣਨ ਵਾਲੇ ਨੂੰ ਵੀ ਪਰੇਸ਼ਾਨੀ ਆ ਕੇ ਘੇਰ ਲੈਂਦੀ ਹੈ। ਮੇਰੇ ਜੀਵਨ ਨਾਲ ਤੂੰ ਤੁਲਣਾ ਕਰ ਅਤੇ ਫੇਰ ਪਛਾਣ ਆਪਣੇ ਆਪ ਨੂੰ। ਜਦੋਂ ਤੂੰ ਅੰਤਰ ਖੋਜ ਕਰ ਲਈ ਫਿਰ ਤੇਰੇ ਵਰਗਾ ਹੋਰ ਕੋਈ ਨਹੀਂ ਹੋਵੇਗਾ ਫਿਰ ਤਾਂ ਤੂੰ ਸਦੀਵੀ ਖੇੜੇ ਨੂੰ ਮਾਣੇਂਗਾ। ਹੱਕ ਦੀ ਅਵਾਜ਼ ਸੁਣ 'ਉਹ ਆਪੇ ਆਪ ਹੈ' ਤੂੰ ਭੀ ਓਹੀ ਹੈਂ। ਜਦੋਂ ਸੁਣੀ ਤਾਂ-

***ਨਾਨਕ ਭਗਤਾ ਸਦਾ ਵਿਗਾਸੁ॥***
***ਸੁਣਿਐ ਦੂਖ ਪਾਪ ਕਾ ਨਾਸੁ॥*** ***ਪੰਨਾ - 3***

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-47)*

## ਅਧਿਆਇ ਪੰਜਵਾਂ

## ਇਛਾਵਾਂ ਤੋਂ ਉਚੇ ਉਠ ਕੇ ਸੰਸਕਾਰ ਸੁਧਾਈ ਕਰਨੀ

ਪਿਛਲੇ ਅਧਿਆਇ ਵਿਚ ਅਸੀਂ ਮਨੁੱਖ ਦੀਆਂ ਚਾਰ ਮਹੱਤਵਪੂਰਨ ਜ਼ਰੂਰਤਾਂ ਅਤੇ ਪ੍ਰੇਰਨਾਵਾਂ ਬਾਰੇ ਭਾਵ ਰੋਟੀ, ਕਾਮ, ਨੀਂਦ ਅਤੇ ਆਤਮ ਸੰਭਾਵ ਬਾਰੇ ਪੜ੍ਹਿਆ ਹੈ ਤੇ ਦੇਖਿਆ ਹੈ ਕਿ ਇਹ ਕਿਵੇਂ ਸਾਡੇ ਨਕਾਰਤਮਕ ਸੰਵੇਗਾਂ ਦੀ ਜੜ੍ਹ ਹਨ। ਇਸੇ ਕਰਕੇ ਇਨ੍ਹਾਂ ਸੰਵੇਗਾਂ ਨੂੰ ਚੰਗੀ ਤਰ੍ਹਾਂ ਨਾਲ ਸੋਧਣਾ, ਇਨ੍ਹਾਂ ਬਾਰੇ ਜਾਣ ਲੈਣਾ, ਇਨ੍ਹਾਂ ਨੂੰ ਸੰਤੁਲਨ ਵਿਚ ਰੱਖਣਾ ਆਤਮ ਮਾਰਗ ਤੇ ਚੱਲਣ ਲਈ ਅਤਿ ਅਵੱਸ਼ਕ ਹੈ। ਬਹੁਤ ਸਾਰੇ ਲੋਕ ਸਮਝ ਨਹੀਂ ਸਕਦੇ ਕਿ ਇਨ੍ਹਾਂ ਦੀ ਜੀਵਨ ਵਿਚ ਕੀ ਭੂਮਿਕਾ ਹੈ। ਇਹ ਵੀ ਨਹੀਂ ਸਮਝਦੇ, ਇਹ ਵੀ ਨਹੀਂ ਜਾਣਦੇ ਕਿ ਇਨ੍ਹਾਂ ਸੰਵੇਗਾਂ ਨੂੰ ਕਿਵੇਂ ਠੀਕ ਤਰ੍ਹਾਂ ਸੋਧਿਆ ਜਾਵੇ ਤਾਂ ਜੋ ਇਹ ਆਤਮ ਮਾਰਗ ਤੇ ਕੋਈ ਰੁਕਾਵਟ ਪੈਦਾ ਨਾ ਕਰਨ। ਆਤਮ ਮਾਰਗ ਤੇ ਤਰੱਕੀ ਕਰਨ ਲਈ ਸਾਨੂੰ ਇਨ੍ਹਾਂ ਜ਼ਰੂਰਤਾਂ ਨੂੰ ਜਾਨਣ ਦੀ ਲੋੜ ਹੈ, ਸਮਝਣ ਦੀ ਲੋੜ ਹੈ, ਇਨ੍ਹਾਂ ਦੀ ਜੀਵਨ ਵਿਚ ਕੀ ਭੂਮਿਕਾ ਹੈ ਇਹ ਸਮਝ ਲੈਣ ਦੀ ਲੋੜ ਹੈ, ਇਹ ਵੀ ਜਾਨਣ ਦੀ ਲੋੜ ਹੈ ਕਿ ਇਨ੍ਹਾਂ ਦੀ ਪੂਰਤੀ ਇਨ੍ਹਾਂ ਦੀ ਤ੍ਰਿਪਤੀ ਕਿਵੇਂ ਕੀਤੀ ਜਾਵੇ।

ਭੈ ਤੋਂ ਭਾਵ ਹੈ ਕਿ ਸਭ ਤੋਂ ਪਹਿਲਾਂ ਤਾਂ ਇਹ ਪਤਾ ਹੋਵੇ ਕਿ ਸਾਡੇ ਅੰਦਰ ਡਰ ਹੈ ਕਿਉਂ? ਜੇ ਤੁਸੀਂ ਆਪਣੇ ਅੰਦਰ ਦਾ ਵਿਸ਼ਲੇਸ਼ਨ ਕਰਨ ਬੈਠੋ ਤਾਂ ਬਹੁਤ ਛੇਤੀ ਹੀ ਤੁਸੀਂ ਸਮਝ ਜਾਓਗੇ ਕਿ ਤੁਹਾਡੇ ਅੰਦਰ ਦੇ ਭੈ ਤੁਹਾਡੇ ਅੰਦਰ ਦੇ ਡਰ, ਕੇਵਲ ਇਕ ਝੂਠ ਤੇ ਟਿਕੇ ਹੋਏ ਕੇਵਲ ਅਗਿਆਨ ਦੇ ਕਾਰਨ ਹਨ। ਤੁਹਾਡੇ ਡਰ ਵਿਚ ਕੋਈ ਸਚਾਈ ਨਹੀਂ, ਕੋਈ ਸਤਿ ਨਹੀਂ। ਕਈ ਡਰ ਤੁਹਾਡੇ ਅੰਦਰ ਦਬੇ ਪਏ ਰਹਿੰਦੇ ਹਨ, ਤੁਸੀਂ ਕਦੀ ਉਨ੍ਹਾਂ ਨੂੰ ਜਾਂਚਦੇ ਹੀ ਨਹੀਂ, ਤੁਸੀਂ ਉਨ੍ਹਾਂ ਦੀ ਦਇਆ ਤੇ ਹੀ ਰਹਿੰਦੇ ਹੋ। ਵਾਸਤਵ ਵਿਚ ਤੁਸੀਂ ਆਪਣੇ ਡਰ ਨੂੰ ਦੇਖਣਾ ਹੀ ਨਹੀਂ ਚਾਹੁੰਦੇ, ਪਰ ਤੁਹਾਨੂੰ ਡਰ ਨੂੰ ਦੇਖਣਾ ਜਾਚਣਾ ਸਿਖਣਾ ਚਾਹੀਦਾ ਹੈ। ਆਪਣੇ ਭੈ ਨੂੰ ਇਕ ਇਕ ਕਰਕੇ ਦੇਖਣਾ ਜਾਂਚਣਾ ਚਾਹੀਦਾ ਹੈ। ਇਕ ਇਕ ਕਰਕੇ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ, ਉਨ੍ਹਾਂ ਉਤੇ ਕਾਬੂ ਪਾਉਣਾ ਚਾਹੀਦਾ ਹੈ, ਇਸ ਤਰ੍ਹਾਂ ਕਰਨਾ ਬਹੁਤ ਜ਼ਰੂਰੀ ਹੈ। ਹਰ ਇਕ ਦੇ ਕੋਈ ਨਾ ਕੋਈ ਭੈ ਹੁੰਦੇ ਹਨ। ਮੈਂ ਆਪਣੇ ਜੀਵਨ ਵਿਚ ਇਹ ਹੀ ਦੇਖਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਹਰ ਇਕ ਦੇ ਭੈ ਹਨ, ਇਹ ਭੈ ਹਰ ਇਕ ਦੇ ਜੀਵਨ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਿਤ ਕਰਦੇ ਰਹੇ ਹਨ, ਉਨ੍ਹਾਂ ਦੇ ਜੀਵਨ ਵਿਚ ਇਹ ਦੇਖਿਆ ਜਾ ਸਕਦਾ ਹੈ।

ਇਕ ਦਿਨ ਦੀ ਗੱਲ ਹੈ, ਮੈਂ ਦੇਹਰਾਦੂਨ ਇਕ ਸਰਕਾਰੀ ਘਰ ਵਿਚ ਠਹਿਰਿਆ ਹੋਇਆ ਸੀ, ਕਿਉਂਕਿ ਹੋਰ ਕਿਤੇ ਮੈਨੂੰ ਥਾਂ ਨਹੀਂ ਸੀ ਮਿਲੀ। ਜਿਥੇ ਮੈਂ ਠਹਿਰਿਆ ਸੀ ਉਹ ਬੀਬੀ ਕਹਿੰਦੀ ਸੁਣਦੀ ਹਸਦੀ ਸੀ। ਉਸ ਕੋਲ ਇਕ ਲੀਡਰ ਵੀ ਉਸੇ ਸ਼ਾਮ ਪਹੁੰਚੀ ਤੇ ਉਹ ਦੂਸਰੇ ਕਮਰੇ ਵਿਚ ਠਹਿਰੀ ਹੋਈ ਸੀ। ਉਹ ਲੀਡਰ ਬਹੁਤ ਮੰਨੀ ਪਰਮੰਨੀ ਹਸਤੀ ਤੇ ਉਸ ਨੂੰ ਬਹੁਤ ਨਿਰਭੈ ਤੇ ਸ਼ਕਤੀਸ਼ਾਲੀ ਮੰਨਿਆ ਜਾਂਦਾ ਸੀ। ਕਿਹਾ ਜਾਂਦਾ ਹੈ ਉਹ ਗੋਲੀਆਂ ਤੋਂ, ਲੜਾਈ ਤੋਂ ਵੀ ਨਹੀਂ ਡਰਦੀ। ਉਹ ਲੜਾਈ ਦੇ ਮੈਦਾਨ ਵਿਚ ਵੀ ਗਈ ਸੀ ਜਿਥੇ ਘਟ ਹੀ ਲੋਕ ਪਹੁੰਚ ਸਕਦੇ ਹਨ। ਉਹ ਬੀਬੀ ਦੂਸਰਿਆਂ ਨੂੰ ਵੀ ਪ੍ਰੇਰਨਾ ਦੇਣ ਵਿਚ ਬਹੁਤ ਚੰਗੀ ਮੰਨੀ ਜਾਂਦੀ ਸੀ ਪਰ ਉਸ ਰਾਤ 12 ਵਜੇ ਉਹ ਉਚੀ ਉਚੀ ਰੋਣ ਲਗ ਪਈ, ਉਚੀ ਉਚੀ ਬੁਲਾਉਣ ਲਗ ਪਈ ਜਿਵੇਂ ਉਸ ਨੂੰ ਕੋਈ ਮਾਰ ਰਿਹਾ ਹੋਵੇ ਤੇ ਉਸ ਦੇ ਪਹਿਰੇਦਾਰ ਬਾਹਰ ਖੜ੍ਹੇ ਪਰੇਸ਼ਾਨ ਹੋ ਰਹੇ ਸੀ, ਹਾਰ ਕੇ ਮੈਂ ਬਾਹਰ ਗਿਆ ਤੇ ਬਾਹਰੋਂ ਹੀ ਆਵਾਜ਼ ਦਿਤੀ, ਬੀਬੀ ਕੀ ਗੱਲ ਹੈ? ਤੁਸੀਂ ਠੀਕ ਤਾਂ ਹੋ ਤੁਸੀਂ ਏਨਾ ਕਿਉਂ ਘਬਰਾਏ ਪਏ ਹੋ?

ਤੇ ਉਹ ਕਹਿਣ ਲੱਗੀ, "ਮੇਰੀ ਸਮੱਸਿਆ ਬੜੀ ਗੰਭੀਰ ਹੈ"

ਮੈਂ ਕਿਹਾ, "ਮੈਨੂੰ ਦੱਸੋ ਕੀ ਗੱਲ ਹੈ, ਮੈਂ ਬੂਹਾ ਤੋੜ ਕੇ ਅੰਦਰ ਆ ਜਾਂਦਾ ਹਾਂ।"

ਉਹ ਕਹਿਣ ਲੱਗੀ, "ਨਹੀਂ ਇਸ ਤਰ੍ਹਾਂ ਨਾ ਕਰਨਾ।"

ਮੈਂ ਕਿਹਾ, "ਫੇਰ ਬੂਹਾ ਖੋਲ੍ਹੋ।"

ਉਹ ਕਹਿਣ ਲੱਗੀ, "ਮੈਂ ਬੂਹਾ ਨਹੀਂ ਖੋਲ੍ਹ ਸਕਦੀ ਕਿਉਂਕਿ ਬੂਹਾ ਖੋਲ੍ਹਣ ਵਾਲੇ ਕੁੰਡੇ ਤੇ ਮੱਕੜੀ ਬੈਠੀ ਹੈ। ਸੋ ਤੁਸੀਂ ਆਪ ਹੀ ਦੇਖ ਲਓ ਕਿ ਉਹ ਬਹਾਦਰ ਬੀਬੀ ਮੱਕੜੀ ਤੋਂ ਡਰ ਰਹੀ ਸੀ।

ਇਕ ਹੋਰ ਮਿਸਾਲ ਮੈਂ ਤੁਹਾਨੂੰ ਦਿੰਦਾ ਹਾਂ,

ਵਾਸ਼ਿੰਗਟਨ ਤੋਂ ਇਕ ਐਟੋਰਨੀ ਜਨਰਲ ਰਿਸ਼ੀਕੇਸ਼ ਆਏ ਹੋਏ ਸੀ। ਉਹ ਬਾਹਰ ਇਕ ਹਾਲ ਕਮਰੇ ਵਿਚ ਠਹਿਰੇ ਹੋਏ ਸੀ, ਹੋਰ ਲੋਕੀ ਵੀ ਸੀ ਤੇ ਉਹ ਸਾਫ ਸੁਥਰੀ ਜਗ੍ਹਾ ਸੀ, ਇਕ ਰਾਤ ਦੀ ਗੱਲ ਹੈ ਮੈਨੂੰ ਚੀਕਣ ਦੀ ਆਵਾਜ਼ ਆਈ, ਮੈਂ ਬਾਹਰ ਨਿਕਲਿਆ ਤੇ ਪੁਛਿਆ, "ਕੀ ਹੋ ਗਿਆ?" ਕੀ ਗੱਲ ਹੈ?" ਮੈਨੂੰ ਐਟੋਰਨੀ ਦਾ ਜਵਾਬ ਆਇਆ, ਕਮਰੇ ਵਿਚ ਛਿਪਕਲੀ ਹੈ। ਹੁਣ ਗੱਲ ਇਹ ਹੈ ਕਿ ਗਰਮ ਦੇਸ਼ਾਂ ਵਿਚ ਹਰ ਤਰ੍ਹਾਂ ਦੇ ਰੇਂਗਣ ਵਾਲੇ ਕੀੜੇ ਮਕੌੜੇ ਹੁੰਦੇ ਹਨ, ਜਿਹੜੇ ਕਿ ਠੰਡੇ ਦੇਸ਼ਾਂ ਵਿਚ ਨਹੀਂ ਹੁੰਦੇ। ਇਹ ਕੀੜੇ ਮਕੌੜੇ ਕੋਈ ਨੁਕਸਾਨ ਨਹੀਂ ਕਰਦੇ, ਕੋਈ ਕਟਦੇ ਵਡਦੇ ਨਹੀਂ। ਕਈਆਂ ਨੂੰ ਸੱਪ ਦਾ ਡਰ ਹੁੰਦਾ ਹੈ।

ਇਹ ਮੇਰੇ ਨਾਲ ਵੀ ਹੋਇਆ ਹੈ। ਮੈਨੂੰ ਸੱਪਾਂ ਤੋਂ ਬਹੁਤ ਡਰ ਲਗਦਾ ਸੀ। ਇਥੋਂ ਤੱਕ ਕਿ ਮੈਂ ਆਪਣੀਆਂ ਜੇਬਾਂ ਹੀ ਦੇਖਦਾ ਰਹਿੰਦਾ ਸੀ ਕਿ ਕਿਤੇ ਮੇਰੀ ਜੇਬ ਵਿਚ ਸੱਪ ਤਾਂ ਨਹੀਂ। ਮੈਨੂੰ ਇਹੀ ਡਰ ਲਗਦਾ ਸੀ ਕਿ ਕਿਤੇ ਸੱਪ ਮੇਰੀ ਜੇਬ ਵਿਚ ਨਾ ਆ ਜਾਏ। ਜਦੋਂ ਕਦੀ ਵੀ ਮੈਂ ਕਿਤੇ ਵੀ ਰਿਹਾ ਹਾਂ, ਹੋਟਲ ਵਿਚ ਇਥੇ ਅਮਰੀਕਾ ਮੈਂ ਹਮੇਸ਼ਾ ਆਪਣਾ ਬਿਸਤਰ ਸਰ੍ਹਾਣਾ ਸਭ ਚੰਗੀ ਤਰ੍ਹਾਂ ਦੇਖਿਆ ਹੈ ਕਿ ਕਿਤੇ ਸੱਪ ਤਾਂ ਨਹੀਂ, ਚਾਹੇ ਮੈਂ ਉਪਰ ਗਿਆਰ੍ਹਵੀਂ ਮੰਜ਼ਲ ਤੇ ਕਿਉਂ ਨਾ ਠਹਿਰਿਆ ਹੋਵਾਂ। ਜਦੋਂ ਮੈਂ ਅਮਰੀਕਾ ਆਇਆ ਮੇਰੇ ਅੰਦਰ ਇਹ ਡਰ ਸੀ। ਮੇਰੇ ਗੁਰੂਦੇਵ ਨੇ ਸਹਾਇਤਾ ਕਰਕੇ ਮੇਰਾ ਇਹ ਡਰ ਕੱਢਿਆ।

ਹਰ ਇਕ ਦੇ ਆਪਣੇ ਭੈ ਹੁੰਦੇ ਹਨ। ਇਨ੍ਹਾਂ ਸਾਰੇ ਭੈਆਂ ਦਾ ਸਰੋਤ ਵਾਸਤਵ ਵਿਚ ਆਤਮ ਰੱਖਿਆ ਹੀ ਹੁੰਦਾ ਹੈ। ਆਪਣੇ ਆਪ ਨੂੰ ਸੰਭਾਲ ਕੇ ਰੱਖਣ ਦੀ ਇੱਛਾ ਆਪਣੇ ਆਪ ਨੂੰ ਹਰ ਖਤਰੇ ਤੋਂ ਬਚਾਣਾ ਇਹ ਮਨੁੱਖ ਦੀ ਇਕ ਮੁੱਢਲੀ ਜ਼ਰੂਰਤ ਹੈ। ਤੁਹਾਨੂੰ ਆਪਣੀਆਂ ਇਨ੍ਹਾਂ ਇਛਾਵਾਂ ਨੂੰ ਡੂੰਘੀ ਤਰ੍ਹਾਂ ਦੇਖਣਾ ਜਾਚਣਾ ਚਾਹੀਦਾ ਹੈ। ਤੁਹਾਨੂੰ ਮਨੁੱਖੀ ਜਾਮਾ ਮਿਲਿਆ ਹੈ। ਕੀ ਇਹ ਜਾਮਾ ਕੇਵਲ ਇਕ ਵਖ ਹਸਤੀ ਰੱਖਣ ਲਈ ਹੀ ਮਿਲਿਆ ਹੈ।

ਆਤਮ ਰੱਖਿਆ ਤੇ ਕਾਮ ਦੀਆਂ ਬੜੀਆਂ ਹੀ ਮਹੱਤਵਪੂਰਨ ਭੂਮਿਕਾਵਾਂ ਹਨ। ਪ੍ਰਸ਼ਨ ਇਹ ਉਠਦਾ ਹੈ ਕਿ ਮਨੁੱਖ ਕਾਮ ਵਿਚ ਕਿਉਂ ਐਨਾ ਉਲਝ ਜਾਂਦਾ ਹੈ। ਇਕ ਕਾਰਣ ਤਾਂ ਇਹ ਹੈ ਕਿ ਮਨੁੱਖ ਦੇ ਜੀਵਨ ਵਿਚ ਦੋ ਤਰ੍ਹਾਂ ਦੇ ਅਨੰਦ ਹਨ, ਇਕ ਹੈ ਵਿਸ਼ੇ ਅਨੰਦ ਜਿਹੜੇ ਛਿਨਭੰਗਰ ਹਨ ਜਿਵੇਂ ਕਾਮ ਪਰ ਇਹ ਤਾਂ ਥੋੜ੍ਹੀ ਦੇਰ ਦਾ ਹੈ। ਫੇਰ ਉਸ ਉਦਾਸੀ ਦਾ ਅਨੁਭਵ ਰਹਿੰਦਾ ਹੈ ਕਿਉਂਕਿ ਇਹ ਤਾਂ ਸਥਾਈ ਨਹੀਂ ਹੈ। ਸੰਸਾਰ ਦੀ ਹਰ ਵਸਤੂ ਤੁਹਾਨੂੰ ਛਿਨ ਭੰਗਰ ਦਾ ਅਨੰਦ ਹੀ ਦੇ ਸਕਦੀ ਹੈ। ਸੰਸਾਰ ਦੀ ਹਰ ਚੀਜ਼ ਛਿਨਭੰਗਰ ਹੈ, ਤੁਸੀਂ ਇਕ ਚੀਜ਼ ਤੋਂ ਅਨੰਦ ਮਾਣਦੇ ਹੋ, ਦੂਸਰੀ ਤੇ ਜਾਂਦੇ ਹੋ, ਤੀਸਰੀ ਤੇ ਜਾਂਦੇ ਹੋ। ਸੰਸਾਰ ਦੀ ਕੋਈ ਵੀ ਵਸਤੂ ਐਸੀ ਨਹੀਂ ਜਿਹੜੀ ਬਦਲਦੀ ਨਾ ਹੋਵੇ ਜਾਂ ਜਿਹੜੀ ਸਥਾਈ ਹੋਵੇ। ਇਥੇ ਦੀ ਹਰ ਵਸਤੂ ਨਾਸ਼ਵਾਨ ਹੈ। ਚਲਾਇਮਾਨ ਹੈ, ਰੂਪ ਬਦਲਣ ਵਾਲੀ ਹੈ, ਇਕ ਕਰਕੇ ਸੰਸਾਰ ਵਿਚੋਂ ਅਨੰਦ ਲੱਭਣਾ ਮਨੁੱਖ ਦੀ ਭੁੱਲ ਹੈ।

ਸੰਸਾਰਕ ਸਬੰਧਾਂ ਵਿਚੋਂ ਅਨੰਦ ਪ੍ਰਸੰਨਤਾ ਲੱਭਣੀ ਹੀ ਮਨੁੱਖ ਦੀ ਭੁੱਲ ਹੈ। ਇਸੇ ਕਰਕੇ ਸੰਸਾਰਕ ਪੱਧਰ ਤੇ ਜੀਣਾ ਵੀ ਭੁੱਲ ਹੀ ਹੈ। ਜੀਵਨ ਨੂੰ ਡੂੰਘਾਈ ਵਿਚ ਵਿਚਾਰਨਾ ਚਾਹੀਦਾ ਹੈ, ਆਪਾ ਚੀਨਣਾ ਚਾਹੀਦਾ ਹੈ, ਇਸੇ ਕਰਕੇ ਸੰਸਾਰਕ ਸਬੰਧ ਕਦੀ ਵੀ ਸੁਖਦਾਈ ਨਹੀਂ ਹੋ ਸਕਦੇ, ਨਾ ਹੀ ਇਹ ਸਬੰਧ ਸਥਾਈ ਹਨ।

ਮਨੁੱਖ ਸਥਾਈ ਅਨੰਦ ਦੀ ਪ੍ਰਾਪਤੀ ਜਾਣਦਾ ਹੀ ਨਹੀਂ ਕਿਉਂਕਿ ਮਨੁੱਖ ਖੁਸ਼ੀ ਦੀ ਭਾਲ ਵਿਚ ਇਕ ਚੀਜ਼ ਤੋਂ ਦੂਸਰੀ, ਦੂਸਰੀ ਤੋਂ ਤੀਸਰੀ ਚੀਜ਼ ਲਈ ਭਟਕਦਾ ਹੈ। ਜਦੋਂ ਕਿਤੋਂ ਵੀ ਸਥਾਈ ਖੁਸ਼ੀ ਨਹੀਂ ਮਿਲਦੀ, ਮਨੁੱਖ ਨਿਰਾਸ ਹੋ ਜਾਂਦਾ ਹੈ। ਹਾਰ ਕੇ ਜਦੋਂ ਤੁਸੀਂ ਸਭ ਕੁਝ ਦੇਖ ਲੈਂਦੇ ਹੋ ਤੁਸੀਂ ਅੰਤਰਮੁਖੀ ਹੁੰਦੇ ਹੋ, ਤੁਸੀਂ ਸੂਖਮ ਹੋ ਕੇ ਜੀਵਨ ਨੂੰ ਜੀਵਨ ਮਨੋਰਥ ਲੱਭਣ ਦੀ ਕੋਸ਼ਿਸ਼ ਕਰਦੇ ਹੋ। ਫੇਰ ਤੁਸੀਂ ਸਮਝਦੇ ਹੋ ਕਿ ਸੰਸਾਰ ਜਿਹੜਾ ਆਪ ਚਲਾਇਮਾਨ ਹੈ ਉਹ ਸਥਾਈ ਖੁਸ਼ੀ ਨਹੀਂ ਦੇ ਸਕਦਾ। ਜਦੋਂ ਤੁਸੀਂ ਸੰਸਾਰਕ ਵਸਤੂਆਂ ਤੋਂ ਅੱਗੇ ਨਿਕਲ ਜਾਂਦੇ ਹੋ, ਉਨ੍ਹਾਂ ਦੀ ਮਹੱਤਤਾ ਪਿਛੇ ਛੱਡ ਦਿੰਦੇ ਹੋ, ਉਦੋਂ ਹੀ ਤੁਸੀਂ ਅਨੰਦਮਈ ਹੁੰਦੇ ਹੋ, ਓਦੋਂ ਹੀ ਤੁਸੀਂ ਚੇਤਨ ਬਿੰਦੂ ਤੇ ਪਹੁੰਚਦੇ ਹੋ।

ਸੰਸਾਰਕ ਜ਼ਰੂਰਤਾਂ ਨੂੰ ਸੰਸਾਰਕ ਪ੍ਰੇਰਨਾਵਾਂ ਨੂੰ ਛੱਡ ਕੇ ਹੀ ਆਤਮਕ ਅਨੰਦ ਦੀ ਖੋਜ ਸ਼ੁਰੂ ਹੁੰਦੀ ਹੈ। ਅਸੀਂ ਆਮ ਤੌਰ ਤੇ ਇਕ ਸ਼ਬਦ ਦੀ ਵਰਤੋਂ ਕਰਦੇ ਹਾਂ ਉਹ ਸ਼ਬਦ ਹੈ 'ਸ਼ਾਦੀ'। ਸ਼ਾਦੀ ਦਾ ਅਰਥ ਹੈ ਖੁਸ਼ੀ, ਵਿਆਹ, ਜਦੋਂ ਵਿਆਹ ਹੁੰਦਾ ਹੈ ਜਾਂ ਵਿਆਹ ਤੋਂ ਪਹਿਲਾਂ ਮੁੰਡਾ ਕੁੜੀ ਇਕ ਦੂਸਰੇ ਨੂੰ ਮੁੰਦਰੀ ਪਾਉਂਦੇ ਹਨ, ਉਸ ਤੋਂ ਇਕ ਭਾਵ ਸਿੱਧ ਹੁੰਦਾ ਹੈ। ਉਹ ਹੈ ਮੁੰਦਰੀ ਧਾਤ ਦੇ ਇਕ ਟੁਕੜੇ ਨੂੰ ਸੋਧ ਕੇ ਜੋੜਿਆ ਜਾਂਦਾ ਹੈ, ਭਾਵ ਦੋ ਵੱਖ ਵੱਖ ਕਿਨਾਰਿਆਂ ਨੂੰ ਜੋੜ ਕੇ ਇਕ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੁੰਦਾ ਹੈ ਕਿ ਇਕ ਹੋਣਾ, ਜੀਵਨ ਵਿਚ ਇਕ ਹੋ ਕੇ ਸਾਥ ਨਿਭਾਉਣਾ। ਇਹ ਹੀ ਖੁਸ਼ੀ ਹੈ, ਇਹ ਹੀ ਜੀਵਨ ਦੀ ਪੂਰਨਤਾ ਹੈ।

ਅਨੰਦ ਪ੍ਰਾਪਤੀ ਜੀਵਨ ਲਕਸ਼ ਹੈ। ਤੁਹਾਡੇ ਬਹੁਤ ਸਾਰੇ ਕਾਜ ਕਰਮ ਜਿਹੜੇ ਤੁਸੀਂ ਸੰਸਾਰ ਵਿਚ ਕਰਦੇ ਹੋ ਭਾਵੇਂ ਉਹ ਖਾਣਾ ਪੀਣਾ ਹੈ, ਵਿਆਹ ਕਰਾਉਣਾ ਹੈ, ਬੱਚੇ ਹੋਣੇ, ਦੋਸਤ ਹੋਣੇ, ਇਹ ਸਾਰੇ ਤੁਹਾਡੀ ਖੁਸ਼ੀ ਦਾ ਹੀ ਸਾਧਨ ਹਨ। ਪਰ ਮੈਂ ਇਹ ਪੁਛਣਾ ਚਾਹਾਂਗਾ ਕੀ ਇਹ

ਸਾਰੀਆਂ ਚੀਜ਼ਾਂ ਤੁਹਾਨੂੰ ਉਹ ਖੁਸ਼ੀ ਦਿੰਦੀਆਂ ਹਨ? ਤੁਸੀਂ ਕਹੋਗੇ ਹਾਂ, ਥੋੜ੍ਹੀ ਦੇਰ ਲਈ ਤਾਂ ਦਿੰਦੀਆਂ ਹਨ, ਛਿਨਭੰਗਰ ਲਈ, ਸਥਾਈ ਨਹੀਂ। ਥੋੜ੍ਹੀ ਦੇਰ ਲਈ ਤੁਸੀਂ ਖੁਸ਼ ਹੁੰਦੇ ਹੋ, ਮੁੜ ਕੇ ਤੁਸੀਂ ਹੋਰ ਕਰਮ ਕਰਦੇ ਹੋ ਤਾਂ ਜੋ ਤੁਸੀਂ ਫੇਰ ਖੁਸ਼ ਹੋ ਸਕੋ। ਫੇਰ ਜਦੋਂ ਸੰਸਾਰ ਨੂੰ ਦੇਖਦੇ ਹੋ ਉਹ ਹੀ ਉਦਾਸੀ, ਉਹ ਹੀ ਗ਼ਮ, ਉਹੀ ਚਿੰਤਾਵਾ। ਸੰਸਾਰਕ ਵਸਤੂਆਂ ਤੁਹਾਨੂੰ ਥੋੜ੍ਹੀ ਦੇਰ ਲਈ ਖੁਸ਼ੀ ਦਿੰਦੀਆਂ ਹਨ। ਵਾਸਤਵ ਵਿਚ ਤਾਂ ਇਸ ਤੋਂ ਉਪਰ ਕੁਝ ਹੋਰ ਹੈ, ਉਹ ਹੈ ਜਿਹੜਾ ਸਥਾਈ ਅਨੰਦ ਦੇ ਸਕਦਾ ਹੈ।

ਮਾਨਵਤਾ ਦੇ ਰਿਸ਼ਤੇ ਸਬੰਧ ਖੁਸ਼ੀ ਦੇਣ ਵਾਲੇ ਹੋ ਸਕਦੇ ਹਨ, ਇਹ ਤੁਹਾਨੂੰ ਪੂਰੀ ਪੂਰੀ ਖੁਸ਼ੀ ਦੇ ਸਕਦੇ ਹਨ ਜੇ ਦੋਨੋਂ ਜਣੇ ਜੀਵਨ ਨੂੰ ਸਮਝ ਲੈਣ, ਇਕ ਦੂਸਰੇ ਨੂੰ ਸਵੀਕਾਰ ਕਰ ਲੈਣ ਤੇ ਆਤਮ ਮਾਰਗ ਤੇ ਚੱਲ ਪੈਣ, ਦੋਨੋਂ ਖੁਸ਼ੀ ਪ੍ਰਾਪਤ ਕਰ ਸਕਦੇ ਹਨ, ਸਾਰੇ ਮਜ਼ਹਬ ਪ੍ਰਮਾਤਮਾ ਦਾ ਇਕ ਹੀ ਸੁਨੇਹਾ ਦਿੰਦੇ ਹਨ, ਉਹ ਹੈ ਪ੍ਰੇਮ, ਸਮਾਨਤਾ, ਸ਼ਾਂਤੀ ਤੇ ਅਨੰਦ, ਬਾਹਰੀ ਖੁਸ਼ੀ, ਅੰਦਰ ਦਾ ਅਨੰਦ। ਪ੍ਰਮਾਤਮਾ ਪਰੀਪੂਰਨ ਹੈ, ਸਰਬਵਿਆਪਕ, ਸਰਬਗਿਆਨ ਹੈ, ਸਰਬ ਸਮਰੱਥ ਹੈ। ਜੇ ਇਹੀ ਤੱਤ ਹੈ ਫੇਰ ਤੁਸੀਂ ਕੌਣ ਹੋ? ਤੁਸੀਂ ਕਿਥੋਂ ਆਏ ਹੋ? ਤੁਸੀਂ ਉਸ ਹੀ ਸਰਬ ਵਿਆਪਕ ਦੀ ਅੰਸ਼ ਹੋ, ਪ੍ਰੇਮ, ਸ਼ਾਂਤੀ, ਅਨੰਦ ਸਭ ਕੁਝ ਤੁਹਾਡੇ ਹੀ ਅੰਦਰ ਹੈ।

ਜਦੋਂ ਤੁਸੀਂ ਆਪਣੇ ਅੰਦਰ ਦੇ ਸ੍ਰੋਤ ਵਿਚ ਜਾਂਦੇ ਹੋ, ਤੁਸੀਂ ਆਪਣੇ ਅੰਦਰ ਤੇ ਆਪਣੇ ਸਾਥੀ ਦੇ ਅੰਦਰ ਓਹੀ ਚਾਨਣ ਦੇਖਦੇ ਹੋ, ਤੁਸੀਂ ਕਹਿੰਦੇ ਹੋ ਮੇਰਾ ਸਾਥੀ ਕੇਵਲ ਇਕ ਸਰੀਰ ਹੀ ਨਹੀਂ, ਉਹ ਤਾਂ ਆਤਮਾ ਹੈ, ਪ੍ਰਮਾਤਮਾ ਦੀ ਹੀ ਅੰਸ਼ ਹੈ, ਜਦੋਂ ਦੋਨੋਂ ਸਾਥੀ ਦੰਪਤੀ ਇਕ ਦੂਸਰੇ ਬਾਰੇ ਇਹ ਮਹਿਸੂਸ ਕਰਦੇ ਹਨ, ਜਾਣ ਲੈਂਦੇ ਹਨ ਫੇਰ ਇਹ ਰਿਸ਼ਤਾ ਆਤਮ ਬੰਧਨ ਬਣ ਜਾਂਦਾ ਹੈ। ਇਕ ਮੰਦਰ ਅਤੇ ਉਸ ਦੇ ਅੰਦਰ ਪਈ ਮੂਰਤੀ ਦਾ ਬਣ ਜਾਂਦਾ ਹੈ। ਜਦੋਂ ਤੁਸੀਂ ਇਹ ਮਹਿਸੂਸ ਕਰ ਲੈਂਦੇ ਹੋ ਕਿ ਸਰੀਰ ਇਕ ਇਮਾਰਤ ਹੈ ਇਕ ਕੋਠਾ ਹੈ ਫੇਰ ਤੁਸੀਂ ਬਾਹਰ ਦੇ ਮੰਦਰ, ਗੁਰਦਵਾਰੇ, ਚਰਚ ਵਿਚ ਪੂਜਾ ਕਰਨ ਨਹੀਂ ਜਾਂਦੇ। ਇਸ ਅਨੁਭਵ ਤੋਂ ਬਾਅਦ ਜਿਹੜੀਆਂ ਤੁਹਾਡੀਆਂ ਭਾਵਨਾਵਾਂ ਹੁੰਦੀਆਂ ਹਨ ਉਹ ਹੀ ਸੱਚਾ ਪਿਆਰ ਹੁੰਦਾ ਹੈ, ਪਿਆਰ ਤੋਂ ਭਾਵ ਹੈ, ਸਤਿ ਨੂੰ ਜਾਣ ਲੈਣਾ। ਇਸ ਤੋਂ ਬਾਅਦ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਸੀਂ ਸਭ ਕੁਝ ਦੇ ਦਿਓ, ਆਪਾ ਵਾਰ ਦਿਓ ਕਿਉਂਕਿ ਤੁਸੀਂ ਸਤਿ ਜਾਣ ਲਿਆ ਹੈ, ਪਿਆਰ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥'

ਮੈਂ ਬਹੁਤ ਸਾਰੇ ਸਤਿ ਦੇ ਮਸੀਹਾਂ ਨੂੰ ਮਿਲਿਆ ਹਾਂ ਪਰ ਮੈਂ ਪ੍ਰੇਮ ਦੇ ਪੁਜਾਰੀਆਂ ਨੂੰ ਬਹੁਤ ਘੱਟ ਮਿਲਿਆ ਹਾਂ। ਜਿਹੜੇ ਮਹਾਂਪੁਰਖ ਮਜ਼ਹਬ ਨੂੰ ਕੱਟੜਤਾ ਨਾਲ ਨਹੀਂ ਮਿਲਾਉਂਦੇ, ਸਦਾ ਸੇਵਾ ਹੀ ਕਰਦੇ ਹਨ, ਸੇਵਾ ਦਾ ਹੀ ਪਾਠ ਪੜ੍ਹਦੇ ਹਨ, ਉਹ ਬਹੁਤ ਹੀ ਉਪਰ ਉਠ ਜਾਂਦੇ ਹਨ। ਸੰਤਾਂ, ਸਾਧੂਆਂ ਦੀ ਇਕ ਗੱਲ ਜ਼ਰੂਰ ਸਾਂਝੀ ਹੁੰਦੀ ਹੈ, ਨਿਸੁਆਰਥੀ, ਸ਼ਰਧਾ, ਅਚਾਰ ਤੇ ਬਾਣੀ ਸਾਰੇ ਹੀ ਨਿਸੁਆਰਥੀ ਹੁੰਦੇ ਹਨ, ਸਾਰੇ ਸੰਤਾਂ ਦੀ ਪ੍ਰਮਾਤਮਾ ਤੇ ਅਟੁੱਟ ਸ਼ਰਧਾ ਹੁੰਦੀ ਹੈ, ਉਨ੍ਹਾਂ ਦਾ ਆਚਾਰ ਇਕ ਮਿਸਾਲ ਹੁੰਦੀ ਹੈ ਜਿਵੇਂ ਕਿ ਗੁਰਬਾਣੀ ਵਿਚ ਕਿਹਾ ਹੈ, 'ਸਚਹੁ ਓਰੈ ਸਭ ਕੋ ਉਪਰ ਸਚ ਅਚਾਰ।' ਜਿਵੇਂ ਕਿ ਅਸੀਂ ਉਪਰ ਲਿਖ ਆਏ ਹਾਂ ਕਿ ਜੀਸਸ ਲਈ ਇਹ ਕਹਿਣਾ ਕੋਈ ਔਖਾ ਨਹੀਂ ਸੀ, ਮੈਨੂੰ ਮਾਫ ਕਰੋ ਪਰ ਤੁਸੀਂ ਮੈਨੂੰ ਸੂਲੀ ਤੇ ਕਿਉਂ ਚੜ੍ਹਾਅ ਰਹੇ ਹੋ, ਮੈਂ ਉਹ ਕੁਝ ਅੱਗੋਂ ਨਹੀਂ ਕਰਾਂਗਾ ਜਿਸ ਨੇ ਤੁਹਾਨੂੰ ਗੁੱਸੇ ਕੀਤਾ ਹੈ, ਜਿਹੜਾ ਤੁਹਾਨੂੰ ਬੁਰਾ ਲੱਗਾ ਹੈ। ਈਸਾ ਜੀ ਇਹ ਸਭ ਕੁਝ ਕਹਿ ਕੇ ਸੂਲੀ ਚੜ੍ਹਨ ਤੋਂ ਬਚ ਸਕਦੇ ਸੀ ਪਰ ਉਨ੍ਹਾਂ ਨੇ ਇਹ ਸਭ ਕੁਝ ਨਹੀਂ ਕਿਹਾ, ਕਿਉਂਕਿ ਉਨ੍ਹਾਂ ਨੂੰ ਪ੍ਰਮਾਤਮਾ ਤੇ ਅਟੁੱਟ ਸ਼ਰਧਾ ਤਾਂ ਸੀ ਪਰ ਉਨ੍ਹਾਂ ਨੂੰ ਆਪਣੀ ਕਰਣੀ ਤੇ ਕਰਮ ਤੇ ਵੀ ਪੂਰਾ ਵਿਸ਼ਵਾਸ਼ ਸੀ। ਉਨ੍ਹਾਂ ਨੂੰ ਪਤਾ ਸੀ ਉਹ ਕੀ ਕਰ ਰਹੇ ਹਨ, ਉਨ੍ਹਾਂ ਨੂੰ ਸੂਲੀ ਤੇ ਚੜ੍ਹ ਜਾਣ ਦੀ ਕੋਈ ਚਿੰਤਾ ਨਹੀਂ ਸੀ ਉਹ ਤਾਂ ਸਤਿ ਤੇ ਖੜ੍ਹੇ ਸੀ।

ਇਸੇ ਤਰ੍ਹਾਂ ਮੋਜ਼ਿਜ਼ ਇਕੱਲਾ ਹੀ ਪਹਾੜ ਤੇ ਕਿੰਨੇ ਦਿਨ ਰਿਹਾ, ਉਹ ਜਾਣਦਾ ਸੀ ਕਿ ਮਨੁੱਖੀ ਜੀਵਨ ਦਾ ਲਕਸ਼ ਕੁਝ ਹੋਰ ਹੈ ਤੇ ਉਹ ਪ੍ਰਾਪਤ ਵੀ ਕੀਤਾ ਜਾ ਸਕਦਾ ਹੈ। ਉਸ ਦਾ ਜਨਮ ਉਹ ਲਕਸ਼ ਪ੍ਰਾਪਤੀ ਕਰਨ ਲਈ ਹੀ ਹੋਇਆ ਸੀ ਤੇ ਉਸ ਨੇ ਉਹ ਪ੍ਰਾਪਤੀ ਕਰਨੀ ਹੀ ਸੀ। ਸੰਸਾਰ ਦੇ ਸਾਰੇ ਨਾਮੀ ਪੁਰਸ਼ ਨਿਸੁਆਰਥੀ ਹੀ ਹੋਏ ਹਨ, ਉਨ੍ਹਾਂ ਨੇ ਕਰਮ ਦੇ ਨਿਯਮ ਨੂੰ ਚੰਗੀ ਤਰ੍ਹਾਂ ਸਮਝਿਆ ਹੈ, ਭਾਵੇਂ ਉਹ ਕਿਸੇ ਹੀ ਮਜ਼ਹਬ ਦੇ ਕਿਉਂ ਨਾ ਹੋਣ। ਈਸਾਈ ਕਹਿੰਦੇ ਹਨ, ਜੋ ਬੀਜੋਗੇ ਉਹ ਹੀ ਕੱਟੋਗੇ। ਬੋਧੀ ਵੀ ਇਹੋ ਹੀ ਕਹਿੰਦੇ ਹਨ। ਬੋਧ ਮਜ਼ਹਬ ਕਰਮ ਨਿਯਮ ਤੇ ਹੀ ਅਧਾਰਤ ਹੈ, ਹਿੰਦੂ ਵੀ ਕਰਮਾਂ ਦੇ ਸਿਧਾਂਤ ਨੂੰ ਮੰਨਦੇ ਹਨ, ਕੁਰਾਨ ਵਿਚ ਹੀ ਇਹ ਦੱਸਿਆ ਗਿਆ ਹੈ।

ਏਸ ਕਾਨੂੰਨ ਵਿਚ ਕੋਈ ਮੁਆਫੀ ਨਹੀਂ, ਇਸ ਦੇ ਨਤੀਜਿਆਂ ਤੋਂ ਵੀ ਕੋਈ ਕਿਨਾਰਾ ਨਹੀਂ ਕੀਤਾ ਜਾ ਸਕਦਾ। ਜੇ ਤੁਸੀਂ ਸੇਬ ਦਾ ਬੀਜ ਬੀਜਿਆ ਹੈ ਤਾਂ ਅਮਰੂਦ ਦਾ ਰੁੱਖ ਲਗ ਨਹੀਂ ਸਕਦਾ। ਮਨੁੱਖ ਇਕ ਬੜੀ ਹੀ ਅਦੁੱਤੀ ਬਣਤਰ ਹੈ, ਉਹ ਪ੍ਰਮਾਤਮਾ ਨੂੰ ਕਹਿੰਦਾ ਹੈ, ਪ੍ਰਮਾਤਮਾ! ਮੈਂ ਬੀਜਿਆ ਤਾਂ ਸੇਬ ਹੈ ਪਰ ਮੈਨੂੰ ਚਾਹੀਦਾ ਅਮਰੂਦ ਹੈ।

ਮਨੁੱਖ ਇਸ ਤਰ੍ਹਾਂ ਆਪਣੀ ਕਮਜ਼ੋਰੀ ਦੇ ਕਾਰਣ ਕਰਦੇ ਹਨ, ਇਹ ਸਭ ਦਾ ਕਾਰਣ ਅਗਿਆਨ ਹੈ, ਹਉਮੈ ਹੈ। ਵਾਸਤਵ ਵਿਚ ਅਗਿਆਨ ਹੀ ਸਾਰਿਆਂ ਦੁਖਾਂ,

ਸੰਤਾਪਾਂ ਤੇ ਸਮੱਸਿਆਵਾਂ ਦਾ ਕਾਰਣ ਹੈ। ਅਗਿਆਨ ਹੀ ਸਾਰੇ ਭੈ ਦਿੰਦਾ ਹੈ, ਤੁਸੀਂ ਕਿਸੇ ਖਾਸ ਚੀਜ਼ ਤੋਂ ਡਰਦੇ ਹੋ ਕਿਉਂਕਿ ਉਹ ਤੁਹਾਡੇ ਤੋਂ ਭਿੰਨ ਹੈ ਜਿਸ ਦਿਨ ਤੁਸੀਂ ਤੇ ਉਹ ਇਕ ਹੋ ਜਾਓਗੇ, ਜਿਸ ਦਿਨ ਤੁਹਾਨੂੰ ਸਾਰੀ ਜਗ੍ਹਾ ਪ੍ਰਮਾਤਮਾ ਦਿਸਣ ਲਗ ਜਾਏਗਾ, ਤੁਹਾਨੂੰ ਕਿਸੇ ਤੋਂ ਵੀ ਡਰ ਨਹੀਂ ਰਹੇਗਾ। ਤੁਹਾਨੂੰ ਡਰ ਹੈ ਕਿਸ ਗੱਲ ਦਾ? ਕਿਸ ਚੀਜ਼ ਦਾ, ਸਾਰੀ ਥਾਂ ਪ੍ਰਮਾਤਮਾ ਆਪ ਹੀ ਵਰਤਦਾ ਹੈ ਉਹ ਹੀ ਪਰੀਪੂਰਨ ਹੈ, ਉਸ ਤੋਂ ਬਿਨਾਂ ਕੋਈ ਹੈ ਹੀ ਨਹੀਂ, ਜੇ ਸਾਰੀ ਜਗ੍ਹਾ ਉਹ ਆਪ ਹੀ ਹੈ ਫੇਰ ਡਰ ਕਿਸ ਚੀਜ਼ ਦਾ, ਡਰ ਓਦੋਂ ਤਕ ਹੀ ਹੈ ਜਦੋਂ ਤੁਸੀਂ ਆਪਣੇ ਆਪ ਨੂੰ ਵੱਖ ਤੇ ਬਾਹਰੀ ਸੰਸਾਰ ਤੇ ਚੀਜ਼ ਨੂੰ ਵੱਖ ਦੇਖਦੇ ਹੋ। ਤੁਸੀਂ ਜਦੋਂ ਤਕ ਸਤਿ ਨਹੀਂ ਦੇਖਦੇ, ਆਪਣੇ ਆਪ ਨੂੰ ਉਸ ਦਾ ਹਿੱਸਾ ਨਹੀਂ ਮੰਨਦੇ, ਸੰਸੇ ਖਤਮ ਨਹੀਂ ਹੁੰਦੇ, ਭੈ ਬਣਿਆ ਹੀ ਰਹੇਗਾ।

ਸਾਰੇ ਭੈ ਤੋਂ ਛੁਟਕਾਰੇ ਤੋਂ ਭਾਵ ਹੈ ਸਤਿ ਨਾਲ ਇਕ ਹੋ ਜਾਣਾ, ਸਤਿ ਦੀ ਪ੍ਰਾਪਤੀ ਕਰ ਲੈਣੀ, ਇਕ ਵਾਰੀ ਜਦੋਂ ਤੁਸੀਂ ਸਤਿ ਦੀ ਪ੍ਰਾਪਤੀ ਕਰ ਲੈਂਦੇ ਹੋ, ਤੁਸੀਂ ਬਿਲਕੁਲ ਨਿਰੋਲ ਹੋ ਜਾਂਦੇ ਹੋ, ਤੁਸੀਂ ਇਹ ਜਾਣ ਜਾਂਦੇ ਹੋ ਕਿ ਸਭ ਦੇ ਅੰਦਰ ਇਕ ਪ੍ਰਮਾਤਮਾ ਹੀ ਵਰਤ ਰਿਹਾ ਹੈ, ਉਹ ਹੀ ਪਰੀਪੂਰਨ ਹੈ, ਡਰ ਕਿਸ ਤੋਂ? ਕਿਸ ਗੱਲ ਦਾ ਡਰ। ਜੰਗਲਾਂ ਵਿਚ ਰਹਿ ਕੇ ਸਾਧੂਆਂ ਨੇ ਡਰ ਤੇ ਪ੍ਰਯੋਗ ਕੀਤੇ ਹਨ ਤੇ ਇਹ ਦੇਖਿਆ ਗਿਆ ਹੈ ਕਿ ਸ਼ੇਰ ਵਰਗੇ ਜਾਨਵਰ ਅਤੇ ਸੱਪ ਵੀ ਰੱਬ ਦੇ ਪਿਆਰਿਆਂ ਨੂੰ ਜਿਨ੍ਹਾਂ ਨੇ ਸਤਿ ਜਾਣ ਲਿਆ ਹੈ, ਜਿਹੜੇ ਪ੍ਰਭੂ ਨਾਲ ਇਕ ਹੋ ਗਏ ਹਨ ਉਨ੍ਹਾਂ ਨੂੰ ਕੁਝ ਨਹੀਂ ਕਹਿੰਦੇ।

ਮੇਰੇ ਆਪਣੇ ਨਾਲ ਇਕ ਵਾਰੀ ਇਸ ਤਰ੍ਹਾਂ ਹੋਇਆ ਹੈ। ਇਸ ਕਰਕੇ ਨਹੀਂ ਮੈਂ ਦਸ ਰਿਹਾ ਕਿ ਮੈਂ ਬਹੁਤ ਪਹੁੰਚਿਆ ਹੋਇਆ ਹਾਂ ਪਰ ਇਹ ਮੇਰੇ ਨਾਲ ਆਪਣੇ ਨਾਲ ਹੋਇਆ ਹੈ। ਮੈਂ ਪਹਾੜਾਂ ਵਿਚ ਸੀ, ਮੈਂ ਬਹੁਤ ਹੀ ਥਕਿਆ ਪਿਆ ਸੀ, ਦਿਨ ਦੇ ਤਿੰਨ ਵਜੇ ਸੀ ਉਸ ਸਮੇਂ ਮੈਨੂੰ ਨੀਂਦ ਆਉਂਦੀ ਹੈ ਕਿਉਂਕਿ ਮੈਂ ਰਾਤ ਨੂੰ ਤਾਂ ਸੌਂਦਾ ਨਹੀਂ, ਦਿਨ ਦਾ ਪ੍ਰਸ਼ਾਦਾ ਛਕ ਕੇ ਮੈਂ ਜ਼ਰੂਰ ਥੋੜ੍ਹੀ ਦੇਰ ਸੌਂਦਾ ਹਾਂ ਪਰ ਉਸ ਦਿਨ ਮੈਂ ਥਕਿਆ ਹੋਇਆ ਸੀ ਤੇ ਮੈਂ ਅਜੇ ਹੋਰ ਟੁਰਨਾ ਸੀ, ਅੱਗੇ ਜਾਣਾ ਸੀ, ਮੈਂ ਪੰਜ ਮੀਲ ਤੁਰ ਚੁੱਕਾ ਸੀ ਜੋ ਮੇਰੇ ਕੋਲ ਸੀ ਮੈਂ ਖਾਧਾ, ਪਾਣੀ ਪੀਤਾ ਤੇ ਆਰਾਮ ਕਰਨ ਲਈ ਇਕ ਗੁਫਾ ਵਿਚ ਚਲਾ ਗਿਆ। ਮੈਂ ਆਪਣੇ ਉਤੇ ਕੰਬਲ ਪਾਇਆ ਤੇ ਛੇਤੀ ਹੀ ਮੈਂ ਸੌਂ ਗਿਆ।

ਥੋੜ੍ਹੀ ਦੇਰ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਮੇਰੇ ਸਰੀਰ ਤੇ ਕੋਈ ਚੀਜ਼ ਮੇਰੇ ਤੇ ਚੱਲ ਰਹੀ ਹੈ। ਮੈਂ ਦੇਖਿਆ ਦੋ ਸ਼ੇਰ ਦੇ ਬੱਚੇ ਖੇਡ ਰਹੇ ਸੀ ਤੇ ਮੈਨੂੰ ਨਹੁੰਦਰਾਂ ਮਾਰ ਰਹੇ ਸੀ, ਮੇਰੀਆਂ ਪਲਕਾਂ ਬੜੀਆਂ ਭਾਰੀਆਂ ਹੋਈਆਂ ਪਈਆਂ ਸੀ ਪਰ ਮੈਂ ਕੋਈ ਸੁਪਨਾ ਨਹੀਂ ਸੀ ਦੇਖ ਰਿਹਾ, ਓਹ! ਇਹ ਤਾਂ ਸ਼ੇਰ ਦੇ ਬੱਚੇ ਹਨ। ਜੇ ਇਨ੍ਹਾਂ ਦੀ ਮਾਂ ਆ ਗਈ ਤਾਂ ਕੀ ਹੋਵੇਗਾ? ਇਹ ਵਿਚਾਰ ਮੇਰੇ ਮਨ ਵਿਚ ਆਇਆ ਪਰ ਮੈਂ ਫੇਰ ਸੌਂ ਗਿਆ। ਉਹ ਸੋਚ ਰਹੇ ਹਨ ਕਿ ਮੈਂ ਉਨ੍ਹਾਂ ਦੀ ਮਾਂ ਹਾਂ, ਮੈਨੂੰ ਚੱਟ ਰਹੇ ਹਨ, ਮੇਰੇ ਆਸੇ ਪਾਸੇ ਦੌੜ ਰਹੇ ਹਨ, ਮੈਂ ਇਸ ਤਰ੍ਹਾਂ ਸੌਂ ਤਾਂ ਨਹੀਂ ਸੀ ਸਕਦਾ ਪਰ ਮੈਂ ਕੋਸ਼ਿਸ਼ ਕੀਤੀ।

ਇਹ ਇਕ ਘੰਟਾ ਚਲਦਾ ਰਿਹਾ। ਫੇਰ ਮੈਂ ਅਚਾਨਕ ਇਕ ਪਰਛਾਵਾਂ ਗੁਫਾ ਦੇ ਬੂਹੇ ਅੱਗੇ ਦੇਖਿਆ। ਮੈਂ ਅੱਖਾਂ ਖੋਲ੍ਹੀਆਂ ਤੇ ਸ਼ੇਰਨੀ ਖੜ੍ਹੀ ਸੀ ਤੇ ਅੰਦਰ ਆਉਣ ਦੀ ਤਾਕ ਵਿਚ ਸੀ। ਮੇਰੇ ਕੋਲ ਕੋਈ ਹਥਿਆਰ ਨਹੀਂ ਸੀ। ਮੈਂ ਸੋਚਿਆ ਮੈਂ ਤਾਂ ਤੇਰੇ ਬੱਚਿਆਂ ਨੂੰ ਕੁਝ ਨਹੀਂ ਕਰ ਰਿਹਾ, ਕੁਝ ਨਹੀਂ ਕਹਿ ਰਿਹਾ, ਨਾ ਹੀ ਮੈਂ ਇਸ ਤਰ੍ਹਾਂ ਸੋਚ ਰਿਹਾ ਹਾਂ। ਜੇ ਤੂੰ ਪਿਛੇ ਹਟ ਜਾਵੇਂ ਤਾਂ ਮੈਂ ਬਾਹਰ ਚਲਾ ਜਾਵਾਂ ਤੇ ਤੂੰ ਅੰਦਰ ਆ ਜਾ। ਬਿਲਕੁਲ ਇਸ ਤਰ੍ਹਾਂ ਹੀ ਹੋਇਆ। ਸ਼ੇਰਨੀ ਇਕ ਪਾਸੇ ਖੜ੍ਹੀ ਹੋ ਗਈ, ਮੈਂ ਬਾਹਰ ਨਿਕਲ ਗਿਆ ਤੇ ਉਹ ਅੰਦਰ ਗੁਫਾ ਵਿਚ ਆ ਗਈ। ਰਾਮਾਇਣ ਵਿਚ ਲਿਖਿਆ ਹੈ ਕੀੜੀ ਤੋਂ ਲੈ ਕੇ ਹਾਥੀ ਤਕ ਇਹ ਜਾਣਦੇ ਹਨ ਕਿ ਗਲਤ ਕੀ ਹੈ ਤੇ ਠੀਕ ਕੀ ਹੈ?

ਤਿੰਨ ਤਰ੍ਹਾਂ ਦੇ ਨਾਲ ਗਿਆਨ ਪ੍ਰਾਪਤੀ ਹੋ ਸਕਦੀ ਹੈ - ਇਕ ਹੈ ਆਪਣੀਆਂ, ਪ੍ਰਵਿਰਤੀਆਂ ਰਾਹੀਂ, ਦੂਸਰਾ ਇੰਦਰੀਆਂ ਦੇ ਪ੍ਰਤੱਖ ਅਨੁਭਵ ਰਾਹੀਂ, ਤੀਸਰਾ ਅੰਤਰ ਦ੍ਰਿਸ਼ਟੀ ਦੇ ਗਿਆਨ ਰਾਹੀਂ। ਪਸ਼ੂ ਕੇਵਲ ਆਪਣੀਆਂ ਪ੍ਰਵਿਰਤੀਆਂ ਨਾਲ ਹੀ ਚਲਦੇ ਹਨ, ਉਨ੍ਹਾਂ ਦਾ ਸਾਰਾ ਕੁਝ ਪ੍ਰਵਿਰਤੀਆਂ ਰਾਹੀਂ ਹੀ ਹੁੰਦਾ ਹੈ, ਉਨ੍ਹਾਂ ਕੋਲ ਕੋਈ ਗਿਆਨ ਨਹੀਂ ਹੈ। ਮਿਸਾਲ ਵਜੋਂ ਸਾਗਰ ਦਾ ਇਕ ਹਿੱਸਾ ਹੁੰਦਾ ਹੈ ਜਿਸ ਨੂੰ 'ਸਾਗਰ ਦਾ ਰੇਗਿਸਤਾਨ' ਕਹਿੰਦੇ ਹਨ, ਉਥੇ ਕੋਈ ਬਹੁਤਾ ਖਾਣ ਪੀਣ ਲਈ ਨਹੀਂ ਹੁੰਦਾ। ਆਮ ਤੌਰ ਤੇ ਸਮੁੰਦਰ ਵਿਚ ਰਹਿਣ ਵਾਲੇ ਉਸ ਜਗ੍ਹਾਂ ਤੇ ਨਹੀਂ ਰਹਿੰਦੇ। ਜੇ ਤੁਸੀਂ ਨਵਜਨਮੇ ਕਛੂਏ ਨੂੰ ਉਥੇ ਰੱਖ ਦਿਓ ਉਹ ਵੀ ਆਪਣੀ ਪ੍ਰਵਿਰਤੀ ਅਨੁਸਾਰ ਰੀਂਗ ਕੇ ਸਮੁੰਦਰ ਵਿਚ ਆ ਜਾਵੇਗਾ।

ਮਨੁੱਖਾਂ ਵਿਚ ਵੀ ਪ੍ਰਵਿਰਤੀਆਂ ਹਨ, ਪ੍ਰਵਿਰਤੀਆਂ ਵੀ ਸਾਡੀਆਂ ਗਿਆਨ ਦਾ ਸ੍ਰੋਤ ਹਨ। ਮਨੁੱਖ ਕੋਲ ਗਿਆਨ ਦੇ ਵੱਖ ਵੱਖ ਸ੍ਰੋਤ ਹਨ। ਇੰਦ੍ਰੀਆਂ ਰਾਹੀਂ ਪ੍ਰਤਖ ਗਿਆਨ ਪ੍ਰਾਪਤ ਕਰਨਾ, ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਛੇਵੀਂ ਗਿਆਨ ਇੰਦ੍ਰੀ ਹੈ। ਜਦੋਂ ਪੰਜੋ ਗਿਆਨ ਇੰਦ੍ਰੀਆਂ ਇਕੱਠੀਆਂ ਹੋ ਕੇ ਇਕੋ ਚੀਜ਼ ਤੇ ਧਿਆਨ ਇਕੱਤਰ ਕਰਦੀਆਂ ਹਨ ਉਸ ਨੂੰ ਅਸੀਂ ਛੇਵੀਂ ਗਿਆਨ ਇੰਦ੍ਰੀ ਕਹਿੰਦੇ ਹਾਂ। ਉਦੋਂ ਤੁਸੀਂ ਉਸ ਵਿਸ਼ੇ ਨੂੰ ਚੰਗੀ ਤਰ੍ਹਾਂ ਜਾਣ ਜਾਂਦੇ ਹੋ, ਸਮਝ ਜਾਂਦੇ ਹੋ ਕਿ ਕੋਈ ਸਿੱਟਾ ਨਿਕਲਣ

ਵਾਲਾ ਹੈ, ਫੇਰ ਕੋਈ ਗੱਲ ਉਸ ਤਰ੍ਹਾਂ ਨਾਲ ਹੋ ਵੀ ਜਾਂਦੀ ਹੈ। ਤੁਸੀਂ ਕਹਿੰਦੇ ਹੋ ਮੈਂ ਕਿਹਾ ਸੀ ਇਸ ਤਰ੍ਹਾਂ ਹੋ ਜਾਏਗਾ। ਤੁਸੀਂ ਪੂਰੇ ਭਰੋਸੇ ਨਾਲ ਕਹਿੰਦੇ ਹੋ। ਇਸ ਤਰ੍ਹਾਂ ਨਾਲ ਹਰ ਇਕ ਨਾਲ ਕਦੀ ਨਾ ਕਦੀ ਜ਼ਰੂਰ ਹੁੰਦਾ ਆਇਆ ਹੈ ਤੇ ਹੁੰਦਾ ਹੈ। ਐਸਾ ਅੰਦਾਜ਼ਾ ਜਾਂ ਅੰਤਰ ਗਿਆਨ ਹੀ ਸਭ ਤੋਂ ਉਤਮ ਗਿਆਨ ਹੈ। ਸਾਡੇ ਅੰਦਰ ਬਹੁਤ ਸੋਹਣਾ ਅੰਤਰ ਗਿਆਨ ਭੰਡਾਰ ਹੈ। ਸਭ ਤੋਂ ਉਤਮ ਗਿਆਨ ਉਥੋਂ ਹੀ ਆਉਂਦਾ ਹੈ। ਇਕ ਵਾਰੀ ਜਦੋਂ ਉਹ ਗਿਆਨ ਭੰਡਾਰ ਖੁਲ੍ਹ ਜਾਏ, ਤੁਹਾਨੂੰ ਕਿਸੇ ਹੋਰ ਗਿਆਨ ਦੀ ਭਾਵ ਪ੍ਰਵਿਰਤੀ ਗਿਆਨ ਜਾਂ ਇੰਦ੍ਰੀਆਂ ਦੇ ਪ੍ਰਤੱਖ ਗਿਆਨ ਦੀ ਲੋੜ ਹੀ ਨਹੀਂ ਰਹਿੰਦੀ। ਇਸ ਤਰ੍ਹਾਂ ਨਾਲ ਗਿਆਨ ਦੇ ਤਿੰਨ ਸਰਵੋਤਮ ਸ੍ਰੋਤ ਹਨ ਪ੍ਰਵਿਰਤੀਆਂ ਰਾਹੀਂ ਗਿਆਨ, ਇੰਦ੍ਰੀਆਂ ਦਾ ਪ੍ਰਤੱਖ ਗਿਆਨ ਤੇ ਅੰਤਰ ਗਿਆਨ।

ਸਾਡੀਆਂ ਪ੍ਰਵਿਰਤੀਆਂ ਵਿਚ ਮੁਖ ਪ੍ਰਵਿਰਤੀਆਂ ਹਨ ਖਾਣ ਦੀ ਪ੍ਰਵਿਰਤੀ, ਕਾਮ, ਸੌਣਾ ਤੇ ਆਤਮ ਸੰਭਾਲ। ਇਹ ਸਭ ਤੋਂ ਪੁਰਾਣੇ ਤੇ ਪਹਿਲੇ ਸ੍ਰੋਤ ਹਨ, ਇਹ ਸਭ ਤੋਂ ਪੁਰਾਤਨ ਪ੍ਰਾਰੰਭਿਕ ਪ੍ਰੇਰਣਾਵਾ ਹਨ। ਜੇ ਤੁਸੀਂ ਬੈਠ ਕੇ ਕਦੇ ਆਪਣੀਆਂ ਭਾਵਨਾਵਾਂ ਦਾ ਜਾਂ ਸੰਵੇਗਾਂ ਦਾ ਵਿਸ਼ਲੇਸ਼ਨ ਕਰੋ, ਤੁਸੀਂ ਦੇਖੋਗੇ ਕਿ ਤੁਹਾਡੀਆਂ ਪ੍ਰੇਰਨਾਵਾਂ ਸਰੀਰ ਨਾਲ ਜਾ ਜੁੜਦੀਆਂ ਹਨ। ਜੇ ਤੁਸੀਂ ਬਹੁਤ ਖਾ ਰਹੇ ਹੋ ਤਾਂ ਦੇਖੋ ਕੀ ਕਾਰਣ ਹੈ, ਇਹ ਤੁਹਾਡੀ ਕਾਮ ਬਿਰਤੀ ਕਾਰਣ ਹੋ ਸਕਦਾ ਹੈ। ਕਿਉਂਕਿ ਇਹ ਸਰੀਰ ਦਾ ਇਕ ਨਿਯਮ ਹੈ ਜਿਸ ਨੂੰ ਘਾਟਾ ਪੂਰਾ ਕਰਨਾ ਜਾਂ ਸਥਾਨੰਤਰਣ ਕਹਿੰਦੇ ਹਨ। ਸਰੀਰ ਤੇ ਭਾਵਨਾਵਾਂ ਦੋਨੋਂ ਹੀ ਇਸ ਨਿਯਮ ਅਨੁਸਾਰ ਚਲਦੇ ਹਨ।

ਅਮਰੀਕਾ ਵਿਚ ਮੈਂ ਇਹੋ ਜਿਹੀ ਗੱਲ ਦੇਖੀ ਹੈ ਜਿਹੜੀ ਕਿਤੇ ਨਹੀਂ ਦੇਖੀ। ਇਥੇ ਮੁਰੰਮਤ ਨਾਂ ਦੀ ਕੋਈ ਚੀਜ਼ ਹੀ ਨਹੀਂ ਹਰ ਇਕ ਸਥਾਨੰਤਰ ਹੈ। ਜੇ ਪਤੀ ਪਤਨੀ ਦੀ ਲੜਾਈ ਹੋ ਜਾਂਦੀ ਹੈ, ਉਹ ਇਕ ਦੂਸਰੇ ਨਾਲ ਗੱਲ ਨਹੀਂ ਕਰਦੇ, ਇਕ ਦੂਜੇ ਨੂੰ, ਸਮਝਦੇ ਨਹੀਂ ਛੇਤੀ ਹੀ ਇਕ ਦੂਸਰੇ ਨੂੰ ਛੱਡਣ ਦੀ ਕਰਦੇ ਹਨ ਤੇ ਕਿਸੇ ਹੋਰ ਨਾਲ ਜੁੜ ਜਾਂਦੇ ਹਨ। ਇਕ ਦੂਸਰੇ ਨਾਲ ਸਮਝੌਤਾ ਨਹੀਂ ਕਰਦੇ। ਰੋਜ਼ਾਨਾ ਜੀਵਨ ਵਿਚ ਤੁਹਾਨੂੰ ਇਹ ਦੇਖਣ ਦੀ ਲੋੜ ਹੈ ਕਿ ਤੁਸੀਂ ਤ੍ਰਿਪਤ ਹੋ, ਸਬਰ ਸੰਤੋਖ ਹੈ ਤੁਹਾਨੂੰ, ਤੁਸੀਂ ਸਹਿਜ ਵਿਚ ਰਹੋ, ਸੰਤੋਖ ਰੱਖੋ, ਸ਼ਾਂਤੀ ਤਾਂ ਹੀ ਆ ਸਕਦੀ ਹੈ। ਜੀਵਨ ਵਿਚ ਸਮਝੌਤਾ ਕਰਨਾ ਸਿਖਣਾ ਹੀ ਪਵੇਗਾ, ਜੀਵਨ ਨੂੰ ਸੁਚੱਜਾ, ਸੋਹਣਾ ਬਣਾਉਣ ਲਈ ਸਮਝੌਤਾ ਜ਼ਰੂਰੀ ਹੈ, ਮਿਲ ਕੇ ਰਹਿਣਾ, ਦੂਸਰੇ ਬਾਰੇ ਜਾਨਣਾ, ਸੋਚਣਾ ਅਤਿ ਜ਼ਰੂਰੀ ਹੈ। ਜੇ ਤੁਸੀਂ ਦੂਸਰਿਆਂ ਨਾਲ ਸਮਝੋਤਾ ਕਰਨਾ ਸਿੱਖ ਜਾਓ, ਤੁਸੀਂ ਸਹਿਜ ਸੰਤੋਖ ਵਿਚ ਆ ਜਾਓਗੇ। ਬਿਨਾਂ ਸਮਝੇ, ਬਿਨਾਂ ਸਮਝੋਤਾ ਕੀਤੇ ਤੁਸੀਂ ਕਦੀ ਖੁਸ਼ੀ ਦਾ ਅਨੁਭਵ ਕਰ ਹੀ ਨਹੀਂ ਸਕਦੇ।

ਲੋੜ ਹੈ ਕਿ ਤੁਹਾਡਾ ਮਨ, ਤੁਹਾਡੀ ਸੋਚਣੀ, ਤੁਹਾਡੀ ਕਥਨੀ ਤੇ ਕਰਨੀ ਇਨ੍ਹਾਂ ਸਭ ਦਾ ਸਮਝੋਤਾ, ਕਰਨਾ ਇਨ੍ਹਾਂ ਸਭ ਨੂੰ ਸਮਝਣਾ ਤੇ ਸਮਝ ਕੇ ਚਲਣਾ, ਸੋਧ ਕੇ ਚਲਣਾ। ਬਹੁਤ ਵਾਰੀ ਤੁਹਾਡੀ ਸੋਚ ਪੂਰੀ ਤਰ੍ਹਾਂ ਬਣਦੀ ਨਹੀਂ, ਤੁਸੀਂ ਆਪਣੀ ਸੋਚ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰ ਸਕਦੇ, ਇਸ ਤਰ੍ਹਾਂ ਕਰਨ ਨਾਲ ਅੰਦਰ ਦਾ ਸੂਖਮ ਹਿੱਸਾ ਮਰਦਾ ਚਲਾ ਜਾਂਦਾ ਹੈ ਜਿਸ ਨਾਲ ਤੁਹਾਨੂੰ ਗਿਆਨ ਦੀ ਪ੍ਰਾਪਤੀ ਹੋਣੀ ਹੈ। ਜੇ ਇਸੇ ਤਰ੍ਹਾਂ ਸਮਾਂ ਬੀਤਦਾ ਜਾਏ ਫੇਰ ਇਕ ਦਿਨ ਇਸ ਤਰ੍ਹਾਂ ਦਾ ਆਉਂਦਾ ਹੈ ਕਿ ਤੁਹਾਡੇ ਅੰਦਰ ਨਖੇਦੀ ਦਾ ਭੰਡਾਰ ਬਣ ਜਾਂਦਾ ਹੈ, ਤੁਹਾਨੂੰ ਐਨੇ ਦੁਖ ਪਹੁੰਚ ਚੁੱਕੇ ਹੁੰਦੇ ਹਨ, ਤੁਸੀਂ ਆਪਣੇ ਆਪ ਨੂੰ ਸਤਾ ਲਿਆ ਹੁੰਦਾ ਹੈ, ਆਪਣੇ ਆਪ ਨੂੰ ਦੁਖੀ ਕਰਨਾ ਵੀ ਇਕ ਪਾਪ ਹੈ। ਸੰਸਾਰ ਵਿਚ ਸਭ ਤੋਂ ਵੱਡਾ ਪਾਪ ਹੈ, ਆਪਣੀ ਆਤਮਾ ਨੂੰ ਮਾਰਨਾ। ਜੇ ਤੁਸੀਂ ਆਤਮਾ ਨੂੰ ਨਾ ਮਾਰੋ ਤਾਂ ਤੁਸੀਂ ਕੋਈ ਗਲਤੀ ਨਹੀਂ ਕਰੋਗੇ। ਤੁਹਾਡੀ ਆਤਮਾ ਹੀ ਤੁਹਾਨੂੰ ਠੀਕ ਸੇਧ ਦੇਂਦੀ ਹੈ। ਜਿੰਨੀਆਂ ਵਧ ਗਲਤੀਆਂ ਤੁਸੀਂ ਕਰਦੇ ਹੋ, ਜਿੰਨਾਂ ਵਧ ਤੁਸੀਂ ਆਪਣੇ ਆਪ ਨੂੰ ਨਖੇਦਦੇ ਹੋ, ਆਪਣੇ ਆਪ ਨੂੰ ਕਸੂਰਵਾਰ ਠਹਿਰਾਉਂਦੇ ਹੋ, ਓਨਾਂ ਹੀ ਵੱਧ ਤੁਸੀਂ ਆਤਮਾ ਨੂੰ ਠੇਸ ਪਹੁੰਚਾਉਂਦੇ ਹੋ, ਆਤਮਾ ਨੂੰ ਦੁਖੀ ਕਰਦੇ ਹੋ। ਆਤਮਾ ਤੁਹਾਡੇ ਅੰਦਰ ਇਕ ਸ਼ੀਸ਼ੇ ਦੀ ਭਾਂਤੀ ਹੈ, ਆਤਮਾ ਤੁਹਾਡਾ ਮਨ ਨਹੀਂ, ਇਹ ਤੁਹਾਡੀ ਪ੍ਰੇਰਨਾ ਨਹੀਂ, ਇਹ ਤੁਹਾਡਾ ਸੰਵੇਗ ਨਹੀਂ। ਆਤਮਾ ਨੂੰ ਧੁੰਦਲਾ ਨਾ ਹੋਣ ਦਿਓ, ਉਸ ਉਤੇ ਮਿੱਟੀ ਨਾ ਪੈਣ ਦਿਓ, ਆਤਮਾ ਨੂੰ ਖੇਰੂੰ ਖੇਰੂੰ ਨਾ ਹੋਣ ਦਿਓ, ਆਤਮਾ ਨੂੰ ਦੁਖ ਨਾ ਦਿਓ, ਇਸ ਦੀ ਆਵਾਜ਼ ਸੁਣੋ, ਇਸ ਨੂੰ ਨਿਰੋਲ ਰੱਖੋ, ਆਤਮਾ ਤੁਹਾਡੀਆਂ ਸਮੱਸਿਆਂ ਸੁਲਝਾਣ ਵਿਚ ਸਹਾਇਕ ਹੋਵੇਗੀ, ਤੁਹਾਡੇ ਮਨ ਨੂੰ ਸੇਧ ਦੇਵੇਗੀ।

ਈਸਾਈ ਪਰੰਪਰਾ ਵਿਚ ਸੌਲ ਦੀ ਕਾਇਆ ਪਲਟੀ ਹੋਈ ਉਹ ਸੇਂਟ ਪੌਲ ਬਣ ਗਿਆ, ਜਿਵੇਂ ਸਾਡੇ ਬਾਲਮੀਕ ਬੰਦੇ ਮਾਰਨ ਵਾਲੇ ਤੋਂ ਬਦਲ ਕੇ ਬਾਲਮੀਕ ਰਿਸ਼ੀ ਬਣ ਗਿਆ। ਸੌਲ ਨੇ ਇਕ ਦਿਨ ਆਪਣੀ ਆਤਮਾ ਦੀ ਆਵਾਜ਼ ਸੁਣੀ, ਇਹ ਮਹਿਸੂਸ ਕੀਤਾ ਜਿਸ ਰਸਤੇ ਤੇ ਉਹ ਚਲ ਰਿਹਾ ਸੀ ਉਹ ਠੀਕ ਨਹੀਂ ਸੀ, ਫੇਰ ਉਹ ਸੰਤ ਬਣ ਗਿਆ। ਤੁਸੀਂ ਬਹੁਤ ਵਾਰੀ ਜਾਣਦੇ ਬੁਝਦੇ ਹੋਏ ਗਲਤ ਕੰਮ ਕਰਦੇ ਰਹਿੰਦੇ ਹੋ, ਤੁਹਾਨੂੰ ਬਹੁਤ ਵਾਰੀ ਪਤਾ ਹੁੰਦਾ ਹੈ, ਠੀਕ ਕੀ ਹੈ, ਫੇਰ ਵੀ ਤੁਸੀਂ ਉਹ ਨਹੀਂ ਕਰਦੇ, ਇਸ ਤਰ੍ਹਾਂ ਕਰਨਾ ਹੀ ਪਾਪ ਹੈ ਆਤਮਾ ਦੀ ਪੁਕਾਰ ਨੂੰ ਨਾ ਸੁਣਨਾ ਹੀ ਪਾਪ ਹੈ। ਜਦੋਂ ਤੁਸੀਂ ਜਾਣਦੇ ਹੋ ਕਿ ਇਕ ਗੱਲ ਠੀਕ ਹੈ ਫੇਰ ਵੀ ਤੁਸੀਂ ਉਸ ਤੋਂ ਵਿਪਰੀਤ ਚਲਦੇ ਹੋ, ਉਸ ਤੋਂ ਉਲਟ ਕੰਮ ਕਰਦੇ ਹੋ, ਇਹ ਤੁਹਾਨੂੰ ਕਮਜ਼ੋਰ

ਬਣਾਉਂਦੀ ਹੈ, ਇਸ ਤਰ੍ਹਾਂ ਕਰਨ ਨਾਲ ਤੁਸੀਂ ਕਮਜ਼ੋਰ ਬਣਦੇ ਹੋ। ਆਤਮਾ ਦੇ ਵਿਪਰੀਤ ਕੰਮ ਕਰਨ ਨਾਲ ਤੁਸੀਂ ਆਪਣੇ ਅੰਦਰ ਦੀ ਸ਼ਕਤੀ ਖਤਮ ਕਰ ਦਿੰਦੇ ਹੋ, ਤੁਹਾਡੀ ਦ੍ਰਿੜ੍ਹਤਾ, ਤੁਹਾਡਾ ਨਿਸ਼ਚਾ, ਤੁਹਾਡੀ ਇੱਛਾ ਸ਼ਕਤੀ ਖਤਮ ਹੋ ਜਾਂਦੀ ਹੈ। ਜੇ ਤੁਹਾਡੀ ਇਛਾ ਸ਼ਕਤੀ ਖਤਮ ਹੋ ਜਾਏ ਤੁਸੀਂ ਕਦੀ ਵੀ ਗਤੀਸ਼ੀਲ ਨਹੀਂ ਹੋ ਸਕਦੇ, ਤੁਹਾਡੀ ਗਤੀਸ਼ੀਲ ਸ਼ਕਤੀ ਖਤਮ ਹੋ ਜਾਂਦੀ ਹੈ। ਤੁਹਾਨੂੰ ਪਤਾ ਹੈ ਤੁਹਾਡੇ ਲਈ ਕੀ ਠੀਕ ਹੈ ਪਰ ਤੁਸੀਂ ਗਲਤ ਹੀ ਕਰੀ ਜਾਂਦੇ ਹੋ। ਇਸ ਤਰ੍ਹਾਂ ਕਰਨਾ ਪਾਪ ਹੈ, ਗੁਨਾਹ ਹੈ। ਇਸ ਗਲਤੀ ਦਾ ਕੋਈ ਸਮਾਧਾਨ ਨਹੀਂ, ਤੁਹਾਨੂੰ ਪਤਾ ਹੈ ਤੁਸੀਂ ਗਲਤ ਕਰ ਰਹੇ ਹੋ, ਫੇਰ ਜਦੋਂ ਤੁਸੀਂ ਗਲਤ ਕਰੀ ਜਾਂਦੇ ਹੋ ਇਹ ਤੁਹਾਡੀ ਗਲਤ ਆਦਤ ਦਾ, ਤੁਹਾਡੀ ਭੈੜੀ ਆਦਤ ਦਾ ਹੀ ਨਤੀਜਾ ਹੈ।

ਜੋ ਕੁਝ ਵੀ ਤੁਸੀਂ ਸਿਖਦੇ ਹੋ ਉਸ ਦਾ ਅਭਿਆਸ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਤੁਸੀਂ ਕੀ ਗਲਤ ਕਰ ਰਹੇ ਹੋ। ਦੂਸਰੀ ਗੱਲ ਹੈ ਕਿ ਦਿਮਾਗ ਵਿਚ ਨਵੇਂ ਚਿੰਨ ਬਨਾਉਣੇ ਤਾਂ ਜੋ ਤੁਹਾਡਾ ਦਿਮਾਗ ਬਾਰ-ਬਾਰ ਪੁਰਾਣੇ ਚਿੰਨਾਂ ਤੇ ਨਾ ਚਲਾ ਜਾਵੇ, ਤੁਹਾਨੂੰ ਇਸ ਗੱਲ ਤੇ ਪਹਿਰਾ ਦੇਣਾ ਪਵੇਗਾ ਕਿ ਤੁਸੀਂ ਆਪਣੇ ਆਪ ਨੂੰ ਨਵੇਂ ਚਿੰਨ੍ਹਾਂ ਤੇ ਨਵੇਂ ਰਸਤਿਆਂ ਤੇ ਪਾਓ, ਆਪਣੇ ਆਪ ਨਾਲ ਗੱਲਬਾਤ ਕਰੋ, ਆਪਣੇ ਆਪ ਨੂੰ ਸਲਾਹ ਦਿਓ, ਮਾਨਸਿਕ ਤੌਰ ਤੇ ਆਪਣੇ ਆਪ ਨਾਲ ਗੱਲਬਾਤ ਕਰੋ, ਆਪਣੇ ਆਪ ਨੂੰ ਪੁਛੋ ਕਿ ਤੁਸੀਂ ਇਹ ਕੰਮ ਕਿਉਂ ਕਰ ਰਹੇ ਹੋ, ਬਹੁਤ ਵਾਰੀ ਤੁਸੀਂ ਕਹੋਗੇ, ਮੈਂ ਇਹ ਕਰਨਾ ਨਹੀਂ ਚਾਹੁੰਦਾ ਪਰ ਕਿਉਂਕਿ ਮੈਂ ਇਹ ਕਰਦਾ ਰਿਹਾ ਹਾਂ, ਇਸ ਕਰਕੇ ਇਹ ਮੇਰੀ ਆਦਤ ਬਣ ਗਈ ਹੈ, ਇਸ ਤਰ੍ਹਾਂ ਤੁਸੀਂ ਸਮਝ ਜਾਓਗੇ ਕਿ ਆਦਤ ਕਿਵੇਂ ਬਣਦੀ ਹੈ। ਤੁਸੀਂ ਸਾਧਨਾ ਕਰਦੇ ਹੋ, ਭਜਨ ਪਾਠ ਕਰਦੇ ਹੋ, ਗੁਰੂਆਂ ਕੋਲ ਜਾਂਦੇ ਹੋ ਪਰ ਤੁਸੀਂ ਇਕ ਗੱਲ ਨੂੰ ਨਹੀਂ ਧਿਆਨ ਦਿਤਾ, ਤੁਹਾਨੂੰ ਅਭਿਆਸ ਨਾਲ ਕੁਝ ਜਾਨਣਾ ਪਵੇਗਾ, ਅਭਿਆਸ ਨਾਲ ਤੁਹਾਨੂੰ ਆਪਣੀਆਂ ਕਮਜ਼ੋਰੀਆਂ ਤੋਂ ਛੁਟਕਾਰਾ ਪਾਉਣਾ ਪਵੇਗਾ, ਉਹ ਕਮਜ਼ੋਰੀਆਂ ਜਿਹੜੀਆਂ ਬਚਪਨ ਤੋਂ ਤੁਹਾਡੇ ਨਾਲ ਆ ਰਹੀਆਂ ਹਨ ਤੇ ਤੁਹਾਡੇ ਜੀਵਨ ਦਾ ਹਿੱਸਾ ਬਣ ਚੁੱਕੀਆਂ ਹਨ ਤੇ ਉਨ੍ਹਾਂ ਤੋਂ ਛੁਟਕਾਰਾ ਪਾਉਣਾ ਔਖਾ ਹੈ।

ਆਪਾ ਚੀਨੋ ਆਪਣੇ ਉਤੇ ਮਿਹਨਤ ਕਰੋ, ਤੁਹਾਡੇ ਸਾਰੇ ਕੰਮ ਕਾਜ ਦਾ ਕਾਬੂ, ਉਸ ਦਾ ਸਾਰਾ ਕੰਟਰੋਲ ਤੁਹਾਡੀ ਸੋਚਣੀ ਵਿਚ ਹੈ, ਤੁਹਾਡੀ ਸਾਰੀ ਸੋਚ ਦਾ ਕੰਟਰੋਲ ਤੁਹਾਡੀ ਭਾਵਨਾ ਦੇ ਵਸ ਹੈ, ਭਾਵਨਾ ਤੇ ਸੰਵੇਗ ਦੇ ਮੁਕਾਬਲੇ ਸੋਚ ਬਹੁਤ ਘੱਟ ਸ਼ਕਤੀਸ਼ਾਲ ਹੈ ਪਰ ਜੇ ਤੁਸੀਂ ਆਪਣੀਆਂ ਭਾਵਨਾ ਨੂੰ ਸੰਵੇਗਾਂ ਨੂੰ ਸਿਰਜਨਾਤਮਕ ਤਰੀਕੇ ਨਾਲ ਸਕਾਰਤਮਕ ਤਰੀਕੇ ਨਾਲ ਵਰਤ ਸਕਦੇ ਹੋ, ਉਨ੍ਹਾਂ ਦਾ ਰਾਹ ਬਦਲ ਕੇ ਅਨੰਦ ਪ੍ਰਾਪਤੀ ਕਰ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਭਾਵਨਾਵਾਂ ਸੰਵੇਗ ਸਿਰਜਨਾਤਮਕ ਬਣ ਸਕਦੀਆਂ ਹਨ। ਇਹ ਭਾਵਨਾਵਾਂ ਦੀ ਸ਼ਕਤੀ ਸਿਰਜਨਾਤਮਕ ਬਣ ਕੇ ਤੁਹਾਨੂੰ ਆਪਣੇ ਆਪ ਨਾਲ ਜੋੜ ਕੇ ਇਕ ਕਰ ਸਕਦੀ ਹੈ ਤੇ ਇਸ ਤਰ੍ਹਾਂ ਖੁਸ਼ੀ ਪ੍ਰਾਪਤ ਕਰ ਸਕਦੇ ਹੋ।

ਸੰਸਾਰ ਵਿਚ ਬਹੁਤ ਵੱਡੀਆਂ ਹਸਤੀਆਂ ਹੋਈਆਂ ਹਨ ਜਿਵੇਂ ਚੇਤੰਨਯ ਮਹਾਂਪ੍ਰਭੂ, ਪ੍ਰਮ ਹੰਸ, ਰਾਮ ਕ੍ਰਿਸ਼ਨ, ਸੰਤ ਬਰਨਾਰਡ, ਮਾਂ ਟਰੀਸਾ ਇਹ ਸਾਰੇ ਉਚ ਕੋਟੀ ਦੇ ਸੰਤ ਹੋਏ ਹਨ। ਇਨ੍ਹਾਂ ਸਾਰਿਆਂ ਨੇ ਭਾਵਨਾਵਾਂ ਨਾਲ, ਸੰਵੇਗਾਂ ਨਾਲ ਭਗਤੀ ਕੀਤੀ ਹੈ ਭਾਵ ਪ੍ਰੇਮਾ ਭਗਤੀ ਕੀਤੀ ਹੈ, ਦਿਮਾਗ ਤੇ ਸੋਚ ਦੀ ਥਾਂ ਪ੍ਰੇਮ ਦੀ ਵਰਤੋਂ ਕੀਤੀ ਹੈ, ਇਸ ਨੂੰ ਅਸੀਂ ਪ੍ਰੇਮਾ ਭਗਤੀ ਕਹਿੰਦੇ ਹਾਂ, ਬਾਕੀ ਇਸ ਨੂੰ ਦਿਲ ਦਾ ਰਾਹ ਰਹਿੰਦੇ ਹਨ। ਮਨ ਦਾ ਰਾਹ, ਦਿਲ ਦੇ ਰਾਹ ਨਾਲੋਂ ਔਖਾ ਹੈ, ਇਹ ਖਤਰਨਾਕ ਵੀ ਹੈ, ਮਨ ਦਾ ਮਾਰਗ ਗਿਆਨ ਮਾਰਗ ਹੈ, ਗਿਆਨ ਦਾ ਮਾਰਗ ਤਲਵਾਰ ਦੀ ਧਾਰ ਤੇ ਚੱਲਣ ਬਰਾਬਰ ਹੈ। ਜੇ ਤੁਸੀਂ ਮਨ ਨਾਲ ਕੋਈ ਗਲਤੀ ਕਰਦੇ ਹੋ ਤਾਂ ਖਤਮ ਹੋ ਜਾਂਦੇ ਹੋ ਪਰ ਜਦੋਂ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਠੀਕ ਤਰ੍ਹਾਂ ਸਕਾਰਤਮਕ ਤਰੀਕੇ ਨਾਲ ਸੋਧ ਲੈਂਦੇ ਹੋ, ਤੁਸੀਂ ਅਨੰਦ ਦੀ ਪ੍ਰਾਪਤੀ ਕਰ ਸਕਦੇ ਹੋ।

ਹੁਣ ਅਸੀਂ ਇਛਾਵਾਂ ਨੂੰ ਦੇਖਦੇ ਹਾਂ। ਇਛਾਵਾਂ ਕਿਥੋਂ ਉਤਪੰਨ ਹੁੰਦੀਆਂ ਹਨ, ਕਿਥੋਂ ਜਨਮ ਲੈਂਦੀਆਂ ਹਨ? ਸਾਰੀਆਂ ਇਛਾਵਾਂ ਦਾ ਮੂਲ ਕਾਮ ਹੈ। ਕਾਮ ਹੀ ਸਾਰੀਆਂ ਇਛਾਵਾਂ ਦੀ ਮਾਂ ਹੈ, ਇਹ ਹੀ ਤੁਹਾਨੂੰ ਪ੍ਰੇਰਨਾ ਦਿੰਦੀ ਹੈ ਤੇ ਤੁਹਾਡੇ ਕੋਲੋਂ ਕੁਝ ਵੀ ਕਰਵਾ ਸਕਦੀ ਹੈ। ਕਾਮ ਨੂੰ ਅੰਨਾ ਕਿਹਾ ਗਿਆ ਹੈ, ਇਸ ਦਾ ਕੋਈ ਵਿਵੇਕ ਨਹੀਂ ਹੁੰਦਾ, ਕੋਈ ਨਿਰਣਾ ਨਹੀਂ ਹੁੰਦਾ, ਕੋਈ ਸਮਝ ਨਹੀਂ ਹੁੰਦੀ। ਇਸ ਇੱਛਾ ਦਾ ਇਕ ਹੀ ਮੰਤਵ ਹੁੰਦਾ ਹੈ, ਉਹ ਹੈ ਇਸ ਦੀ ਪੂਰਤੀ, ਪੂਰਤੀ ਕਿਉਂਕਿ ਇਹ ਇੱਛਾ ਹੈ ਇਸ ਦੀ ਪੂਰਤੀ ਹੋਣੀ ਚਾਹੀਦੀ ਹੈ।

ਜਿਵੇਂ ਕਿ ਅਸੀਂ ਪਿਛੇ ਦਸ ਆਏ ਹਾਂ ਕਿ ਜਦੋਂ ਕਾਮ ਦੀ ਪੂਰਤੀ ਨਹੀਂ ਹੁੰਦੀ, ਗੁੱਸਾ ਆਉਂਦਾ ਹੈ, ਤੁਸੀਂ ਦੁਖੀ ਹੁੰਦੇ ਹੋ, ਤੁਹਾਨੂੰ ਗੁੱਸਾ ਆਉਂਦਾ ਹੈ, ਜਦੋਂ ਗੁੱਸਾ ਆਉਂਦਾ ਹੈ ਫੇਰ ਤੁਸੀਂ ਬਿਲਕੁਲ ਆਪਣੀ ਹੋਸ਼ ਵਿਚ ਨਹੀਂ ਹੁੰਦੇ, ਗੁੱਸੇ ਨੂੰ ਇਕ ਤਰ੍ਹਾਂ ਦਾ ਪਾਗਲਪਨ ਹੀ ਕਿਹਾ ਗਿਆ ਹੈ। ਜੇ ਤੁਸੀਂ ਆਪਣਾ ਮੁਕਾਬਲਾ ਕੁੱਤੇ ਨਾਲ ਕਰੋ, ਤੁਸੀਂ ਦੇਖੋਗੇ ਕੁੱਤੇ ਨੂੰ ਕਦੀ ਵੀ ਉਸ ਤਰ੍ਹਾਂ ਗੁੱਸਾ ਨਹੀਂ ਆਉਂਦਾ ਜਿਵੇਂ ਤੁਹਾਨੂੰ। ਜਦੋਂ ਤੁਹਾਨੂੰ ਗੁੱਸਾ ਆਉਂਦਾ ਹੈ, ਤੁਸੀਂ ਆਪਣੇ ਬੱਚਿਆਂ ਨੂੰ ਮਾਰਦੇ ਹੋ, ਦੁਖੀ ਕਰਦੇ ਹੋ, ਪਤਨੀ

ਨੂੰ ਦੁਖੀ ਕਰਦੇ ਹੋ, ਜਿਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ।

ਪਰ ਜੇ ਕਾਮ ਪੂਰਤੀ ਹੋ ਜਾਵੇ, ਤੁਸੀਂ ਬੜੇ ਹੰਕਾਰ ਵਿਚ ਆ ਜਾਂਦੇ ਹੋ, ਇਸ ਦੀ ਪੂਰਤੀ ਤੁਹਾਡਾ ਹੰਕਾਰ ਵਧਾਉਂਦਾ ਹੈ, ਤੁਹਾਡਾ ਮਨ ਕਹਿੰਦਾ ਹੈ, ਮੈਂ ਆਪਣੀ ਇੱਛਾ ਪੂਰੀ ਕਰ ਲਈ ਹੈ। ਇਸ ਗੱਲ ਦਾ ਤੁਹਾਨੂੰ ਨਸ਼ਾ ਆਉਂਦਾ ਹੈ ਤੇ ਜਦੋਂ ਤੁਸੀਂ ਨਸ਼ੇ ਵਿਚ ਹੁੰਦੇ ਹੋ, ਤੁਸੀਂ ਠੀਕ ਸੋਚ ਹੀ ਨਹੀਂ ਸਕਦੇ, ਨਾ ਹੀ ਤੁਹਾਡਾ ਦੂਸਰਿਆਂ ਨਾਲ ਵਿਹਾਰ ਠੀਕ ਹੁੰਦਾ ਹੈ।

ਜਦੋਂ ਤੁਹਾਡੀ ਇੱਛਾ ਪੂਰਤੀ ਹੋ ਜਾਂਦੀ ਹੈ, ਤੁਸੀਂ ਆਪਣਾ ਮੁਕਾਬਲਾ ਦੂਸਰਿਆਂ ਨਾਲ ਕਰਦੇ ਹੋ ਤੇ ਸੋਚਦੇ ਹੋ, ਮੇਰੇ ਕੋਲ ਇਹ ਚੀਜ਼ ਹੈ, ਤੁਹਾਡੇ ਕੋਲ ਨਹੀਂ ਹੈ, ਮੇਰੇ ਕੋਲ ਹੈ, ਮੈਨੂੰ ਇਸ ਦਾ ਮਾਣ ਹੈ, ਫਖਰ ਹੈ, ਇਹ ਮੇਰੀ ਹੈ ਕਿਉਂਕਿ ਇਹ ਮੇਰੇ ਕੋਲ ਹੈ, ਇਹ ਤੁਹਾਡੀ ਨਹੀਂ, ਮੇਰੀ ਹੈ। ਇਸ ਨੂੰ ਲੋਭ ਕਹਿੰਦੇ ਹਨ। ਲੋਭ ਤੁਹਾਨੂੰ ਜਤਾਉਂਦਾ ਹੈ ਇਹ ਮੇਰੀ ਹੈ ਮੈਂ ਤੁਹਾਡੇ ਨਾਲ ਇਸ ਨੂੰ ਵੰਡਣਾ ਨਹੀਂ ਚਾਹੁੰਦਾ। ਮੇਰੇ ਘਰ ਦੇ ਬਾਰਾਂ ਕਮਰੇ ਹਨ, ਮੇਰਾ ਇਕ ਬੱਚਾ ਹੈ, ਬਾਕੀ ਕਮਰੇ ਖਾਲੀ ਪਏ ਰਹਿੰਦੇ ਹਨ ਪਰ ਮੈਂ ਤੁਹਾਨੂੰ ਨਹੀਂ ਦੇ ਸਕਦਾ ਕਿਉਂਕਿ ਇਹ ਮੇਰਾ ਘਰ ਹੈ। ਇਹ ਲੋਭ ਹੈ। ਇਹ ਹੀ ਭਾਵਨਾ ਲੋਭ ਦੀ ਭਾਵਨਾ ਤੁਹਾਨੂੰ ਦੂਸਰਿਆਂ ਕੋਲੋਂ ਦੂਰ ਲੈ ਜਾਂਦੀ ਹੈ।

ਅੱਗੇ ਚਲ ਕੇ ਕੀ ਹੁੰਦਾ ਹੈ, ਤੁਸੀਂ ਆਪਣੇ ਘਰ ਨੂੰ ਦੂਸਰਿਆਂ ਦੇ ਘਰ ਨਾਲ ਮਿਲਾਣ ਲਗ ਜਾਂਦੇ ਹੋ, ਫੇਰ ਤੁਸੀਂ ਈਰਖਾ ਵਿਚ ਆ ਜਾਂਦੇ ਹੋ। ਤੁਸੀਂ ਸੋਚਦੇ ਹੋ ਕੀ ਕਿਸੇ ਹੋਰ ਦਾ ਘਰ ਮੇਰੇ ਘਰ ਨਾਲੋਂ ਚੰਗਾ ਹੈ? ਨਹੀਂ ਨਹੀਂ, ਮੇਰਾ ਘਰ ਤਾਂ ਸਭ ਤੋਂ ਚੰਗਾ ਹੈ, ਫੇਰ ਤੁਸੀਂ ਆਪਣਾ ਮੁਕਾਬਲਾ ਦੂਸਰਿਆਂ ਨਾਲ ਕਰਨ ਲਗ ਪੈਂਦੇ ਹੋ, ਫੇਰ ਤੁਸੀਂ ਹੰਕਾਰ ਵਿਚ ਆ ਜਾਂਦੇ ਹੋ, ਫੂਲੇ ਨਹੀਂ ਸਮਾਉਂਦੇ, ਆਪਣੀ ਹਉਮੈ ਨੂੰ ਪੱਠੇ ਪਾਉਂਦੇ ਰਹਿੰਦੇ ਹੋ। ਦੂਸਰੇ ਪਾਸੇ ਹੈ ਜੇ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡਾ ਘਰ ਚੰਗਾ ਨਹੀਂ, ਤੁਸੀਂ ਨੀਵੇਂ ਮਹਿਸੂਸ ਕਰਦੇ ਹੋ, ਤੁਸੀਂ ਹੀਣ ਭਾਵਨਾ ਵਿਚ ਆ ਜਾਂਦੇ ਹੋ, ਅਪੂਰਨ ਮਹਿਸੂਸ ਕਰਦੇ ਹੋ, ਉਦਾਸ ਹੋ ਜਾਂਦੇ ਹੋ। ਇਸ ਤਰ੍ਹਾਂ ਨਾਲ ਸਾਰੀ ਨਕਾਰਤਮਕ ਸੋਚ ਦੀ ਜੜ੍ਹ ਨਕਾਰਾਤਮਕ ਭਾਵਨਾ ਦੀ ਜੜ੍ਹ, ਇੱਛਾ ਹੈ।

ਤੁਸੀਂ ਹੋਰ ਹੈਰਾਨ ਹੋਣ ਲਗ ਪੈਂਦੇ ਹੋ, ਸੋਚਦੇ ਹੋ ਕਿ ਇਛਾਵਾਂ ਤੋਂ ਉਪਰ ਕਿਵੇਂ ਉਠਿਆ ਜਾਵੇ। ਇਹ ਸੋਚੋ ਕਿ ਤੁਸੀਂ ਕੀ ਕਰ ਰਹੇ ਹੋ ਜੋ ਤੁਸੀਂ ਕਰਦੇ ਹੋ, ਜੋ ਤੁਹਾਡੀ ਕਿਰਿਆ ਹੈ ਉਹ ਇੱਛਾ ਪੂਰਤੀ ਹੀ ਤਾਂ ਹੈ, ਇਕ ਤੋਂ ਬਾਅਦ ਇਕ ਜੋ ਕੁਝ ਵੀ ਤੁਸੀਂ ਕਰਦੇ ਹੋ, ਉਹ ਇੱਛਾ ਪੂਰਤੀ ਲਈ ਹੀ ਹੈ। ਇਕੋ ਹੀ ਕਿਰਿਆ ਤੁਸੀਂ ਰੋਜ਼ ਰੋਜ਼ ਕਰੀ ਜਾਂਦੇ ਹੋ, ਆਪਣੀ ਇੱਛਾ ਪੂਰਤੀ ਕਰਦੇ ਹੋ, ਰੋਜ਼ ਰੋਜ਼ ਇਕੋ ਕਿਰਿਆ ਕਰਨ ਦੇ ਬਾੱਦ ਵੀ ਤੁਹਾਡੀ ਇੱਛਾ ਪੂਰਤੀ ਨਹੀਂ ਹੁੰਦੀ।

ਇਹ ਇਕ ਤਰੀਕਾ ਹੈ, ਇਕ ਪ੍ਰਕਿਰਿਆ ਹੈ, ਤੁਸੀਂ ਇੱਛਾ ਪੂਰਤੀ ਕਰਨਾ ਚਾਹੁੰਦੇ ਹੋ, ਤੁਹਾਡੀ ਇੱਛਾ ਹੈ ਉਹ ਇੱਛਾ ਤੁਹਾਨੂੰ ਪ੍ਰੇਰਨਾ ਦਿੰਦੀ ਹੈ, ਤੁਸੀਂ ਉਸ ਦੀ ਪੂਰਤੀ ਲਈ ਕੰਮ ਕਰਦੇ ਹੋ, ਇਛਾਵਾਂ ਦਾ ਇਹ ਚੱਕਰ ਤੁਹਾਨੂੰ ਕਮਲਾ ਕਰ ਦਿੰਦਾ ਹੈ, ਤੁਸੀਂ ਭਾਵਨਾਵਾਂ ਦੀ ਇਕ ਸਮੱਸਿਆ ਆਪ ਖੜ੍ਹੀ ਕਰ ਲੈਂਦੇ ਹੋ। ਤੁਸੀਂ ਇਛਾਵਾਂ ਦੀ ਪੂਰਤੀ ਕਰਨਾ ਚਾਹੁੰਦੇ ਹੋ ਪਰ ਬੜੀ ਛੇਤੀ ਹੀ ਤੁਸੀਂ ਮਹਿਸੂਸ ਕਰਦੇ ਹੋ, ਤੁਹਾਡੀਆਂ ਇਛਾਵਾਂ ਤਾਂ ਪੂਰਨ ਹੁੰਦੀਆਂ ਹੀ ਨਹੀਂ, ਤੁਸੀਂ ਦੂਸਰੀ ਇੱਛਾ ਦੇ ਪਿਛੇ ਲਗ ਜਾਂਦੇ ਹੋ, ਇਸ ਤਰ੍ਹਾਂ ਕਰਦਿਆਂ ਕਰਦਿਆਂ ਤੁਸੀਂ ਆਪਣੇ ਅਚੇਤ ਮਨ ਦਾ ਇਕ ਗੁਦਾਮ ਬਣਾ ਲੈਂਦੇ ਹੋ, ਸਭ ਕੁਝ ਉਸ ਵਿਚ ਸੁੱਟੀ ਜਾਂਦੇ ਹੋ, ਇਸ ਤਰ੍ਹਾਂ ਨਾਲ ਤੁਸੀਂ ਅਚੇਤ ਹੀ ਆਪਣੀਆਂ ਇਛਾਵਾਂ ਨਾਲ ਪ੍ਰਯੋਗ ਕਰ ਰਹੇ ਹੋ ਪਰ ਇਸ ਤਰ੍ਹਾਂ ਦੇ ਪ੍ਰਯੋਗ ਤਾਂ ਸੰਤਾਂ ਨੇ ਬਹੁਤ ਸਮੇਂ ਪਹਿਲਾਂ ਤੋਂ ਕੀਤੇ ਹੋਏ ਹਨ। ਤੁਹਾਨੂੰ ਸੰਤਾਂ ਦੀ ਸਲਾਹ ਮਨ ਲੈਣੀ ਚਾਹੀਦੀ ਹੈ, ਵੱਡੇ ਵੱਡੇ ਮਹਾਂਪੁਰਖਾਂ ਨੇ ਇਹ ਹੀ ਸਿਖਾਇਆ ਹੈ। ਸੰਤਾਂ ਨੇ ਤਾਂ ਇਹ ਹੀ ਸਿਖਿਆ ਦਿਤੀ ਹੈ ਕਿ ਤੁਸੀਂ ਕਦੀ ਵੀ ਇਛਾਵਾਂ ਦੇ ਪਿਛੇ ਲਗ ਕੇ ਕੋਈ ਵੀ ਪ੍ਰਾਪਤੀ ਨਹੀਂ ਕਰ ਸਕਦੇ। ਤਰੱਕੀ ਕਰਨ ਲਈ, ਅੱਗੇ ਵਧਣ ਲਈ ਤੁਹਾਨੂੰ ਇਹ ਸਮਝ ਲੈਣਾ ਚਾਹੀਦਾ ਹੈ, ਲਕਸ਼ ਪ੍ਰਾਪਤੀ ਕਦੀ ਵੀ ਆਪਣੇ ਆਪ ਵਿਚ ਕਦੀ ਵੀ ਖੁਸ਼ੀ ਨਹੀਂ ਦੇ ਸਕਦੀ। ਵਾਸਤਵ ਵਿਚ ਗੱਲ ਤਾਂ ਇਹ ਹੈ ਅਸੀਂ ਇੱਛਾ ਰਹਿਤ ਸਥਿਤੀ ਕਿਵੇਂ ਪ੍ਰਾਪਤ ਕਰੀਏ।

ਇਹ ਕੋਈ ਸੌਖਾ ਕੰਮ ਨਹੀਂ ਹੈ, ਪਰ ਇਹ ਅਸੰਭਵ ਵੀ ਨਹੀਂ ਕਿ ਇੱਛਾ ਰਹਿਤ ਸਥਿਤੀ ਪ੍ਰਾਪਤ ਕੀਤੀ ਜਾਵੇ। ਇਹ ਵੀ ਸੰਭਵ ਹੈ ਕਿ ਤੁਹਾਡੀਆਂ ਇਛਾਵਾਂ ਵੀ ਹੋਣ ਤੇ ਤੁਸੀਂ ਖੁਸ਼ ਵੀ ਰਹਿ ਸਕੋ, ਉਸ ਲਈ ਤੁਹਾਨੂੰ ਆਪਣੀਆਂ ਇਛਾਵਾਂ ਨੂੰ ਸਮਝ ਕੇ ਉਨ੍ਹਾਂ ਨਾਲ ਸਮਝੌਤਾ ਕਰਨਾ ਪਵੇਗਾ ਜਦੋਂ ਕਿ ਹਾਲ ਦੀ ਘੜੀ ਤੁਸੀਂ ਆਪਣੇ ਕਰਮ ਕਰਕੇ ਕਿਰਿਆ ਕਰਕੇ ਇਛਾਵਾਂ ਦੀ ਪੂਰਤੀ ਕਰਦੇ ਹੋ। ਵਾਸਤਵ ਵਿਚ ਤੁਹਾਡੀ ਕਿਰਿਆ ਤੁਹਾਨੂੰ ਖੁਸ਼ੀ ਤੋਂ ਵੰਚਿਤ ਨਹੀਂ ਕਰਦੀ। ਕਰਮ ਕਰਨੇ, ਕੰਮ ਕਰਨਾ ਤਾਂ ਤੁਹਾਡਾ ਸੁਭਾਅ ਹੈ, ਕਾਰਜ ਕੀਤੇ ਬਿਨਾਂ ਤਾਂ ਤੁਸੀਂ ਕਰ ਨਹੀਂ ਨਹੀਂ ਸਕਦੇ। ਤੁਸੀਂ ਤਾਂ ਜਾਲ ਵਿਚ ਫਸੇ ਪਏ ਹੋ, ਮਨੁੱਖ ਕਰਮ ਕੀਤੇ ਬਿਨਾਂ ਕਾਰਜ ਕੀਤੇ ਬਿਨਾਂ ਰਹਿ ਹੀ ਨਹੀਂ ਸਕਦੇ। ਪਰ ਜਦੋਂ ਤੁਸੀਂ ਕਰਮ ਕਰਦੇ ਹੋ, ਕਾਰਜ ਕਰਦੇ ਹੋ ਤਾਂ ਉਨ੍ਹਾਂ ਦਾ ਫਲ ਵੀ ਮਿਲਦਾ ਹੈ, ਕਰਮ ਕਰਨੇ, ਫਲ ਦੀ ਪ੍ਰਾਪਤੀ ਕਰਨੀ ਇਹ ਇਕ ਚੱਕਰ ਬਣ ਜੰਦਾ ਹੈ, ਕਰਮ ਕਰੋ, ਫਲ ਦੀ ਪ੍ਰਾਪਤੀ ਕਰੋ, ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੋਰ ਕਰਮ ਕਰੋ, ਇਕ ਚੱਕਰ ਬਣ ਜਾਂਦਾ ਹੈ।

ਮਿਸਾਲ ਵਜੋਂ ਇਕ ਦੰਪਤੀ ਘਰ ਬਣਾਉਂਦਾ ਹੈ, ਕਈ ਲੱਖ ਰੁਪਏ ਉਸ ਉਤੇ ਲਗਦੇ ਹਨ, ਦੋਨੋਂ ਹੀ ਬੜੇ ਖੁਸ਼ ਹਨ ਘਰ ਬਹੁਤ ਹੀ ਸੁੰਦਰ ਹੈ, ਸੋਹਣਾ ਹੈ, ਗੁਆਢੀ ਵੀ ਜਾਣਦੇ ਹਨ ਕਿ ਘਰ ਬਹੁਤ ਸੋਹਣਾ ਹੈ ਪਰ ਅੰਦਰ ਕੁਝ ਹੈ ਹੀ ਨਹੀਂ, ਅੰਦਰ ਨੂੰ ਸਜਾਉਣ ਲਈ ਉਨ੍ਹਾਂ ਕੋਲ ਪੈਸੇ ਹੀ ਨਹੀਂ, ਅੰਦਰ ਸਜਾਉਣ ਦਾ ਬਜਟ ਉਨ੍ਹਾਂ ਨੇ ਬਣਾਇਆ ਹੀ ਨਹੀਂ ਸੀ। ਦਰੀਆਂ ਗਲੀਚੇ ਹੋਰ ਘਰ ਦਾ ਫਰਨੀਚਰ ਇਸ ਦਾ ਉਨ੍ਹਾਂ ਨੇ ਬਜਟ ਹੀ ਨਹੀਂ ਸੀ ਰੱਖਿਆ। ਹੁਣ ਉਹ ਇਹ ਚੀਜ਼ਾਂ ਲੈਣੀਆਂ ਚਾਹੁੰਦੇ ਹਨ। ਇਹ ਉਨ੍ਹਾਂ ਦੀਆਂ ਇਛਾਵਾਂ ਹਨ, ਇਕ ਤੋਂ ਬਾਅਦ ਦੂਸਰੀ, ਦੂਸਰੀ ਤੋਂ ਬਾਅਦ ਤੀਸਰੀ। ਇਕ ਸੋਫਾ ਫੇਰ ਹੋਰ, ਇਕ ਟੀ. ਵੀ. ਫੇਰ ਦੂਸਰਾ ਬੱਚਿਆਂ ਦੇ ਕਮਰੇ ਲਈ, ਬੱਚਿਆਂ ਲਈ ਖਿਡੌਣੇ, ਅੱਗੇ ਤੋਂ ਅੱਗੇ ਚੱਲੀ ਜਾਂਦਾ ਹੈ, ਤੁਸੀਂ ਇਸ ਚੱਕਰ ਵਿਚ ਫਸ ਗਏ ਹੋ ਤੇ ਹੁਣ ਤੁਸੀਂ ਇਸ ਵਿਚੋਂ ਨਿਕਲ ਨਹੀਂ ਸਕਦੇ।

ਇਛਾਵਾਂ ਹਨ, ਹੋਣੀਆਂ ਵੀ ਚਾਹੀਦੀਆਂ ਹਨ, ਇਛਾਵਾਂ ਤੋਂ ਬਿਨਾਂ ਤੁਸੀਂ ਜੀਅ ਵੀ ਨਹੀਂ ਸਕਦੇ। ਪਰ ਸਿੱਖਣ ਦੀ ਗੱਲ ਇਹ ਹੈ ਕਿ ਤੁਸੀਂ ਇਛਾਵਾਂ ਦੇ ਗੁਲਾਮ ਨਾ ਬਣੋ, ਇਛਾਵਾਂ ਹਨ ਇਨ੍ਹਾਂ ਤੋਂ ਉਪਰ ਉਠੋ, ਇਨ੍ਹਾਂ ਨੂੰ ਸੋਧੋ ਇਨ੍ਹਾਂ ਨੂੰ ਆਪਣੇ ਕਾਬੂ ਵਿਚ ਰੱਖੋ, ਕਾਬੂ ਰਖਣਾ ਤੁਹਾਡੇ ਆਪਣੇ ਵਸ ਹੈ ਇਸ ਮਾਰਗ ਨੂੰ ਕਰਮ ਦਾ ਮਾਰਗ ਕਿਹਾ ਗਿਆ ਹੈ। ਤੁਸੀਂ ਕਰਮ ਮਾਰਗ ਤੇ ਚਲ ਸਕਦੇ ਹੋ, ਜੇ ਤੁਸੀਂ ਆਪਣਾ ਮਨ ਠੀਕ ਰੱਖੋ, ਕਰਮ ਕੀਤੇ ਬਿਨਾਂ ਇਸ ਸੰਸਾਰ ਵਿਚ ਕੋਈ ਰਹਿ ਹੀ ਨਹੀਂ ਸਕਦਾ।

ਤੁਹਾਡਾ ਪੁਰਖਾਂ ਨੇ ਪੂਰਵਜਾਂ ਨੇ ਸੰਤਾਂ ਸਾਧੂਆਂ ਨੇ ਇਕ ਗੱਲ ਕਹੀ ਹੈ ਕਿ ਆਪਣੇ ਕਰਮ ਨੂੰ ਹੀ ਡਿਊਟੀ ਬਣਾ ਲਓ। ਕਰਮ ਡਿਊਟੀ ਉਦੋਂ ਬਣਦਾ ਹੈ ਜਦੋਂ ਤੁਸੀਂ ਕਰਮ ਦੂਸਰਿਆਂ ਲਈ ਕਰਦੇ ਹੋ, ਆਪਣੀ ਪਤਨੀ ਲਈ ਕਰਦੇ ਹੋ, ਬੱਚਿਆਂ ਲਈ ਕਰਦੇ ਹੋ, ਗੁਆਂਢੀਆਂ ਲਈ ਕਰਦੇ ਹੋ, ਮਾਨਵਤਾ ਲਈ ਕਰਦੇ ਹੋ। ਕੰਮ ਕਰਨਾ, ਕਰਮ ਕਰਨਾ ਤੁਹਾਡੀ ਡਿਊਟੀ ਉਦੋਂ ਬਣਦੀ ਹੈ, ਜਦੋਂ ਤੁਸੀਂ ਉਨ੍ਹਾਂ ਨੂੰ ਕਰਨ ਦੀ ਜ਼ਿੰਮੇਵਾਰੀ ਲੈ ਲੈਂਦੇ ਹੋ।

ਜਦੋਂ ਤੁਸੀਂ ਕਹਿੰਦੇ ਹੋ ਇਹ ਮੇਰੀ ਪਤਨੀ ਹੈ, ਮੈਨੂੰ ਇਸ ਲਈ ਕੁਝ ਕਰਨਾ ਚਾਹੀਦਾ ਹੈ, ਜਦੋਂ ਤੁਸੀਂ ਇਹ ਸੋਚ ਰੱਖ ਕੇ ਕੋਈ ਕਰਮ ਕਰਦੇ ਹੋ, ਉਹ ਤੁਹਾਡੀ ਡੀਊਟੀ ਬਣ ਜਾਂਦੀ ਹੈ। ਪਰ ਬਹੁਤ ਵਾਰੀ ਹਉਮੈ ਤੁਹਾਨੂੰ ਇਹ ਸੋਚ ਪਾ ਦਿੰਦੀ ਹੈ ਕਿ ਤੁਸੀਂ ਤਾਂ ਗੁਲਾਮ ਹੋ ਗਏ। ਮੈਂ ਕਈ ਸੁਆਣੀਆਂ ਨਾਲ ਗੱਲਬਾਤ ਕੀਤੀ ਹੈ ਜਿਹੜੀਆਂ ਆਪਣੇ ਆਪ ਨੂੰ ਬੋਝ ਥੱਲੇ ਦਬਿਆ ਮਹਿਸੂਸ ਕਰਦੀਆਂ ਹਨ, ਆਪਣੀਆਂ ਡੀਊਟੀਆਂ ਉਨ੍ਹਾਂ ਲਈ ਭਾਰ ਬਣ ਗਈਆਂ ਹਨ। ਜਦੋਂ ਮੈਂ ਉਨ੍ਹਾਂ ਨੂੰ ਕਿਹਾ, ਬੈਠੋ ਚਾਹ ਪੀਓ, ਥੋੜ੍ਹਾ ਆਰਾਮ ਕਰ ਲਵੋ, ਉਨ੍ਹਾਂ ਨੇ ਅੱਗੋਂ ਨਾਂਹ ਕੀਤੀ ਤੇ ਕਿਹਾ, ਮੈਂ ਤਾਂ ਘਰ ਜਾਣਾ, ਮੈਂ ਸ਼ਾਦੀ ਸ਼ੁਦਾ ਹਾਂ, ਬੱਚਿਆਂ ਨੇ ਸਕੂਲੋਂ ਆਉਣਾ ਹੈ, ਮੈਨੂੰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਘਰ ਹੋਣਾ ਚਾਹੀਦਾ ਹੈ।

ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਸਾਰਾ ਦਿਨ ਉਹ ਡੀਊਟੀ ਦੇ ਬੋਝ ਥੱਲੇ ਹਨ। ਜਦੋਂ ਤੁਸੀਂ ਇਹ ਮਹਿਸੂਸ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਗੁਲਾਮ ਮਹਿਸੂਸ ਕਰਦੇ ਹੋ। ਤੁਸੀਂ ਕਰਮ ਕੀਤੇ ਬਿਨਾਂ ਰਹਿ ਵੀ ਨਹੀਂ ਸਕਦੇ ਫੇਰ ਤੁਸੀਂ ਗੁਲਾਮ ਵੀ ਮਹਿਸੂਸ ਕਰਦੇ ਹੋ। ਇਸ ਵਿਚ ਕਈ ਗੱਲਾਂ ਯਾਦ ਰੱਖਣਯੋਗ ਹਨ। ਪਹਿਲੀ ਤੁਸੀਂ ਕਰਮ ਕੀਤੇ ਬਿਨਾਂ ਨਹੀਂ ਰਹਿ ਸਕਦੇ, ਦੂਸਰਾ ਕਰਮ ਦਾ ਫਲ ਮਿਲਣਾ ਹੀ ਮਿਲਣਾ ਹੈ ਤੇ ਤੀਸਰਾ ਤੁਸੀਂ ਡੀਊਟੀ ਵੀ ਕਰਨੀ ਹੀ ਕਰਨੀ ਹੈ, ਡੀਊਟੀ ਕੀਤੇ ਬਿਨਾਂ ਕੋਈ ਜੀਵਨ ਹੀ ਨਹੀਂ। ਚੌਥਾ ਜੇ ਡੀਊਟੀ ਪ੍ਰਤੀ ਤੁਹਾਡੀ ਰੁਚੀ ਗਲਤ ਹੈ, ਰਵੱਈਆ ਗਲਤ ਹੈ ਉਹ ਹੀ ਤੁਹਾਨੂੰ ਗੁਲਾਮ ਬਣਾ ਦੇਂਦੀ ਹੈ, ਫੇਰ ਤੁਸੀਂ ਸੁਤੰਤਰ ਕਿਵੇਂ ਹੋ ਸਕਦੇ ਹੋ?

ਇਕ ਕਲਾ ਇਹੋ ਜਿਹੀ ਹੈ ਜਿਹੜੀ ਸਿੱਖ ਕੇ ਤੁਸੀਂ ਸੁਤੰਤਰ ਹੋ ਸਕਦੇ ਹੋ, ਤੁਸੀਂ ਜੋ ਕਰੋ ਜੋ ਬਣਾਓ ਉਹ ਪ੍ਰੇਮ ਦੀ ਇੱਛਾ ਰੱਖ ਕੇ ਬਣਾਓ, ਕਰੋ। ਤੁਸੀਂ ਜੋ ਵੀ ਕਰਦੇ ਹੋ ਕਿਸੇ ਉਦੇਸ਼ ਨੂੰ ਸਾਮ੍ਹਣੇ ਰੱਖ ਕੇ ਕਰਦੇ ਹੋ। ਤੁਸੀਂ ਕਹਿੰਦੇ ਹੋ, ਕਿੰਨਾ ਚੰਗਾ ਹੁੰਦਾ ਮੇਰਾ ਪਤੀ ਮੈਨੂੰ ਪਿਆਰ ਕਰਦਾ। ਉਹ ਆਪਣਾ ਪਿਆਰ ਕਦੀ ਦਰਸਾਉਂਦਾ ਹੀ ਨਹੀਂ। ਬਹੁਤ ਵਾਰੀ ਵਾਰੀ ਲੋਕਾਂ ਦੇ ਤਲਾਕ ਹੋ ਜਾਂਦੇ ਹਨ ਕਿਉਂਕਿ ਉਹ ਇਕ ਦੂਸਰੇ ਪ੍ਰਤੀ ਪਿਆਰ ਹੀ ਨਹੀਂ ਦਰਸਾ ਸਕਦੇ। ਕਈ ਵਾਰੀ ਦੋਨੋਂ ਹੀ ਬਹੁਤ ਸਿਆਣੇ ਸਮਝਦਾਰ ਇਕ ਦੂਸਰੇ ਨੂੰ ਸਮਝਣ ਵਾਲੇ ਹੁੰਦੇ ਹਨ। ਇਸ ਤਰ੍ਹਾਂ ਕਿਉਂ ਹੈ ਇਕ ਦੰਪਤੀ ਚੰਗੀ ਤਰ੍ਹਾਂ ਪਿਆਰ ਨਾਲ ਰਹਿੰਦੇ ਹਨ, ਦੂਸਰਾ ਨਹੀਂ ਭਾਵੇਂ ਆਪਣੇ ਆਪ ਵਿਚ ਸਾਰੇ ਹੀ ਬਹੁਤ ਚੰਗੇ ਹਨ।

ਤੁਹਾਡੇ ਵਿਚੋਂ ਕੋਈ ਵੀ ਠੀਕ ਤਰ੍ਹਾਂ ਨਾਲ ਪਿਆਰ ਜਤਾਣਾ ਜਾਂ ਦਿਖਾਣਾ ਨਹੀਂ ਜਾਣਦਾ, ਤੁਸੀਂ ਸਾਰੀ ਉਮਰ ਪਿਆਰ ਦਾ ਦਿਖਾਵਾ ਕਰਦੇ ਹੋ, ਸੰਸਾਰ ਦਾ ਹਰ ਪਰਾਣੀ ਪ੍ਰੇਮ ਲੋਚਦਾ ਹੈ, ਪ੍ਰੇਮ ਤੋਂ ਭਾਵ ਹੈ ਧਿਆਨ ਦੇਣਾ। ਮੈਡੀਟੇਸ਼ਨ ਵੀ ਧਿਆਨ ਹੈ, ਧਿਆਨ ਲਗਾਏ ਬਿਨਾਂ ਤੁਸੀਂ ਮੈਡੀਟੇਸ਼ਨ ਨਹੀਂ ਕਰ ਸਕਦੇ, ਮੈਡੀਟੇਸ਼ਨ ਸ਼ਬਦ ਦਾ ਸ੍ਰੋਤ ਉਹ ਹੀ ਹੈ ਜਿਹੜਾ ਮੈਡੀਕਲ ਦਾ ਹੈ, ਭਾਵ ਇਕ ਡਾਕਟਰ ਨੂੰ ਆਪਣੇ ਮਰੀਜ਼ ਨੂੰ ਇਸ ਤਰ੍ਹਾਂ ਹੀ ਦੇਖਣਾ ਚਾਹੀਦਾ ਹੈ, ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ, ਮਰੀਜ਼ ਨੂੰ ਪੂਰੇ ਪ੍ਰੇਮ ਨਾਲ, ਨਿਸੁਆਰਥ ਹੋ ਕੇ, ਗੰਭੀਰ ਹੋ ਕੇ ਦੇਖਣਾ ਚਾਹੀਦਾ ਹੈ।

(ਬਾਕੀ ਪੰਨਾ 62 ਤੇ)

# ਸਿਹਤ ਵਿਗਿਆਨ

***ਕੈਪਟਨ ਸਮਸ਼ੇਰ ਸਿੰਘ***

## ਹਲਦੀ

ਹਲਦੀ ਤੋਂ ਸਭ ਲੋਕ ਚੰਗੀ ਤਰ੍ਹਾਂ ਵਾਕਿਫ ਹਨ, ਇਸ ਦਾ ਅੰਗਰੇਜ਼ੀ ਨਾਮ Turmeric ਹੈ। ਇਹ ਇਕ ਬਹੁਤ ਹੀ ਉਪਯੋਗੀ ਪੌਦਾ ਹੈ। ਅਸੀਂ ਇਸ ਨੂੰ ਘਰਾਂ ਵਿਚ ਦਾਲਾਂ, ਸਬਜ਼ੀਆਂ, ਚਟਣੀਆਂ ਤੇ ਅਚਾਰਾਂ ਵਿਚ ਵਰਤਦੇ ਹਾਂ। ਇਸ ਤੋਂ ਬਿਨਾਂ ਖਾਣ ਵਾਲੇ ਪਦਾਰਥ ਨਾ ਤਾਂ ਦੇਖਣ ਨੂੰ ਸੋਹਣੇ ਲਗਦੇ ਹਨ ਤੇ ਨਾ ਹੀ ਖਾਣ ਨੂੰ। ਮੁਕਦੀ ਗੱਲ ਕਿ ਹਲਦੀ ਖਾਣ ਵਾਲੇ ਪਦਾਰਥਾਂ ਵਿਚ ਵਰਤੇ ਜਾਂਦੇ ਮਸਾਲਿਆਂ ਦਾ ਇਕ ਮੁੱਖ ਅੰਗ ਹੈ। ਹਲਦੀ ਦੀ ਖੇਤੀ ਭਾਰਤ ਦੇ ਸਾਰੇ ਪ੍ਰਦੇਸਾਂ ਵਿਚ ਕੀਤੀ ਜਾਂਦੀ ਹੈ ਪਰ ਤਾਮਿਲਨਾਡੂ ਬੰਗਾਲ ਆਦਿ ਸਮੁੰਦਰ ਨਾਲ ਲਗਦੇ ਪ੍ਰਦੇਸਾਂ ਵਿਚ ਤਾਂ ਇਹ ਇਕ ਖਾਸ ਹੀ ਕੈਸ਼ ਕ੍ਰੋਪ ਹੈ। ਅਦਰਕ, ਅਰਬੀਨਾਗ ਵਾਂਗ ਇਸ ਦਾ ਫਲ ਜੜ੍ਹਾਂ ਵਿਚ ਹੀ ਲਗਦਾ ਹੈ ਤੇ ਇਨ੍ਹਾਂ ਨਾਲ ਇਸ ਦੀ ਸ਼ਕਲ ਭੀ ਮਿਲਦੀ ਜੁਲਦੀ ਹੈ ਪਰ ਇਸ ਦੇ ਫਲ ਅੰਦਰੋਂ ਗਾੜ੍ਹੇ ਪੀਲੇ ਰੰਗ ਦੇ ਹੁੰਦੇ ਹਨ। ਹਲਦੀ ਦੀਆਂ ਦੋ ਕਿਸਮਾਂ ਹਨ। ਇਕ ਗੋਲ ਤੇ ਗੱਠਦਾਰ ਤੇ ਦੂਜੀ ਲੰਬੀ ਗਠੀਆਂ ਵਾਲੀ। ਦੂਜੀ ਕਿਸਮ ਦੀ ਹਲਦੀ ਹੀ ਉਤਮ ਮੰਨੀ ਜਾਂਦੀ ਹੈ। ਇਸ ਦਾ ਤੇਲ ਜਿਹੜਾ ਫਲ ਦਾ 4% ਹੁੰਦਾ ਹੈ, ਹਲਦੀ ਤੇ ਸਰਸੋਂ ਮਿਲਾ ਕੇ ਕੱਢਿਆ ਜਾਂਦਾ ਹੈ। ਇਹ ਉੜਨਸ਼ੀਲ ਹੁੰਦਾ ਹੈ। ਇਹ ਸਫੇਦ ਦਾਗਾਂ ਤੇ ਵਰਤਿਆ ਜਾਂਦਾ ਹੈ। ਹਲਦੀ ਵਿਚ 8% ਅਸਲ ਤੱਤ ਵੀ ਹੁੰਦੇ ਹਨ। ਕੱਚੀ ਹਲਦੀ ਨੂੰ ਸੁਕਾ ਕੇ ਗਠੀਆਂ ਪੀਸ ਕੇ ਪਾਊਡਰ ਦੀ ਸ਼ਕਲ ਵਿਚ ਵਰਤਿਆ ਜਾਂਦਾ ਹੈ ਜਿਹੜਾ ਗਾੜ੍ਹੇ ਪੀਲੇ ਰੰਗ ਦਾ ਹੁੰਦਾ ਹੈ ਤੇ ਇਸ ਨੂੰ ਹੀ ਆਮ ਲੋਕ ਹਲਦੀ ਕਰਕੇ ਜਾਣਦੇ ਹਨ। ਇਸ ਦਾ ਪਾਊਡਰ ਬੰਦ ਡੱਬਿਆਂ, ਬੋਤਲਾਂ ਵਿਚ ਸੀਲ ਕਰਕੇ ਰੱਖਣ ਨਾਲ ਇਕ ਸਾਲ ਤੱਕ ਰਹਿ ਜਾਂਦਾ ਹੈ। ਹਲਦੀ ਮਸਾਲੇ ਦਾ ਹੀ ਭਾਗ ਨਹੀਂ ਸਗੋਂ ਇਹ ਦਵਾਈ ਦੇ ਤੌਰ ਤੇ ਭੀ ਇਕ ਵਧੀਆ ਪਦਾਰਥ ਹੈ। ਬਹੁਤ ਸਾਰੇ ਰੋਗਾਂ ਵਿਚ ਇਹ ਆਮ ਹੀ ਵਰਤੀ ਜਾਂਦੀ ਹੈ।

ਪਹਿਲੇ ਜ਼ਮਾਨੇ ਵਿਚ ਜਦੋਂ ਕਿਸੇ ਨੂੰ ਅੰਦਰਲੀ ਚੋਟ ਲਗ ਜਾਂਦੀ ਸੀ ਤਾਂ ਫਟਾ ਫਟ ਗਰਮ ਦੁੱਧ ਵਿਚ ਹਲਦੀ ਪਾ ਕੇ ਪਿਲਾਉਂਦੇ ਹੁੰਦੇ ਸੀ ਕਿਉਂਕਿ ਇਹ ਅੰਦਰ ਦੇ ਜ਼ਖਮਾਂ ਲਈ ਬਹੁਤ ਹੀ ਉਤਮ ਦਵਾ ਹੈ। ਕੁਝ ਕੁ ਘਰੇਲੂ ਪ੍ਰਯੋਗ ਹੇਠ ਦਿਤੇ ਗਏ ਹਨ, ਜਿਨ੍ਹਾਂ ਨੂੰ ਅਸੀਂ ਆਸਾਨੀ ਨਾਲ ਘਰਾਂ ਵਿਚ ਮੌਜੂਦ ਹਲਦੀ ਤੋਂ ਫਾਇਦਾ ਲੈ ਸਕਦੇ ਹਾਂ।

**ਬੁਖਾਰ** – ਹਰ ਤਰ੍ਹਾਂ ਦੇ ਬੁਖਾਰ ਵਿਚ ਹਲਦੀ ਦਾ ਪਾਊਡਰ ਅਤੇ ਅਦਰਕ ਜਾਂ ਸੁੰਢ ਦਾ ਪਾਊਡਰ ਤੇ ਕਾਲੀ ਮਿਰਚ ਦਾ ਪਾਊਡਰ ਸਾਰੇ ਹੀ ਇਕ-ਇਕ ਚਮਚ ਅੱਧਾ ਕਿਲੋ ਪਾਣੀ ਵਿਚ ਚੰਗੀ ਤਰ੍ਹਾਂ ਉਬਾਲ ਕੇ ਕਾੜ੍ਹਾ ਬਣਾਓ। ਇਹ ਕਾੜ੍ਹਾ ਦਿਨ ਵਿਚ ਦੋ ਤਿੰਨ ਵਾਰ ਲੈਣ ਨਾਲ ਬੁਖਾਰ ਉਤਰ ਜਾਂਦਾ ਹੈ।

**ਸਫੈਦ ਦਾਗ** – ਸਪਿਰਟ ਅੱਧਾ ਲਿਟਰ ਵਿਚ ਹਲਦੀ 200 ਗ੍ਰਾਮ ਮਿਲਾ ਕੇ ਕੱਚ ਦੇ ਬਰਤਨ ਵਿਚ ਪਾ ਕੇ ਚਾਰ ਦਿਨ ਧੁੱਪ ਵਿਚ ਰੱਖੋ ਤੇ ਬਾਅਦ ਵਿਚ ਦਾਗਾਂ ਤੇ ਇਸ ਨੂੰ ਦਿਨ ਵਿਚ ਦੋ ਵਾਰ ਮਲੋ। ਦਾਗ ਠੀਕ ਹੋ ਜਾਂਦੇ ਹਨ।

2. ਹਲਦੀ, ਗੇਰੂ, ਠੰਡੀ ਚੀਨੀ ਤੇ ਬਾਵਚੀ ਇਨ੍ਹਾਂ ਨੂੰ ਮਿਲਾ ਕੇ ਪੀਸ ਕੇ ਚੂਰਨ ਬਣਾਓ। ਰੋਜ਼ ਸ਼ਾਮ ਨੂੰ ਇਸ ਦੇ ਦੋ ਬੜੇ ਚਮਚ 150 ਮਿਲੀਲਿਟਰ ਪਾਣੀ ਵਿਚ ਭਿਓਂ ਕੇ ਰੱਖੋ, ਕੱਚ ਦੇ ਬਰਤਨ ਵਿਚ। ਸਵੇਰੇ ਕੱਪੜ ਛਾਣ ਕਰੋ ਤੇ ਇਸ ਜਲ ਵਿਚ ਦੋ ਚਮਚ ਸ਼ਹਿਦ ਦੇ ਪਾ ਕੇ ਪੀਓ, ਛਾਣ ਵਿਚ ਨਿਕਲਿਆ ਹੋਇਆ ਪਦਾਰਥ ਇਸ ਦਾ ਦਾਗਾਂ ਤੇ ਲੇਪ ਕਰੋ। 15 ਦਿਨ ਪ੍ਰਯੋਗ ਨਾਲ ਦਾਗ ਠੀਕ ਹੋਣੇ ਸ਼ੁਰੂ ਹੋ ਜਾਣਗੇ।

**ਖਾਰਸ਼ ਤੇ ਖੁਜਲੀ** – ਹਲਦੀ ਨੂੰ ਸਰ੍ਹੋਂ ਦੇ ਤੇਲ ਵਿਚ ਮਿਲਾ ਕੇ ਖਾਰਸ਼ ਵਾਲੀ ਜਗ੍ਹਾਂ ਜਾਂ ਸਰੀਰ ਤੇ ਮਲੋ ਤੇ ਹਲਦੀ ਨੂੰ ਸ਼ਹਿਦ ਵਿਚ ਮਿਲਾ ਕੇ ਛੋਟੀਆਂ ਛੋਟੀਆਂ ਗੋਲੀਆਂ ਬਣਾਓ। ਦੋ ਦੋ ਗੋਲੀ ਸਵੇਰੇ ਸ਼ਾਮ ਖਾਣ ਨਾਲ ਤੇ ਦਵਾ ਮਲਣ ਨਾਲ ਖਾਰਸ਼ ਖੁਜਲੀ ਤੋਂ ਛੁਟਕਾਰਾ ਹੋ ਜਾਂਦਾ ਹਾਂ।

**ਸ਼ਾਹੀਆਂ** – ਚਿਹਰੇ ਤੇ ਛਾਈਆਂ ਭੈੜੀਆਂ ਲਗਦੀਆਂ ਹਨ। ਇਨ੍ਹਾਂ ਨੂੰ ਮਿਟਾਉਣ ਲਈ ਹਲਦੀ 20 ਗ੍ਰਾਮ ਵਿਚ ਪਿੱਪਲ ਤੇ ਬਰਗਦ ਦੇ ਰੁੱਖ ਦਾ ਦੁਖ ਮਿਲਾ ਕੇ ਉਬਟਣ ਤਿਆਰ ਕਰੋ। ਇਸ ਦਾ ਲੇਪ ਰੋਜ਼ ਸਵੇਰੇ ਇਸ਼ਨਾਨ ਤੋਂ ਇਕ ਘੰਟਾ ਪਹਿਲੇ ਕਰੋ ਤੇ ਫੇਰ ਨਹਾ ਲਵੋ ਕੁਝ ਦਿਨ ਇਸ ਤਰ੍ਹਾਂ ਕਰਨ ਨਾਲ ਸ਼ਾਹੀਆਂ ਮਿਟ ਜਾਂਦੀਆਂ ਹਨ।

ਮਿਹਦੇ ਮਸਾਨੇ, ਪੇਸ਼ਾਬ, ਗੁਰਦਿਆਂ ਦੀ ਗਰਮੀ ਦੀ ਹਾਲਤ ਵਿਚ ਹਲਦੀ ਤੇ ਮਿਸ਼ਰੀ ਮਿਲਾ ਕੇ ਚੌਲਾਂ ਦੀ ਪਿੱਛ ਵਿਚ ਪਾ ਕੇ ਰੋਜ਼ ਦੋ ਵਾਰ ਲੈਣ ਨਾਲ ਕੁਝ ਦਿਨਾਂ ਵਿਚ ਹੀ ਸਾਰੀ ਗਰਮੀ ਖਤਮ ਹੋ ਜਾਂਦੀ ਹੈ ਤੇ ਗਲੇ ਦੇ ਟੌਂਸਲ

(Tonsal) ਦੀ ਸੋਜਿਸ਼ ਭੀ ਠੀਕ ਹੋ ਜਾਂਦੀ ਹੈ। ਗਲੇ ਦੀ ਸੋਜਿਸ਼ ਵਿਚ ਹਲਦੀ ਬਹੁਤ ਚੰਗਾ ਅਸਰ ਕਰਦੀ ਹੈ। ਹਲਦੀ ਤੇ ਨਿੰਮ ਦੇ ਪੱਤਿਆਂ ਦਾ ਪੇਸਟ ਬਣਾ ਕੇ ਗਲੇ ਤੇ ਲੇਪ ਕਰੋ ਤੇ ਇਕ ਘੰਟੇ ਪਿਛੋਂ ਧੋ ਦੇਵੋ। ਗਲੇ ਦੀ ਸੋਜਿਸ਼ ਚਲੀ ਜਾਂਦੀ ਹੈ। ਇਕ ਹੋਰ ਖਾਸ ਨੁਸਖਾ ਇਹ ਭੀ ਹੈ ਕਿ ਕੱਚੀ ਹਲਦੀ ਦਾ ਰਸ ਤੇ ਸ਼ਹਿਦ ਅੱਧਾ-ਅੱਧਾ ਚਮਚ ਇਕ ਗਿਲਾਸ ਫਲਾਂ ਦੇ ਜੂਸ ਵਿਚ ਪਾ ਕੇ ਪੀਂਦੇ ਰਹਿਣ ਨਾਲ ਅੰਦਰੂਨੀ ਗਰਮੀ ਤੋਂ ਬਿਲਕੁਲ ਰਾਹਤ ਮਿਲਦੀ ਹੈ।

ਮੂੰਹ ਦੇ ਛਾਲੇ - ਇਕ ਚਮਚ ਹਲਦੀ ਪਾਣੀ ਵਿਚ ਉਬਾਲੋ ਤੇ ਠੰਢਾ ਕਰਕੇ ਸਵੇਰੇ ਸ਼ਾਮ ਗਰਾਰੇ ਕਰੋ। ਇਸ ਨਾਲ ਮੂੰਹ ਦੇ ਛਾਲਿਆਂ ਅਤੇ ਗਲੇ ਦੇ ਰੋਗਾਂ ਤੋਂ ਆਰਾਮ ਮਿਲਦਾ ਹੈ।

ਜੇਕਰ ਜ਼ਖਮਾਂ ਵਿਚ ਕੀੜੇ ਪੈ ਗਏ ਹਨ ਤਾਂ ਹਲਦੀ ਪਾਊਡਰ ਜ਼ਖਮਾਂ ਤੇ ਭਰਨ ਨਾਲ ਕੀੜੇ ਮਰ ਜਾਂਦੇ ਹਨ।

ਖੂਨੀ ਦਸਤ ਤੇ ਮਰੋੜਾ ਵਿਚ ਦਹੀਂ ਦੀ ਲੱਸੀ ਲੈ ਕੇ ਹਲਦੀ ਤੇ ਲਾਹੌਰੀ ਨਮਕ ਪਾ ਕੇ ਪੀਓ। ਇਸ ਨਾਲ ਖੂਨੀ ਦਸਤ ਮਰੋੜ ਭੀ ਠੀਕ ਹੁੰਦੇ ਹਨ ਤੇ ਪੇਟ ਵਿਚ ਗੈਸ ਭੀ ਬਣਨ ਤੋਂ ਹਟਦੀ ਹੈ।

ਹੱਥਾਂ ਤੇ ਪੈਰਾਂ ਖਾਸ ਕਰਕੇ ਪੈਰਾਂ ਦੀਆਂ ਉਂਗਲੀਆਂ ਵਿਚਾਲੇ ਜ਼ਖਮ ਹੋ ਜਾਂਦੇ ਹਨ ਤੇ ਮਾਸ ਗਲਣਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਉਂਗਲੀਆਂ ਵਿਚਾਲੇ ਹਲਦੀ ਦਾ ਪਾਊਡਰ ਲਾਉਂਦੇ ਰਹਿਣ ਨਾਲ ਜ਼ਖਮ ਠੀਕ ਹੋ ਜਾਂਦੇ ਹਨ।

ਜਿਹੜੇ ਸ਼ਕਰ ਦੇ ਮਰੀਜ਼ ਇਨਸੂਲਿਨ ਤੇ ਨਹੀਂ ਹਨ ਉਹ ਆਂਵਲੇ ਤੇ ਹਲਦੀ ਦਾ ਪਾਊਡਰ ਬਰਾਬਰ ਬਰਾਬਰ ਮਿਲਾ ਕੇ ਲੈਣ, ਇਸ ਨਾਲ ਸ਼ਕਰ ਰੋਗ ਤੋਂ ਫਾਇਦਾ ਹੁੰਦਾ ਹੈ।

## ਅੱਜ ਦੀ ਖੋਜ

Nationnal Institude of Nutrition, Hyderabad (ਐਨ. ਆਈ. ਐਨ. ਹੈਦਰਾਬਾਦ) ਖਾਣ ਵਾਲੇ ਪਦਾਰਥਾਂ ਤੇ ਬਹੁਤ ਹੀ ਸ਼ਲਾਘਾਯੋਗ ਖੋਜ ਕੀਤੀ ਹੈ। ਉਨ੍ਹਾਂ ਦੇ ਤਜਰਬੇ ਤੋਂ ਨਿਸ਼ਕਰਸ਼ ਨਿਕਲਿਆ ਹੈ ਕਿ ਹਲਦੀ ਵਿਚ ਕੈਂਸਰ ਰੋਕਣ ਤੇ ਤੱਤ ਮੌਜੂਦ ਹਨ ਤੇ ਸ਼ਕਰ ਰੋਗੀਆਂ ਲਈ ਇਹ ਚੰਗੀ ਦਵਾ ਹੈ। ਇਸ ਵਿਚ ਸੋਜਿਸ਼ ਤੇ ਸੈਪਟਿਕ ਰੋਕਣ ਦੀ ਵੀ ਅਪਾਰ ਸ਼ਕਤੀ ਹੈ।

(ਪੰਨਾ 60 ਦੀ ਬਾਕੀ)

ਇਸ ਤਰ੍ਹਾਂ ਨਾਲ ਤੁਸੀਂ ਪ੍ਰੇਮ ਦਾ ਨਾਟਕ ਕਰਦੇ ਹੋ, ਤੁਸੀਂ ਕਹਿੰਦੇ ਹੋ, ਜੇ ਮੈਨੂੰ ਪਿਆਰ ਮਿਲੇ, ਮੈਂ ਤਾਂ ਕਿਸੇ ਹਾਲ ਵਿਚ ਵੀ ਰਹਿ ਸਕਦੀ ਹਾਂ, ਸੜਕ ਤੇ ਵੀ ਪਰ ਜੇ ਪਿਆਰ ਨਹੀਂ ਤਾਂ ਮੈਂ ਮਹਿਲ ਵਿਚ ਵੀ ਨਹੀਂ ਰਹਿ ਸਕਦੀ। ਉਹ ਕਿਸ ਤਰ੍ਹਾਂ ਦਾ ਪਿਆਰ ਹੈ ਜਿਸ ਨੂੰ ਤੁਸੀਂ ਲੋਚਦੇ ਹੋ? ਉਸ ਦੀ ਪ੍ਰਾਪਤੀ ਤੁਹਾਨੂੰ ਕਿਵੇਂ ਹੋ ਸਕਦੀ ਹੈ? ਜੇ ਮੈਂ ਤੁਹਾਨੂੰ ਪੁਛਾਂ ਤੁਹਾਨੂੰ ਕਿਸ ਚੀਜ਼ ਦੀ ਖੋਜ ਹੈ, ਤੁਸੀਂ ਮੈਨੂੰ ਦੱਸ ਹੀ ਨਹੀਂ ਸਕੋਗੇ, ਤੁਸੀਂ ਇਹ ਹੀ ਨਹੀਂ ਦਸ ਸਕੋਗੇ, ਪਿਆਰ ਕੀ ਹੈ? ਜਦੋਂ ਵੀ ਤੁਸੀਂ ਪਿਆਰ ਦੀ ਵਿਆਖਿਆ ਕਰਨਾ ਚਾਹੁੰਦੇ ਹੋ, ਪਰ ਤੁਸੀਂ ਦਸਦੇ ਰਹਿੰਦੇ ਹੋ ਕ੍ਰਿਆ, ਕਿਉਂਕਿ ਤੁਸੀਂ ਦੱਸ ਹੀ ਨਹੀਂ ਸਕਦੇ ਕਿ ਪਿਆਰ ਕੀ ਹੈ? ਬਹੁਤ ਵਾਰੀ ਤੁਸੀਂ ਪਿਆਰ ਦਾ ਪ੍ਰਗਟਾਵਾ ਆਪਣੀਆਂ ਭਾਵਨਾਵਾਂ ਰਾਹੀਂ ਕਰਦੇ ਹੋ, ਬੋਲ ਕੇ ਨਹੀਂ ਕਰਦੇ, ਕ੍ਰਿਆ ਰਾਹੀਂ ਨਹੀਂ ਕਰਦੇ।

ਜਦੋਂ ਤੁਸੀਂ ਪ੍ਰੇਮ ਵਿਚ ਹੁੰਦੇ ਹੋ, ਤੁਹਾਡੀ ਭਾਸ਼ਾ ਵਖਰੀ ਹੁੰਦੀ ਹੈ, ਤੁਸੀਂ ਇਹੋ ਜਿਹੇ ਹਾਵ ਭਾਵ ਦਰਸਾਉਂਦੇ ਹੋ ਜਿਹੜੇ ਦੂਸਰੇ ਹਾਲਾਤ ਵਿਚ ਠੀਕ ਨਹੀਂ ਹੁੰਦੇ ਪਰ ਪ੍ਰੇਮ ਭਾਵ ਵਿਚ ਉਹ ਠੀਕ ਹਨ। ਤੁਸੀਂ ਕੋਈ ਮਖੌਲ ਕਰਦੇ ਹੋ, ਠੱਠਾ ਕਰਦੇ ਹੋ, ਕਿਸੇ ਨੂੰ ਚਿੜ੍ਹਾਉਂਦੇ ਹੋ, ਇਹ ਸਾਰੇ ਹਾਵ ਭਾਵ ਉਹ ਮਨਜ਼ੂਰ ਕਰਦਾ ਹੈ ਜਿਸ ਨੂੰ ਤੁਸੀਂ ਪਿਆਰ ਕਰਦੇ ਹੋ, ਦੂਸਰਾ ਉਸ ਨੂੰ ਪ੍ਰਵਾਨ ਨਹੀਂ ਕਰੇਗਾ। ਗੁੱਸਾ ਕਰ ਲਵੇਗਾ। ਸੰਸਾਰ ਦੀ ਸਭ ਤੋਂ ਪੁਰਾਤਨ ਭਾਸ਼ਾ ਪ੍ਰੇਮ ਦੀ ਭਾਸ਼ਾ ਹੀ ਹੈ। ਇਸ ਭਾਸ਼ਾ ਵਿਚ ਕੋਈ ਝੂਠ ਨਹੀਂ ਹੈ, ਕੋਈ ਗਲਤ ਭਾਵ ਨਹੀਂ ਹੈ, ਨਾ ਹੀ ਮੋੜ ਤੋੜ ਕੇ ਕੋਈ ਭਾਵ ਦਿਤਾ ਗਿਆ ਹੈ। ਇਹ ਸਭ ਕੁਝ ਆਮ ਭਾਸ਼ਾ ਵਿਚ ਵੀ ਹੋ ਸਕਦਾ ਹੈ ਜਿਹੜੀ ਅਸੀਂ ਸਿਸ਼ਟਾਚਾਰ ਲਈ, ਨਿਮਰਤਾ ਲਈ ਵਰਤਦੇ ਹਾਂ। ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਖੋਖਲੇ ਪੈ ਜਾਂਦੇ ਹਨ ਜਿਨ੍ਹਾਂ ਵਿਚ ਨਾ ਕੋਈ ਭਾਵਨਾ ਨਾ ਹੀ ਕੋਈ ਪ੍ਰੇਮ ਹੁੰਦਾ ਹੈ।

ਜਿਵੇਂ ਕਿ ਅਸੀਂ ਉਪਰ ਦਸ ਆਏ ਹਾਂ ਕਿ ਜਦੋਂ ਤੁਸੀਂ ਕਰਮ ਕਰਦੇ ਆਪਣੇ ਕੰਮ ਕਾਜਾਂ ਨੂੰ ਡੀਊਟੀ ਦਾ ਰੂਪ ਦੇ ਦਿੰਦੇ ਹੋ, ਤੁਹਾਡੇ ਕਰਮ ਤੁਹਾਨੂੰ ਆਪਣਾ ਗੁਲਾਮ ਬਣਾ ਲੈਂਦੇ ਹਨ। ਜਦੋਂ ਤਕ ਤੁਸੀਂ ਆਪਣੇ ਕਰਮ ਪਿਆਰ ਨਾਲ ਨਹੀਂ ਕਰਦੇ ਉਦੋਂ ਤਕ ਤੁਸੀਂ ਉਨ੍ਹਾਂ ਦੇ ਗੁਲਾਮ ਹੀ ਬਣੇ ਰਹੋਗੇ। ਸਿੱਖਣ ਵਾਲੀ ਗੱਲ ਤਾਂ ਇਹ ਹੈ ਕਿ ਤੁਸੀਂ ਆਪਣੀ ਡੀਊਟੀ ਨੂੰ ਪਿਆਰ ਨਾਲ ਸਿੰਜੋ, ਇਕ ਪ੍ਰੇਮ ਹੀ ਇਕ ਇਹੋ ਜਿਹਾ ਭਾਵ ਹੈ ਜਿਹੜਾ ਤੁਹਾਨੂੰ ਆਪਣੀਆਂ ਡੀਊਟੀਆਂ ਦਾ ਗੁਲਾਮ ਹੋਣ ਤੋਂ ਬਚਾ ਸਕਦਾ ਹੈ।

## ਜ਼ਰੂਰੀ ਸੂਚਨਾ

ਮਹਾਂਪੁਰਸ਼ਾਂ ਦੀ ਅਭੁੱਲ ਯਾਦ ਅਤੇ ਦੂਜੀ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2003 ਦਿਨ ਵੀਰਵਾਰ, ਸ਼ੁਕਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਨੂੰ ਚੇਅਰਪਰਸਨ ਸਤਿਕਾਰਤ ਬੀਜੀ (ਬੀਬੀ ਰਣਜੀਤ ਕੌਰ ਜੀ) ਦੀ ਸਰਪ੍ਰਸਤੀ ਹੇਠ ਹੋ ਰਹੇ ਹਨ ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਪ੍ਰੇਮੀ ਮਹਾਂਪੁਰਸ਼ਾਂ ਦੇ ਪਿਆਰ ਵਿਚ ਹਾਜ਼ਰੀਆਂ ਭਰਨਗੇ। ਪੰਜਾਬ ਅਤੇ ਹੋਰ ਪ੍ਰਦੇਸਾਂ ਤੋਂ ਅਧਿਆਤਮਵਾਦੀ ਸੰਤ ਮਹਾਂਪੁਰਸ਼, ਸਾਧੂ ਜਨ, ਕੀਰਤਨੀ ਅਤੇ ਢਾਡੀ ਜੱਥੇ ਅਤੇ ਵਿਦਵਾਨ ਪੁਰਸ਼ ਗੁਰਬਾਣੀ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੇਮੀ ਜਨ ਸਮੇਂ ਸਿਰ ਪੁੱਜਣ ਦੀਆਂ ਤਿਆਰੀਆਂ ਕਰ ਲੈਣ ਜੀ।

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name...........................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address.........................................................

..........................................................

..........................................................

PINCODE.......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ...................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 30, 2, 9, 16, 23 ਨਵੰਬਰ।

**ਸੰਗਰਾਂਦ** – 16 ਨਵੰਬਰ, ਦਿਨ ਐਤਵਾਰ।

**ਪੂਰਨਮਾਸ਼ੀ** – 8 ਨਵੰਬਰ, ਦਿਨ ਸ਼ਨੀਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/ 2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

ਪ੍ਰਿੰਟਰ ਪਬਲਿਸ਼ਰ ਤੇ ਐਡੀਟਰ ਭਾਈ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

## For more information

**please visit us on internet at -**

http://www.atammarg.org

&

http://www.atammarg.com

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ –**

**01888-255002**

**01888-255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** – 01888-255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ** – 01888-255005, 255006. 255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** – 98142-80259